
INTERNATIONAL MAGAZINE
RNI No. 61816/95
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ।

ਸਾਲ ਸੋਲਵਾਂ, ਮਹੀਨਾ ਅਪ੍ਰੈਲ 2011

ਫਾਉਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	(For outstation cheques)

Postal Address for 'ATAM MARG' Enquiry, Money Order, Cheque and drafts in India :
ATAM MARG MAG. VISHAV G. R. M. CHARITABLE TRUST, Ratwara sahib,
P.o. Mullanpur Garibdas, Distt. Mohali - 140901

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque and drafts from foreign to :
VISHAV GURMAT ROOHANI MISSION CHARITABLE TRUST
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No.115320023

ਆਤਮ ਮਾਰਗ ਮੈਗਜ਼ੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA- (M) 94172-14391, 9417214379, 0160-2255002, Fax - 0160-2255009

U.S.A. - Baba Satnam Singh ji Atwal
Phone and Fax : 408-263-1844

Bhai Kuldeep Singh Sher Gill
Phone : 408-230-8319

Bhai Parmjit Singh Sandhu - Cell: 07788389135

Canada - Bhai Sarmukh Singh Pannu
Phone - 604-433-0408

England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, **Raj Mobile** : 07968734058

For more information please visit us on internet at:-

Email : atammarg1@yahoo.co.in

http:# www.ratwarasahib.org, http # www.ratwarasahibmedia.org

ਤਤਕਰਾ

ਸੰਪਰਕ ਨੰ. ਰਤਵਾੜਾ ਸਾਹਿਬ

ਆਤਮ ਮਾਰਗ ਮੈਗਜ਼ੀਨ - 9417214391, 79
ਰਤਵਾੜਾ ਸਾਹਿਬ - 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386
ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ - 0172-2266315, 9417214381
ਬੀ. ਐਡ ਕਾਲਜ 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004
ਜਰਨਲ 9417214384

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ

ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਵੱਲੋਂ ਜਨ ਸਮੂੰਹ ਦੇ ਪ੍ਰਉਪਕਾਰ ਹਿੱਤ ਰਤਵਾੜਾ ਸਾਹਿਬ ਵੱਲੋਂ ਅਨੇਕਾਂ ਪ੍ਰੋਗਰਾਂਮ ਚਲਾਏ ਗਏ ਹਨ ਸਮੇਂ ਦੀ ਨਜਾਕਤ ਨੂੰ ਪਛਾਣਦੇ ਹੋਏ ਮਹਾਂਪੁਰਖਾਂ ਨੇ ਸੰਸਾਰ ਵਿੱਚ ਸੁਖਸ਼ਾਂਤੀ ਲਿਆਉਣ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਝੇ ਸਿਧਾਂਤਾਂ ਨੂੰ ਸਮਝਾਉਣ ਲਈ 1995 ਵਿਸਾਖੀ ਦੇ ਸ਼ੁਭ ਦਿਹਾੜੇ ਤੇ ਆਤਮ-ਮਾਰਗ ਮੈਗਜੀਨ ਦੀ ਸ਼ੁਰੂਆਤ ਕੀਤੀ ਸੀ। ਇਹ ਮੈਗਜੀਨ ਆਪਨਾ ਰੂਹਾਨੀ ਸਫਰ ਤਹਿ ਕਰਦਾ ਹੋਇਆ 17ਵੇਂ ਸਾਲ ਵਿੱਚ ਪ੍ਰਵੇਸ਼ ਕਰਨ ਜਾ ਰਿਹਾ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਵਚਨਾਂ ਅਨੁਸਾਰ 'ਦੇਗ ਤੇਗ ਜਗ ਮਹਿ ਦੋਊ ਚਲੈ' ਦੇ ਅਨੁਸਾਰ ਮਹਾਂਪੁਰਖਾਂ ਨੇ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ' ਐਫੀਈਲੀਏਟਡ ਸੀ.ਬੀ.ਐਸ.ਈ ਬੋਰਡ ਦਿੱਲੀ ਤੋਂ ਮਾਨਤਾ ਪ੍ਰਾਪਤ ਦੀ ਰਚਨਾਂ ਕਰਕੇ ਪਛੜੇ ਇਲਾਕੇ ਵਾਸਤੇ highly Education ਦਾ ਪ੍ਰਬੰਧ ਕੀਤਾ ਹੈ। ਅੱਜ ਇਹ ਸਕੂਲ ਪੂਰੀ ਚੜ੍ਹਦੀ ਕਲਾ ਵਿੱਚ ਜਾ ਰਿਹਾ ਹੈ। ਵਿਦਿਆਰਥੀ ਦੋ ਸੈਸ਼ਨ +2 ਕਰਕੇ ਜਾ ਚੁੱਕੇ ਹਨ। ਤੀਜੇ ਸੈਸ਼ਨ ਦੇ ਬੱਚੇ ਜਾਣ ਲਈ ਤਿਆਰ ਹਨ। ਸਾਰੀਆਂ ਅਧੁਨਿਕ ਸਹੂਲਤਾਂ ਨਾਲ ਲੈਸ ਇਹ ਸਕੂਲ ਅੱਜ ਵਿਦਿਆ ਦਾ ਸਹੀ ਮਾਇਨਿਆਂ ਵਿੱਚ ਮੰਦਰ ਹੈ। ਰੋਪੜ ਦੇ ਪਛੜੇ ਇਲਾਕੇ ਦੇ ਬੱਚੇ ਇਸ ਸਕੂਲ ਤੋਂ ਵਿਦਿਆ ਲੈ ਕੇ ਬਾਹਰਲੇ ਦੇਸ਼ਾਂ ਵਿੱਚ ਵਿਦਿਆ ਲੈਣ ਲਈ ਜਾ ਰਹੇ ਹਨ। ਜਿਹੜੇ ਮਾਪੇ ਸਟੇਟ ਬੋਰਡ ਨਾਲ 'ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਹਾਈ ਸਕੂਲ' ਵੀ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਚਲਾਇਆ ਜਾ ਰਿਹਾ ਹੈ। ਆਉਣ ਵਾਲੇ ਸਮੇਂ ਅੰਦਰ ਇਨ੍ਹਾਂ ਸਕੂਲਾਂ ਦੀ ਐਜੂਕੇਸ਼ਨ ਨੂੰ ਹੋਰ ਉਪਰ ਚੁਕਣ ਵਾਸਤੇ ਪ੍ਰਬੰਧ ਕੀਤੇ ਜਾ ਰਹੇ ਹਨ। ਤਾਂ ਜੋ ਸਾਡੇ ਬੱਚਿਆਂ ਨੂੰ ਬਾਹਰਲੇ ਦੇਸ਼ਾਂ ਵਿੱਚ ਜਾਣ ਲਈ ਕੋਈ ਮੁਸ਼ਕਲ ਨਾ ਆਵੇ। ਸਿਧੇ ਇਸੇ ਸਕੂਲ ਵਿੱਚੋਂ select ਹੋ ਕੇ ਬੱਚੇ ਬਾਹਰਲੇ ਦੇਸ਼ਾਂ ਵਿੱਚ ਸੈਟ ਹੋ ਸਕਣ। ਇਨ੍ਹਾਂ ਦੇ ਨਾਲ ਨਾਲ ਆਈ.ਟੀ. ਕੋਰਸ ਲਿਆਉਣ ਵਾਸਤੇ ਬਿਲਡਿੰਗ ਬਣ ਕੇ ਤਿਆਰ ਹੋ ਰਹੀ ਹੈ ਜਿਸ ਵਿੱਚ ਆਈ.ਟੀ. ਦੇ ਕੋਰਸ ਲਿਆਂਦੇ ਜਾਣਗੇ। ਬੀ.ਐਡ. ਕਾਲਜ ਕੰਪਲੈਕਸ ਅੰਦਰ ਚਲਾਇਆ ਜਾ ਰਿਹਾ ਹੈ ਜਿਸ ਵਿੱਚ ਵਿਦਿਆਰਥੀ ਬੀ.ਏ. ਕਰਨ ਤੋਂ ਬਾਅਦ ਅਧਿਆਪਕ ਬਣਨ ਦੀ ਟਰੇਨਿੰਗ ਲੈ ਰਹੇ ਹਨ।

'ਤੇਗ' ਨਾਮ ਦੀ ਚਲਾਉਣੀ ਹੈ। 'ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥' ਆਤਮ ਮਾਰਗ ਲਗਾਤਾਰ ਪਿਛਲੇ 16 ਸਾਲ ਤੋਂ ਆਪ ਜੀ ਘਰ ਦਸਤਕ ਦੇ ਰਿਹਾ ਹੈ ਅਤੇ ਓਹ ਅਗੰਮੀ ਰਸਤੇ ਦੀ ਗੱਲ ਕਰ ਰਿਹਾ ਹੈ ਜਿਹੜਾ ਸਾਡਾ ਅਸਲੀ ਮਨੋਰਥ ਹੈ ਅਸਲੀ ਨਿਸ਼ਾਨਾਂ ਹੈ "ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥" ਗੁਰੂ ਘਰ ਦੀ ਮਰਿਆਦਾ ਅਨੁਸਾਰ ਅਸੀਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਅੰਦਰ ਪੰਜ ਸਿੰਘਾਂ ਦੀ ਰਾਹੀਂ ਗੁਰ-ਮੰਤਰ ਅਤੇ ਮੂਲ ਮੰਤਰ ਦੀ ਪ੍ਰਾਪਤੀ ਪ੍ਰਾਪਤ ਕਰਦੇ ਹਾਂ। ਬਾਅਦ ਵਿੱਚ ਇਸ ਮੰਤਰ ਨੂੰ ਜਪਣ ਦੇ ਤਰੀਕੇ ਸੇਵਾ ਸਿਮਰਨ ਦੀ ਜੁਗਤ ਗੁਰੂ ਮਹਾਰਾਜ ਨੇ ਆਪਣੇ ਖਾਲਸੇ ਨੂੰ ਦੱਸੀ ਹੈ ਗੁਰਮੁਖਾਂ ਦੀ ਸੰਗਤ ਵਿੱਚ ਰਹਿ ਕੇ ਆਪਣੇ ਜੀਵਨ ਨੂੰ ਉਚਾ ਚੁਕਣਾ ਮਿਲੇ ਹੋਏ ਮੰਤਰ ਦੀ ਕਮਾਈ ਕਿਵੇਂ ਕਰਨੀ ਹੈ ਅਤੇ ਸੇਵਾ ਕਿਵੇਂ ਕਮਾਉਣੀ ਹੈ ਇਹ ਗੁਰਮੁਖਾਂ ਦੀ ਸੰਗਤ ਵਿੱਚ ਰਹਿ ਕੇ ਬਾਰ ਬਾਰ ਉਨ੍ਹਾਂ ਦੀ ਸੰਗਤ ਕਰਕੇ ਹੀ ਪਤਾ ਚਲਦਾ ਹੈ। ਇਸ ਵਾਸਤੇ ਮਹਾਂਪੁਰਖਾਂ ਨੇ ਸਾਨੂੰ ਅਦੁੱਤੀ ਦੇਣ ਦਿਤੀ ਹੈ ਜਿਨ੍ਹਾਂ ਵਿੱਚ ਇੱਕ ਹੀੌ ਪੁਸਤਕ ਜੋ ਰਤਵਾੜਾ ਸਾਹਿਬ ਵਿੱਖੇ ਉਪਲੱਬਧ ਹੈ। ਜਿਸ ਦਾ ਨਾਮ 'ਸੁਰਤਿ ਸਬਦ ਮਾਰਗ' ਇਸ ਸਿਰਲੇਖ ਹੇਠ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਲਗਾਤਾਰ 21 ਘੰਟੇ ਦਾ ਉਪਦੇਸ਼ ਦਿਤਾ ਹੈ। ਸ੍ਰੀ ਅਨੰਦ ਪੁਰ ਸਾਹਿਬ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਮਾਤਾ ਜੀਤੋ ਜੀ ਨੇ ਅੰਮ੍ਰਿਤ ਵੇਲੇ ਹੀ ਬੇਨਤੀ ਕੀਤੀ ਕਿ ਨਾਮ ਜਪਣ ਦੀ ਪ੍ਰੇਰਨਾ ਬਖਸ਼ਿਸ਼ ਕਰੋ ਗੁਰੂ ਮਹਾਰਾਜ ਜੀ ਨੇ ਉਸ ਸਮੇਂ ਮਾਤਾ ਜੀ ਨੂੰ 'ਸੁਰਤਿ ਸ਼ਬਦ ਦਾ ਮਾਰਗ ਦਰਸਾਇਆ। ਮਾਤਾ ਜੀ ਨੇ ਇਸ ਦੇ ਅਭਿਆਸ ਦੁਆਰਾ ਪਹਿਲਾਂ ਹੀ ਸਾਰਾ ਚਮਕੌਰ ਸਾਹਿਬ ਅਤੇ ਸਰਹਿੰਦ ਦਾ ਦ੍ਰਿਸ਼ ਦੇਖ ਲਿਆ ਅਤੇ ਗੁਰੂ ਮਹਾਰਾਜ ਤੋਂ ਪਹਿਲਾਂ ਹੀ ਮੰਗ ਕੀਤੀ ਕੇ ਮੈਂ ਸਾਰਾ ਕੁਝ ਨਹੀਂ ਦੇਖ ਸਕਦੀ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਆਪ ਜੀ ਸੁਰਤਿ ਸਬਦ ਦਾ ਰਸਤਾ ਪਹਿਲਾਂ ਹੀ ਤਹਿ ਕਰ ਚੁੱਕੇ ਹੋ ਆਪ ਆਪਣੀ ਮਰਜੀ ਨਾਲ ਸਰੀਰ ਦਾ ਪਰਿਤਿਆਗ ਕਰ ਸਕਦੇ ਹੋ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਇਸ ਸਾਰੇ ਰਸਤੇ ਦੀਆਂ ਰਹਿਤਾਂ 'ਸੁਰਤਿ ਸਬਦ ਮਾਰਗਿ' ਕਿਤਾਬ ਅੰਦਰ ਦਰਸਾਈਆਂ ਹਨ। ਸ਼ੌਂਕ ਰੱਖਣ ਵਾਲੇ ਪ੍ਰੇਮੀ ਇਸ ਪੁਸਤਕ ਨੂੰ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹਨ। ਅਨੇਕਾਂ ਪੁਸਤਕਾਂ ਜੋ ਰਤਵਾੜਾ ਸਾਹਿਬ ਵਿਖੇ ਮਹਾਂਪੁਰਖਾਂ ਦੀਆਂ ਹਥ ਲਿਖਤ ਹਨ ਜਿਨ੍ਹਾਂ ਦੀ ਲਿਸਟ ਇਸ ਆਤਮ ਮਾਰਗ ਦੇ 64 ਨੰਬਰ ਪੰਨੇ ਤੇ ਹੈ ਆਪ ਜੀ ਮੰਗਵਾ ਕੇ ਨਾਮ-ਜਪਣ ਦੀਆਂ ਉਕਤੀਆਂ ਜੁਗਤੀਆਂ ਵਾਰੇ ਸਹੀ ਸੇਧ ਗੁਰਮਤਿ ਅਨੁਸਾਰ ਪ੍ਰਾਪਤ ਕਰ ਸਕਦੇ ਹੋ।

ਅੰਤਰਾਸ਼ਟਰੀ ਪ੍ਰਸਿੱਧਤਾ ਹਾਸਲ ਸੱਤਵੇਂ ਗੁਰਮਤਿ ਸਮਾਗਮ ਤੇ ਮਹਾਂਪੁਰਖਾਂ ਨੇ ਵਾਹਿਗੁਰੂ ਮੰਤਰ ਨੂੰ ਕਿਵੇਂ ਸਵਾਸ ਦੁਆਰਾ

(ਬਾਕੀ ਪੰਨਾ 4 ਤੇ)

ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

ਵੈਸਾਖੁ

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ
ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥ ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥

ਅੰਗ - 1108

ਵੈਸਾਖ ਦਾ ਮਹੀਨਾ ਬੜਾ ਸੁਹਾਵਣਾ, ਸ਼ੋਭਨੀਕ ਤੇ ਚੰਗਾ ਲਗਣ ਵਾਲਾ ਮਹੀਨਾ ਹੈ। ਇਕ ਪਾਸੇ ਕਣਕਾਂ ਦੇ ਖੇਤ ਤਿਆਰ ਹੋ ਕੇ ਭਰ ਜੋਬਨ ਤੇ ਹੁੰਦੇ ਹਨ ਤੇ ਕਿਸਾਨ ਆਪਣੀ ਸਫਲ ਹੋਈ ਮਿਹਨਤ ਵੇਖ ਕੇ ਖੁਸ਼ ਹੁੰਦਾ ਹੈ ਤੇ ਅੰਦਰੋਂ ਅੰਦਰ ਪ੍ਰਭੂ ਧੰਨਵਾਦ ਵਿਚ ਜੁੜਦਾ ਹੈ। ਉਸ ਦੀ ਸਾਂਭ ਸੰਭਾਲ ਦੀ ਤਿਆਰੀ ਕਰਦਾ ਹੈ। ਸਾਂਭ ਸੰਭਾਲ ਕਰਕੇ, ਲੈਣ ਦੇਣ ਮੁਕਾ ਦੇ ਉਹ ਵਿਸਾਖੀ ਦੇ ਮੇਲੇ ਦੀਆਂ ਖੁਸ਼ੀਆਂ ਮਾਣਦਾ ਹੈ। ਇਸ ਮਹੀਨੇ ਵਿਚ ਕੁਦਰਤ ਵੀ ਭਰ ਜੋਬਨ ਤੇ ਹੁੰਦੀ ਹੈ। ਹਰ ਪਾਸੇ ਹਰਿਆਵਲ ਹੀ ਹਰਿਆਵਲ ਵੇਖ ਕੇ ਮਨ ਖਿੜ ਉਠਦਾ ਹੈ। ਰੁੱਖਾਂ ਦੀਆਂ ਟਹਿਣੀਆਂ ਸੋਹਣੇ ਕਪੜੇ ਪਾ ਸਜਾਵਟ ਕਰਦੀਆਂ ਹਨ।

ਵੈਸਾਖੁ ਭਲਾ ਸਾਖਾ ਵੇਸ ਕਰੇ॥ ਅੰਗ- 1108

ਨਵੀਆਂ ਫੁੱਟੀਆਂ ਲਗਰਾਂ ਤੇ ਨਵੇਂ ਨਿਕਲੇ ਨਰਮ ਨਰਮ ਕੂਲੇ ਕੂਲੇ, ਹਰੇ ਕਚੂਚ ਪੱਤੇ ਰੁੱਖਾਂ ਨੂੰ ਨਵਾਂ ਰੰਗ ਰੂਪ ਬਖਸ਼ਦੇ ਹਨ ਜਿਸਨੂੰ ਵੇਖ ਕੇ ਕੁਦਰਤ ਤੋਂ ਬਲਿਹਾਰ ਜਾਣ ਨੂੰ ਜੀਅ ਕਰਦਾ ਹੈ। ਇਨ੍ਹਾਂ ਲਗਰਾਂ ਦਾ ਹਾਰ ਸ਼ਿੰਗਾਰ ਵੇਖ ਕੇ ਪਤੀ ਤੋਂ ਵਿਛੁੜੀ ਨਾਰ ਦੇ ਅੰਦਰ ਭੀ ਪਤੀ ਨੂੰ ਮਿਲਣ ਦੀ ਧੂਹ ਪੈਂਦੀ ਹੈ ਅਤੇ ਉਹ ਆਪਣੇ ਘਰ ਦੀ ਦਹਿਲੀਜ਼ ਤੇ ਖਲੋਤੀ ਆਪਣੇ ਪ੍ਰੀਤਮ ਦਾ ਰਾਹ ਤਕਦੀ ਹੈ। ਇਸੇ ਤਰ੍ਹਾਂ ਕੁਦਰਤ ਰਾਣੀ ਦਾ ਸੁਹਜ ਸ਼ਿੰਗਾਰ ਵੇਖ ਕੇ ਉਮਾਹ ਭਰੀ ਜੀਵ ਇਸਤ੍ਰੀ ਆਪਣੇ ਹਿਰਦੇ-ਦਰ ਤੇ ਪ੍ਰਭੂ ਪਤੀ ਦੀ ਉਡੀਕ ਕਰਦੀ ਹੈ ਤੇ ਉਸ ਦੇ ਅੰਦਰੋਂ ਹੂਕ ਨਿਕਲਦੀ ਹੈ, ਹੇ ਪ੍ਰਭੂ ਪਤੀ! ਮਿਹਰ ਕਰਕੇ ਮੇਰੇ ਹਿਰਦੇ ਘਰ ਵਿਚ ਆਉ।

ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥

ਅੰਗ- 1108

ਹੇ ਮੇਰੇ ਪਿਆਰੇ, ਮੇਰੇ ਹਿਰਦੇ-ਘਰ ਵਿਚ ਆ ਵਸੋ ਤਾਕਿ ਇਹ ਬਿਖਮ ਸੰਸਾਰ ਸਮੁੰਦਰ ਨੂੰ ਮੈਂ ਸਹਿਜੇ ਹੀ ਪਾਰ ਕਰ ਲਵਾਂ। ਤੇਰੇ ਬਿਨਾਂ ਇਸ ਨਿਮਾਣੀ ਨਿਤਾਣੀ ਦਾ ਕੌਡੀ ਮੁੱਲ ਨਹੀਂ। (ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ) ਪਰ ਹੇ ਮਿਤ੍ਰ-ਪ੍ਰਭੂ! ਜੇ ਗੁਰੂ ਕ੍ਰਿਪਾ ਕਰੇ, ਜਿਸਨੂੰ ਤੇਰੇ ਦਰਸ਼ਨ ਪ੍ਰਾਪਤ ਹਨ ਤੇ ਉਹ ਮੈਨੂੰ ਵੀ ਤੇਰੇ ਦਰਸ਼ਨ ਕਰਵਾ ਦੇਵੇ ਤੇ ਜੇ ਮੈਂ ਤੈਨੂੰ ਚੰਗੀ ਲਗ ਜਾਵਾਂ ਤਾਂ ਕੌਣ ਮੇਰਾ ਮੁੱਲ ਪਾ ਸਕਦਾ ਹੈ?

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥

ਅੰਗ - 1108

ਤੇਰੇ ਤੋਂ ਬਿਨਾਂ ਮੇਰਾ ਅੱਧੀ ਕੌਡੀ ਮੁੱਲ ਨਹੀਂ ਸੀ ਹੁਣ ਤੇਰੇ ਦਰਸ਼ਨਾਂ ਸਦਕਾ ਮੈਂ ਅਮੁੱਲ ਹੋ ਗਈ ਹਾਂ।

ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਜਦੋਂ ਐਸਾ ਅਨੁਭਵ ਬਖਸ਼ਿਸ਼ ਕਰ ਦਿਤਾ ਤੇ ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਮੇਰਾ ਪ੍ਰੀਤਮ ਤਾਂ ਮੇਰੇ ਅੰਦਰ ਵਸ ਰਿਹਾ ਹੈ, ਕਿਤੇ ਦੂਰ ਨਹੀਂ ਗਿਆ। ਹੁਣ ਮੈਨੂੰ ਉਸ ਟਿਕਾਣੇ ਦੀ ਪਛਾਣ ਹੋ ਗਈ ਹੈ ਜਿਥੇ ਤੂੰ ਮੇਰੇ ਪ੍ਰੀਤਮ ਵਸਦਾ ਹੈਂ।

ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ॥ ਅੰਗ - 1108

ਹੁਣ ਗੁਰੂ ਜੀ ਨੇ ਕ੍ਰਿਪਾ ਕਰਕੇ ਇਹ ਸੋਝੀ ਬਖਸ਼ਿਸ਼ ਕਰਦੇ ਹਨ ਕਿ ਵਿਸਾਖ ਦੀ ਸੋਹਣੀ ਰੁੱਤ ਵਿਚ ਉਹ ਜੀਵ ਇਸਤ੍ਰੀ ਪ੍ਰਭੂ ਪਤੀ ਦਾ ਮਿਲਾਪ ਹਾਸਲ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਪ੍ਰਭੂ ਦੀ ਸਿਫਤਿ ਸਲਾਹ ਦੇ ਗੀਤ ਗਾਉਂਦਾ ਰਹਿੰਦਾ ਹੈ।

ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥

ਅੰਗ - 1108

ਭਾਵ ਇਹ ਹੈ ਕਿ ਵੈਸਾਖ ਦੀ ਸੁਹਾਵਣੀ ਰੁੱਤ ਵਿਚ ਸੁਰਤਿ ਨੂੰ ਗੁਰ-ਸ਼ਬਦ ਵਿਚ ਜੋੜਨ ਨਾਲ ਪ੍ਰਭੂ ਦੀ ਪ੍ਰਾਪਤੀ ਅਤੇ ਦਰਸ਼ਨ-ਦੀਦਾਰ ਨਸੀਬ ਹੁੰਦੇ ਹਨ।

ਰਾਗ ਮਾਝ ਬਾਰਹਮਾਹਾ ਮਹਲਾ ੫
ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥

ਅੰਗ - 133

ਵੈਸਾਖ ਦਾ ਮਹੀਨਾ ਬੜੀ ਸੁਹਾਵਣੀ ਰੁੱਤ ਵਾਲਾ ਹੈ ਅਤੇ ਹਰ ਇਸਤ੍ਰੀ ਪੁਰਸ਼ ਲਈ ਖੁਸ਼ੀਆਂ ਭਰਿਆ ਰੀਝਾਂ ਵਾਲਾ ਮਹੀਨਾ ਮੰਨਿਆ ਜਾਂਦਾ ਹੈ ਪਰ ਵੈਸਾਖ ਦੇ ਇਸ ਸੁਹਾਵਣੇ ਮਹੀਨੇ ਵਿਚ ਵੀ ਉਨ੍ਹਾਂ ਇਸਤ੍ਰੀਆਂ ਦਾ ਦਿਲ ਕਿਵੇਂ ਟਿਕ

ਸਕਦਾ ਹੈ, ਖੁਸ਼ ਹੋ ਸਕਦਾ ਹੈ ਜੋ ਆਪਣੇ ਪ੍ਰੀਤਮ ਤੋਂ ਵਿਛੁੜੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੇ ਅੰਦਰ ਪਤੀ-ਪਿਆਰ ਦੀ ਅਣਹੋਂਦ ਹੈ ਅਤੇ ਵਿਛੋੜੇ ਦਾ ਅਨੁਭਵ ਹੀ ਨਹੀਂ। ***(ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ)*** ਵਿਛੋੜਾ ਸਭ ਤੋਂ ਵੱਡਾ ਦੁਖ ਹੈ ਪਰ ਇਸ ਤੋਂ ਵੀ ਵੱਡਾ ਦੁਖ ਹੈ ਵਿਛੋੜੇ ਦੇ ਅਨੁਭਵ ਦਾ ਖਤਮ ਹੋ ਜਾਣਾ। ਜੇ ਵਿਛੋੜੇ ਦਾ ਅਹਿਸਾਸ ਹੋਵੇਗਾ ਤਾਂ ਮਿਲਾਪ ਲਈ ਉਦਮ-ਸ਼ੀਲ ਹੋਇਆ ਜਾ ਸਕਦਾ ਹੈ ਪਰ ਜੇ ਭਾਵਨਾ ਹੀ ਮਰ ਜਾਵੇ, ਤਾਂ ਬੜੀ ਦੁਖਦਾਈ ਅਵਸਥਾ ਹੁੰਦੀ ਹੈ। ਇਸ ਤਰ੍ਹਾਂ ਜਿਹੜੇ ਜੀਵਾਂ ਨੂੰ ਮਨ-ਮੋਹਣੀ ਮਾਇਆ ਚੰਬੜ ਜਾਂਦੀ ਹੈ, ਉਹ ਸੱਜਣ ਪ੍ਰਭੂ ਨੂੰ ਭੁੱਲ ਹੀ ਜਾਂਦੇ ਹਨ। ਉਨ੍ਹਾਂ ਨੂੰ ਧੀਰਜ ਕਿਵੇਂ ਪ੍ਰਾਪਤ ਹੋ ਸਕਦਾ ਹੈ? ***(ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹ)*** ਮਾਇਆ ਦੇ ਪਿਆਰ ਵਿਚ ਉਹ ਇਹ ਸਚਾਈ ਭੁੱਲ ਜਾਂਦੇ ਹਨ ਕਿ ਨਾ ਪੁੱਤਰ, ਨਾ ਇਸਤ੍ਰੀ, ਨਾ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ, ਇਕ ਅਬਿਨਾਸ਼ੀ ਪ੍ਰਮਾਤਮਾ ਹੀ ਨਾਲ ਨਿਭਣ ਵਾਲਾ ਅਸਲ ਸਾਥੀ ਹੈ ਜਿਸ ਨੇ ਸਹਿਜ ਸੁਖ ਸ਼ਾਂਤੀ ਬਖਸ਼ਿਸ਼ ਕਰਨੀ ਹੈ ਅਤੇ ਜਿਸ ਦੇ ਮਿਲਾਪ ਤੋਂ ਜੀਵਨ-ਮਨੋਰਥ ਦੀ ਸਿੱਧੀ ਹੋਣੀ ਹੈ ***(ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ)***

ਇਸ ਸਬੰਧ ਵਿਚ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ-

ਮਾਤ ਪਿਤਾ ਬਨਿਤਾ ਸੁਤ ਬੰਧਪ
ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥
ਅੰਗ - 700

ਇਸ ਸਚਾਈ ਦੇ ਬਾਵਜੂਦ ਸਾਰੀ ਲੋਕਾਈ ਨਾਸ਼ਵੰਦ ਸੰਸਾਰਕ ਧੰਦਿਆਂ ਦੇ ਮੋਹ ਵਿਚ, ਉਲਝ ਉਲਝ ਕੇ ਆਪਾ ਬਰਬਾਦ ਕਰ ਰਹੀ ਹੈ, ਆਤਮਿਕ ਮੌਤ ਮਰ ਰਹੀ ਹੈ, ਦੁਖ ਸਹੇੜ ਰਹੀ ਹੈ। ***(ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ)*** ਅਗਿਆਨਤਾ ਦੇ ਘੁੱਪ ਹਨ੍ਹੇਰੇ ਵਿਚ ਮਨੁੱਖ ਇਹ ਭੁਲੀ ਬੈਠਾ ਹੈ ਕਿ ਕੇਵਲ ਪ੍ਰਭੂ-ਨਾਮ ਹੀ ਨਾਲ ਨਿਭਣ ਵਾਲੀ ਅਮੋਲਕ ਵਸਤੂ ਹੈ, ਨਾਮ ਤੋਂ ਬਿਨਾਂ ਹੋਰ ਸਾਰੀਆਂ ਕਿਰਿਆਵਾਂ, ਰਜੋ, ਤਮੋ, ਸਤੋ ਤਿੰਨਾਂ ਗੁਣਾਂ ਵਿਚ ਕੀਤੇ ਸਾਰੇ ਕਰਮ ਪਹਿਲਾਂ ਹੀ ਖੋਹ ਲਏ ਜਾਂਦੇ ਹਨ, ਜੀਵ ਦੇ ਕਲਿਆਣ ਹਿਤ ਇਨ੍ਹਾਂ ਦਾ ਕੋਈ ਮੁੱਲ ਨਹੀਂ ਪੈਂਦਾ। ***(ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ)***

ਪੰਚਮ ਪਾਤਸ਼ਾਹ ਦਾ ਫੁਰਮਾਨ ਹੈ -

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ
ਜਮੁ ਜਾਗਾਤੀ ਲੂਟੈ॥ ਅੰਗ - 747

ਇਹ ਅਟੱਲ ਸਚਾਈ ਹੈ ਕਿ ਪਿਆਰੇ ਪ੍ਰਭੂ ਨੂੰ ਵਿਸਾਰਨ ਨਾਲ, ਭੁੱਲਣ ਨਾਲ ਜੀਵਨ ਵਿਚ ਖੁਆਰੀ ਹੀ ਖੁਆਰੀ ਹੈ ***(ਹਰਿ ਬਿਸਰਤਿ ਸਦਾ ਖੁਆਰੀ)*** ਕਿਉਂਕਿ ਪ੍ਰਮਾਤਮਾ ਤੋਂ ਬਿਨਾਂ ਜਿੰਦ ਦਾ ਕੋਈ ਸੱਚਾ ਸਾਥੀ ਨਹੀਂ ਹੁੰਦਾ, ਨਾ ਹੀ ਹੋ ਸਕਦਾ ਹੈ ***(ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ)*** ਇਸ ਲਈ ਜਿਹੜੇ ਜੀਵ ਪ੍ਰਭੂ ਪ੍ਰੀਤਮ ਦੀ ਚਰਨੀਂ ਲਗਦੇ ਹਨ ਉਨ੍ਹਾਂ ਦੀ ਲੋਕ ਪ੍ਰਲੋਕ ਵਿਚ ਭਲੀ ਸੋਭਾ ਹੁੰਦੀ ਹੈ। ***(ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ)***

ਤਾਂ ਤੇ ਹੇ ਪ੍ਰਭੂ! ਤੇਰੇ ਦਰ ਤੇ ਸੰਨਿਮਰ ਬੇਨਤੀ ਹੈ ਕਿ ਮੈਨੂੰ ਵੀ ਤੇਰਾ ਦਿਲ ਰੱਜਵਾਂ ਪਿਆਰ ਤੇ ਮਿਲਾਪ ਨਸੀਬ ਹੋਵੇ। ***(ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ)*** ਵਿਸਾਖ ਦਾ ਮਹੀਨਾ ਸੁਹਾਵਣਾ ਹੈ, ਸੋਹਣਾ ਹੈ, ਖੇੜੇ ਤੇ ਹਰਿਆਵਲ ਵਾਲਾ ਹੈ ਪਰ ਜਿੰਦ ਨੂੰ ਵਿਸਾਖ ਦਾ ਖੁਸ਼ੀਆਂ ਭਰਿਆ ਮਹੀਨਾ ਵੀ ਤਾਂ ਹੀ ਸੋਹਣਾ ਲਗਦਾ ਹੈ ਜੇ ਹਰੀ ਸੰਤ ਪ੍ਰਭੂ ਦਾ ਮਿਲਾਪ ਹੋ ਜਾਵੇ। ***(ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ)*** ਤਾਂ ਤੇ ਪ੍ਰਭੂ ਮਿਲਾਪ ਲਈ ਨਾਮ-ਸਿਮਰਨ ਵਿਚ ਜੁੱਟ ਜਾਣਾ ਹੀ ਸਰਵੋਤਮ ਕਿਰਿਆ ਹੈ, ਸੁਖ, ਸਹਿਜ ਸ਼ਾਂਤੀ ਦਾ ਮਾਰਗ ਹੈ। ਇਹੋ ਜੀਵਨ ਮਨੋਰਥ ਹੈ।

(********)

(ਪੰਨਾ 2 ਦਾ ਬਾਕੀ)

ਜਪਣਾ ਹੈ ਜੁਗਤ ਦਰਸਾਈ। ਜਿਹੜਾ ਕਿ ਪੂਰੇ 45 ਮਿੰਟ ਦਾ ਪੂਰਾ ਪ੍ਰਯੋਗ ਹੈ। ਰਤਵਾੜਾ ਸਾਹਿਬ ਵਿਖੇ ਹਰ ਰੋਜ ਨਿੱਤਨੇਮ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਇਹ ਕੈਸੇਟ ਲਗਾਈ ਜਾਂਦੀ ਹੈ ਸ਼ੌਂਕ ਵਾਲੇ ਪ੍ਰੇਮੀ ਦਰਸਾਈ ਜੁਗਤ ਅਨੁਸਾਰ ਨਾਮ ਅਭਿਆਸ ਵਿਚ ਸ਼ਾਮਲ ਹੁੰਦੇ ਹਨ। ਅਮਰੀਕਾ ਵਿੱਚ ਸੈਨਹੋਜੇ ਵਿਖੇ ਬਾਬਾ ਸਤਨਾਮ ਸਿੰਘ ਜੀ ਦੀ ਅਗਵਾਈ ਹੇਠ ਪਿਛਲੇ 16 ਸਾਲ ਤੋਂ ਹੀ ਹਰ ਐਤਵਾਰ ਨੂੰ ਸਵੇਰੇ 5.00 ਵਜੇ ਸੈਂਕੜੇ ਕਿਲੋਮੀਟਰ ਦਾ ਸਫਰ ਤਹਿ ਕਰਕੇ ਸੰਗਤਾਂ ਪਹੁੰਚਦੀਆਂ ਹਨ ਅਤੇ ਨਾਮ ਦਾ ਅਭਿਆਸ ਕਰਦੀਆਂ ਹਨ।

ਆਪਣਾ ਵੀ ਨੈਤਿਕ ਫਰਜ ਬਣ ਜਾਂਦਾ ਹੈ ਕਿ ਆਤਮ ਮਾਰਗ ਨੂੰ ਜਿਥੇ ਆਪ ਪੜ੍ਹਦੇ ਹਾਂ ਉਥੇ ਇਸ ਦੇ ਹੋਰ ਮੈਂਬਰ ਬਣਾ ਕੇ ਗੁਰ ਸ਼ਬਦ ਲੰਗਰ ਵਿੱਚ ਹਿੱਸਾ ਪਾ ਕੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ ਜੀ।

ਰਤਵਾੜਾ ਸਾਹਿਬ ਸੰਸਥਾ ਵੱਲੋਂ ਚਲਾਏ ਗਏ ਕੰਮਾਂ ਨੂੰ ਪਰਮ ਸਤਿਕਾਰਯੋਗ ਸੰਤ ਮਾਤਾ ਰਣਜੀਤ ਕੌਰ ਜੀ ਦੀ ਅਗਵਾਈ ਹੇਠ ਸ੍ਰੀ ਮਾਨ ਸੰਤ ਬਾਬਾ ਹਰਪਾਲ ਸਿੰਘ ਜੀ ਜਗ੍ਹਾ ਜਗ੍ਹਾ ਪਹੁੰਚ ਕੇ ਸੇਧ ਬਖਸ਼ਿਸ਼ ਕਰ ਰਹੇ ਹਨ। ਹਰ ਸਾਲ ਵਿਦੇਸ਼ਾਂ ਵਿੱਚ ਪਹੁੰਚ ਕੇ ਸਥਾਪਿਤ ਕੀਤੇ ਸੈਂਟਰਾਂ ਵਿੱਚ ਨਾਮ ਜਪਣ ਵਾਲੇ ਪ੍ਰੇਮੀਆਂ ਨੂੰ ਸਹੀ ਸੇਧ ਗੁਰਮਤਿ ਅਨੁਸਾਰ ਬਖਸ਼ਿਸ਼ ਕਰਦੇ ਹਨ। ਅਨੇਕਾਂ ਸੈਂਟਰ ਆਤਮ ਮਾਰਗ ਮੈਗਜੀਨ ਦੇ ਵਿਤਰਣ ਵਾਸਤੇ ਖੋਲੇ ਹੋਏ ਹਨ ਅਤੇ ਖੋਲੇ ਜਾ ਰਹੇ ਹਨ ਤਾਂ ਜੋ ਮਹਾਂਪੁਰਖਾਂ ਦੇ ਲਿਟਰੇਚਰ ਤੋਂ ਹਰ ਇੱਕ ਪ੍ਰੇਮੀ ਲਾਹਾ ਲੈ ਕੇ ਲੋਕ ਪ੍ਰਲੋਕ ਅੰਦਰ ਸੁਖੀ ਸੁਹੇਲੇ ਹੋਵੇ ਜੀ।

(------)

ਵਿਸਾਖੀ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ
ਅਪਨੀ ਭਗਤੀ ਲਾਇ॥ ਅੰਗ - ੨੮੯
ਧਾਰਨਾ - ਲਾਡ ਲਡਾਇਆ ਤੇਰੇ ਭਰੋਸੇ ਮੈਂ।
ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥
ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧
॥ ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥੧
॥ ਰਹਾਉ॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥
੨ ॥ ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥
ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥
ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ਅੰਗ - ੫੧

ਧਾਰਨਾ - ਨਿਰਵੈਰ ਨਿਰਾਲਾ ਜੀ,
ਸਤਿਗੁਰ ਪੁਰਖ ਅਗੰਮ ਹੈ।

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।
ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।
ਭਾਈ ਗੁਰਦਾਸ ਜੀ, ਵਾਰ ੩੪/੧

ਸਾਧਸੰਗਤ ਜੀ, ਚਿੱਤ ਬਿਰਤੀਆਂ ਇਕਾਗਰ ਕਰੋ, ਗੁਰੂ ਨਾਨਕ ਸਾਹਿਬ ਦਾ ਧਿਆਨ ਧਰਦੇ ਹੋਏ ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਗੁਰੂ ਦਰਬਾਰ ਵਿੱਚ ਪਹੁੰਚੇ ਓਂ। ਇਹ ਜੋ ਦਿਨ ਹਨ ਅੱਜਕੱਲ੍ਹ ਦੇ ਪੰਦਰਾਂ ਮਾਰਚ ਤੋਂ ਅਗਾਂਹਾਂ ਦੇ, ਸਿੱਖ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਦਿਨ ਹਨ। ਪਹਿਲਾਂ ਹੌਲਾ-ਮਹੱਲਾ ਆਇਆ ਤੇ ਹੁਣ ਜਿਹੜੇ ਦਿਨ ਆ ਰਹੇ ਨੇ ਨੇੜੇ-ਨੇੜੇ, ਇਨ੍ਹਾਂ ਦਿਨਾਂ ਵਿੱਚ ਬਹੁਤ ਭਾਰੀ ਤਿਆਰੀ ਹੋ ਰਹੀ ਸੀ ਅਨੰਦਪੁਰ ਸਾਹਿਬ। ਹਜ਼ਾਰਾਂ ਨੂੰ ਹੀ ਸੱਦਾ ਭੇਜਿਆ ਗਿਆ ਸੀ, ਇਤਿਹਾਸਕਾਰ ਲਿਖਦੇ ਨੇ ਕਿ ਐਡਾ ਵੱਡਾ ਇਕੱਠ ਸੀਗਾ ਉਨ੍ਹਾਂ ਜ਼ਮਾਨਿਆਂ ਦੇ ਅੰਦਰ ਜਿਸ ਦੀ ਗਿਣਤੀ 80,000 ਤੱਕ ਪਹੁੰਚ ਗਈ ਸੀ। ਲਾਊਡ ਸਪੀਕਰ ਨਹੀਂ ਸੀ ਜਦ ਹੋਇਆ ਕਰਦੇ ਬੋਲ ਵਿੱਚ ਹੀ ਐਨੀ ਬਰਕਤ ਹੋਇਆ ਕਰਦੀ ਸੀ ਕਿ ਮੀਲਾਂ ਤੱਕ ਸੁਣਿਆ ਕਰਦਾ ਸੀ। ਪਹਿਲਾਂ-ਪਹਿਲਾਂ ਜਦ ਅਸੀਂ ਮਹਾਂਪੁਰਸ਼ਾਂ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਦੀਵਾਨ ਸੁਣਦੇ ਹੁੰਦੇ, ਉਨ੍ਹਾਂ ਤੋਂ ਪਹਿਲਾਂ ਗੱਲਾਂ ਕਰਦੇ ਹੁੰਦੇ ਕਿ ਸੰਤ ਮਹਾਰਾਜ ਬਾਬਾ ਅੱਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਦੋ-ਦੋ ਮੀਲ ਤੱਕ ਆਵਾਜ਼ ਸੁਣਿਆ ਕਰਦੀ ਸੀ, ਇਨ੍ਹਾਂ ਦੇ ਵੀ ਅਸੀਂ ਜਦ ਜਾਣਾ ਤਾਂ ਉਰੇ ਇੱਕ ਮੀਲ 'ਤੇ ਘਲੋਟੀ ਪਿੰਡ ਸੀਗਾ, ਉਹ ਦਰਵਾਜ਼ਾ ਨਿਕਲਣਾ ਆਵਾਜ਼ ਉਥੇ ਸੁਣਨੀ ਸ਼ੁਰੂ ਹੋ ਜਾਣੀ। ਪਤਾ ਨਹੀਂ ਤਾਂ ਉਸ ਵੇਲੇ ਕੰਨ ਹੀ ਚੰਗੇ ਸੀਗੇ ਜਾਂ ਆਵਾਜ਼ਾਂ ਵਿੱਚ ਹੀ ਬਰਕਤ ਸੀ। ਬਗੈਰ ਲਾਊਡ ਸਪੀਕਰ ਤੋਂ ਹਜ਼ਾਰਾਂ ਬੰਦੇ ਆਵਾਜ਼ ਸੁਣ ਸਕਦੇ ਸੀ। ਸੋ ਉਸ ਵੇਲੇ ਇੱਕ ਬੜਾ ਭਾਰੀ ਇਕੱਠ ਬੁਲਾਇਆ ਗਿਆ, ਸਾਰੇ ਭਾਰਤ ਵਰਸ਼ ਵਿੱਚ ਮਸੰਦਾਂ ਨੂੰ ਹੁਕਮਨਾਮੇ ਗਏ ਕਿ ਜਿੱਥੇ ਤੱਕ ਵੀ ਸੰਗਤ ਹੈ ਸਾਰੀ ਲੈ ਕੇ ਐਤਕੀਂ ਹਾਜ਼ਰ ਹੋਵੋ, ਵਿਸਾਖੀ ਦੇ ਉਤੇ। ਉਸ ਤੋਂ ਪਹਿਲਾਂ ਗੁਰੂ ਮਹਾਰਾਜ ਜੀ ਗੁਰੂ ਮਹਾਰਾਜ ਜੀ ਨੌਂ ਮਹੀਨੇ ਨੌਂ ਦਿਨ ਇਕਾਂਤ ਵਾਸ ਕੀਤਾ, ਗੁਰੂ ਦਸ਼ਮੇਸ਼ ਪਿਤਾ ਜੀ ਨੇ ਪਹਾੜੀ ਦੇ ਉਤੇ। ਕਿਸੇ ਨੂੰ ਨਹੀਂ ਸੀ ਮਿਲਦੇ ਤੇ ਜਦੋਂ ਦੀਵਾਨ ਵਿੱਚ ਆਪ ਆਏ ਤਾਂ ਕਈ ਕਾਰਨ ਸਨ ਜਿਨ੍ਹਾਂ ਦੇ ਉਤੇ ਬੜਾ ਮਹੱਤਵਪੂਰਨ ਫੈਸਲਾ ਕਰਨਾ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਪਹਿਲਾਂ ਮਜ਼ਹਬ ਤਾਂ ਚਲੇ ਆਉਂਦੇ ਸੀ, ਇਸਲਾਮ ਵਾਲਿਆਂ ਦਾ ਵੀ ਸੀ। ਬੋਧੀ ਵੀ ਸੀਗੇ, ਜੈਨੀ ਵੀ ਸੀਗੇ, ਯੋਗੀ ਵੀ ਸੀਗੇ, ਅਨੇਕਾਂ ਮੱਤ ਹਿੰਦੂ ਧਰਮ ਵਿੱਚ ਸਨ ਪਰ ਜੋ ਸਤਿਜੁਗ ਵਿੱਚ, ਤ੍ਰੇਤੇ ਵਿਚ, ਦੁਆਪਰ ਵਿੱਚ ਸ਼ਾਸਤਰਾਂ ਦੇ, ਵੇਦਾਂ ਦੇ ਅਰਥ ਸਨ ਉਹ ਰੁਲ ਕੇ ਤੱਤ ਬਾਤ ਗੁਆਚ ਚੁੱਕੀ ਸੀ ਉਹਦੀ ਥਾਂ ਦੇ ਉਤੇ ritual ਪ੍ਰਧਾਨ ਹੋ ਗਈ। ritual ਕਿਸੇ ਧਰਮ ਦੇ ਵਿੱਚ ਉਦੋਂ ਪ੍ਰਧਾਨ ਹੁੰਦਾ ਹੈ, ਜਿਹਨੂੰ ਕਰਮਕਾਂਡ ਕਹਿੰਦੇ ਨੇ। ਜਦੋਂ ਉਹਦੇ ਕੋਲ ਕੋਈ ਜੀਉਂਦੀ ਜਾਗਦੀ ਥਿਊਰੀ ਨਾ ਰਹੇ, ਕੋਈ ਰਾਹ ਦੱਸਣ ਨੂੰ ਕੋਈ ਚੀਜ਼ ਨਾ ਰਹੇ ਤੇ ਜਿਹੜੇ ਮੁਖੀ ਨੇ ਰਾਹ ਦੱਸਣ ਵਾਲੇ ਉਹ ਅੰਧ ਹੋ ਜਾਣ। ਉਸ ਵੇਲੇ ਉਨ੍ਹਾਂ ਨੂੰ ਕੁਛ ਨਹੀਂ ਸੁੱਝਦਾ ਤੇ ਉਹ ਇਨ੍ਹਾਂ ਫੋਕੀਆਂ ਰਸਮਾਂ ਰਿਵਾਜਾਂ 'ਤੇ ਪਾ ਦਿਆ ਕਰਦੇ ਨੇ। ਗੁਰੂ ਨਾਨਕ ਪਾਤਸ਼ਾਹ ਨੇ ਜੰਞੂ ਨੂੰ ਨਿੰਦਿਆ ਨਹੀਂ ਹੈ। ਲੇਕਿਨ ਨਾਲ ਹੀ ਦੱਸਿਆ ਹੈ ਕਿ ਜੇ ਜੰਞੂ ਪਾਉਣਾ ਹੈ ਤਾਂ ਤੂੰ ਦਇਆ ਦੀ ਕਪਾਹ ਬਣਾ, ਸੰਤੋਖ ਦਾ ਸੂਤ, ਜਤ ਦੀਆਂ ਵੱਟਾਂ ਦੇ, ਸਤਿ ਦੀਆਂ ਗੰਢਾਂ ਦੇ, ਇਹ ਜੇ ਤੇਰੇ ਇੱਕ ਧਾਗੇ ਦੇ ਨਾਲ ਤੇਰੇ ਅੰਦਰ ਪ੍ਰਵੇਸ਼ ਨਾ ਕਰੇ ਗੁਣ, ਤਾਂ ਇਹ ਮੁੱਖ ਧਾਗਾ ਹੈ, ਇਸ ਧਾਗੇ ਨੇ ਤੈਨੂੰ ਧਾਰਨਾ ਨਹੀਂ। ਇਹ ਤੇਰੇ ਨਾਲ ਤੇਰਾ ਜਨਮ ਨਹੀਂ ਬਦਲਾਅ ਸਕਦਾ। ਤੇਰਾ ਬਦਲਾਉਣਾ ਹੈ ਜਦ ਤੂੰ ਇਹ ਚੀਜ਼ਾਂ ਧਾਰਨ ਕਰੇਂ। ਇਸਲਾਮ ਦੇ ਵਿੱਚ ਵੀ ਮਹਾਰਾਜ ਨੇ ਕਿਹਾ ਕਿ ਜੇ ਤੂੰ ਰੋਜ਼ੇ ਰੱਖਣੇ ਨੇ ਤਾਂ ਇਸ ਚੀਜ਼ ਦੇ ਰੱਖ, ਜੇ ਇਸਲਾਮ

ਧਾਰਨ ਕਰਨਾ ਹੈ ਤਾਂ ਮੋਮ ਦਿਲ ਹੋ। ਨਮਾਜ਼ਾਂ ਪੜ੍ਹਨੀਆਂ ਨੇ ਤਾਂ ਉਨ੍ਹਾਂ ਦਾ ਅਰਥ ਜਾਣ ਕਿ ਕੀ ਨਮਾਜ਼ਾਂ ਨੇ। ਐਵੇਂ ਪੜ੍ਹੀ ਜਾਣਾ ਕੋਈ ਮਤਲਬ ਨਹੀਂ ਹੋਇਆ ਕਰਦਾ। ਸਿਆਣੇ ਬੰਦੇ ਇਸ ਗੱਲ ਦੇ ਉਤੇ ਵਿਚਾਰ ਕਰਦੇ ਨੇ। ਸੋ ਉਸ ਵੇਲੇ ਭਾਰਤ ਵਰਸ਼ ਵਿੱਚ ਦੋ ਮੱਤ ਸਨ, ਇਸਲਾਮ ਵਾਲਿਆਂ ਦਾ ਜ਼ੋਰ ਸੀ, ਬਾਕੀ ਸਾਰੀਆਂ ਸੰਪਰਦਾਵਾਂ ਜੋ ਹਿੰਦੂ ਸਮਾਜ ਦੇ ਵਿੱਚ ਆਉਂਦੀਆਂ ਨੇ ਉਹ ਸੀ। ਅਸਲੀ ਚੀਜ਼ ਰੁਲ ਚੁੱਕੀ ਸੀ, ਧਰਮ ਇੱਕ ritual ਬਣ ਕੇ ਰਹਿ ਗਿਆ ਸੀ। ਕੋਈ ਉਤਸ਼ਾਹ ਨਹੀਂ ਸੀ ਦਿੰਦਾ। ਵੈਸੇ ਇੱਕ ਵਹਿਮਪ੍ਰਸਤੀ ਹੋ ਕੇ ਰਹਿ ਗਿਆ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਨੌਵੇਂ ਪਾਤਸ਼ਾਹ ਤੱਕ ਆਚਰਣ ਉਸਾਰੀ ਕੀਤੀ ਗਈ, ਜਿਹੜੇ ਗੁਰਸਿੱਖ ਵੀ ਆਏ। ਪੀਰਾਂ ਦੇ ਕੋਲ ਗਏ, ਵੱਡੇ-ਵੱਡੇ ਮਹਾਤਮਾਂ ਦੇ ਕੋਲ ਗਏ ਤੇ ਉਨ੍ਹਾਂ ਨੂੰ ਅਸਲੀ ਗੱਲ ਸਮਝਾਈ ਗਈ ਤੇ ਉਹਦੀ ਆਚਰਨ ਉਸਾਰੀ ਹੋਈ। ਉਸ ਵੇਲੇ ਗੁਰੂਆਂ ਦੇ ਪਿੱਛੇ ਲੱਗਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਉਸ ਵੇਲੇ ਵਿਚਾਰਾਂ ਕੀਤੀਆਂ ਗਈਆਂ। ਗੁਰੂ ਦਸ਼ਮੇਸ਼ ਪਿਤਾ ਦੇ ਸਾਮ੍ਹਣੇ ਜੋ ਕੰਮ ਆਇਆ ਉਹ ਇਹ ਆਇਆ ਕਿ ਜਿੰਨੀ ਦੇਰ ਤੱਕ ਕਾਇਆਂ ਕਲਪ ਨਹੀਂ ਕੀਤੀ ਜਾਂਦੀ ਸਮਾਜ ਦੀ ਤੇ ਸਹੀ ਅਰਥ ਨਹੀਂ ਕੱਢੇ ਜਾਂਦੇ ਕਿ ਧਰਮ ਕੀ ਹੈ, ਮਜ਼੍ਹਬ ਕੀ ਹੈ। ਓਨੀਂ ਦੇਰ ਤੱਕ ਗੱਲ ਬਣਦੀ ਨਹੀਂ ਕੋਈ। ਕਿਉਂਕਿ ਗੁਰੂ ਮਹਾਰਾਜ ਤੋਂ ਪਹਿਲਾਂ ਐਨਾ ਅੰਧਕਾਰ ਛਾ ਗਿਆ ਸੀ ਕਿ ਗੁਰੂ ਮਹਾਰਾਜ ਨੂੰ ਕਹਿਣਾ ਪਿਆ ਇਸ ਤਰ੍ਹਾਂ ਦੇ ਨਾਲ -

ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,
ਸੱਚ ਵਾਲਾ ਕਾਲ ਪੈ ਗਿਆ।

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਅੰਗ - ੪੬੮

ਕੂੜ ਦਾ ਵਰਤਾਰਾ, ਮਹਾਰਾਜ ਕਹਿੰਦੇ -

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥ ਅੰਗ - ੧੪੫

ਉਹ ਸਮਾਂ ਐਸਾ ਸੀ ਜਿਸ ਦੇ ਵਿੱਚ ਧਰਮ ਨਾਮ ਦੀ ਚੀਜ਼ ਕੋਈ ਨਾ ਰਹੀ। ਜੇ ਆਦਮੀ ਦੇ ਵਿੱਚ ਧਰਮ ਨਾ ਹੋਵੇ ਤਾਂ ਉਹ ਕਿਸੇ ਮਜ਼੍ਹਬ ਦਾ ਪੈਰੋਕਾਰ ਨਹੀਂ ਹੋ ਸਕਦਾ। ਕਿਸੇ ਸੰਪਰਦਾ ਨੂੰ ਮੰਨ ਨਹੀਂ ਸਕਦਾ, ਕਿਉਂਕਿ ਧਰਮ ਤੋਂ ਬਗੈਰ ਆਦਮੀ ਦਾ ਜੀਵਨ ਜਿਹੜਾ ਹੈ ਉਹ ਬਿਲਕੁਲ ਥੋਥਾ ਹੈ।

ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫

ਕੂੜ ਦੀ ਮੱਸਿਆ ਆ ਗਈ, ਸੱਚ ਦਾ ਜਿਹੜਾ ਚੰਦਰਮਾ ਸੀ ਉਹ ਦਿਸਦਾ ਹੀ ਨਹੀਂ।

ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਅੰਗ - ੧੪੫

ਅੰਧੇਰਾ ਛਾ ਗਿਆ ਸੰਸਾਰ 'ਚ। ਕੀ ਉਸ ਵੇਲੇ ਜਿਹੜੇ ਮੌਜੂਦਾ ਧਰਮ ਸਨ। ਉਹ ਆਪਣੀ ਡਿਊਟੀ ਨਹੀਂ ਸੀ ਦੇ ਰਹੇ। ਇਹ ਗੱਲ ਕਹੀ ਜਾ ਸਕਦੀ ਹੈ ਕਿ ਤੁਸੀਂ ਆਪਣਾ ਪੱਖ ਸਿੱਧਾ ਕਰਨ ਵਾਸਤੇ ਇਹ ਗੱਲ ਕਹਿ ਰਹੇ ਓਂ। ਧਰਮ ਕੋਈ ਮਾੜੇ ਨਹੀਂ ਸੀਗੇ। ਬਿਲਕੁਲ ਸਹੀ ਸੀਗੇ। ਲੇਕਿਨ ਉਨ੍ਹਾਂ ਦੀ ਵਰਤੋਂ ਜਿਹੜੀ ਸੀ ਉਹ ਦੂਸ਼ਿਤ ਹੋ ਗਈ। ਇਸਲਾਮ ਕੋਈ ਮਾੜੀ ਚੀਜ਼ ਨਹੀਂ, ਬਹੁਤ ਸਿਧਾਂਤ ਰਲਦਾ ਹੈ ਗੁਰੂ ਗ੍ਰੰਥ ਸਾਹਿਬ ਨਾਲ ਉਹਦਾ। 95% ਮੈਂ ਕਹਾਂ ਤਾਂ ਵੀ ਠੀਕ ਹੈ। ਇੱਕ ਵਾਹਿਗੁਰੂ ਨੂੰ ਮੰਨਣ ਵਾਲੇ ਨੇ ਉਹ, ਪ੍ਰਮੇਸ਼ਰ ਦੇ ਹੁਕਮ ਨੂੰ ਮੰਨਦੇ ਨੇ ਤੇ ਉਹਦੇ ਵਾਸਤੇ ਭਜਨ ਬੰਦਗੀ ਕਰਦੇ ਨੇ। ਦੁਆ ਕਰਦੇ ਨੇ, ਪੰਜ ਵਾਰੀ ਕਰਦੇ ਨੇ। ਲੇਕਿਨ ਉਹ ritual ਬਣ ਗਈ ਸੀ। ਉਹਦੀ ਜਿਹੜੀ ਅਸਲੀ ਚੀਜ਼ ਸੀ ਉਹ ਖਤਮ ਹੋ ਗਈ ਸੀ। ਹਰ ਧਰਮ 'ਚ ਹੀ ਹੋ ਜਾਂਦੀ ਹੈ, ਜਦੋਂ ਸਮਾਂ ਪੈ ਜਾਂਦਾ ਹੈ ਰਹੁਰੀਤਾਂ ਬਣਨੀਆਂ ਸ਼ੁਰੂ ਹੋ ਜਾਦੀਆਂ ਨੇ। ਉਸ ਵੇਲੇ ਜਿਹੜੇ ਮਜ਼੍ਹਬ ਹੁੰਦੇ ਨੇ ਉਹ ਰਹੁਰੀਤਾਂ 'ਤੇ ਹੁੰਦੇ ਨੇ, ਸਤਿ 'ਤੇ ਅਧਾਰਤ ਨਹੀਂ ਹੋਇਆ ਕਰਦੇ। ਸੋ ਉਨ੍ਹਾਂ ਨੇ ਇਹੀ ਇੱਕ ਗੱਲ ਕਰ ਲਈ ਕਿ ਹਿੰਦੂਆਂ ਨੂੰ ਕਤਲ ਕਰੋ। ਇਨ੍ਹਾਂ ਇਸਲਾਮ ਵਿੱਚ ਲਿਆਓ। ਫੇਰ ਇਨ੍ਹਾਂ ਦੀ ਮੁਕਤੀ ਹੋਏਗੀ। ਆਪ ਦੀ ਮੁਕਤੀ ਨਹੀਂ ਹੁੰਦੀ, ਦੂਜਿਆਂ ਵਾਸਤੇ ਇਹ ਨੇਕ ਕੰਮ ਗਿਣਿਆ ਗਿਆ। ਇੱਥੇ ਤੱਕ ਕਿ ਬਾਬਰ ਆਪਣੀ ਤਉਜ਼ਕੇ ਬਾਬਰੀ 'ਚ ਲਿਖਦਾ ਹੈ ਕਿ ਮਥੁਰਾ ਵਿੱਚ ਮੈਂ ਇੱਕ ਲੱਖ ਬੰਦਾ ਫੜਿਆ, ਯੁੱਧ ਤੋਂ ਬਾਅਦ। ਅਰ ਉਹ ਇੱਕੋ ਦਿਨ 'ਚ ਸਾਰਾ ਕਤਲ ਕਰਾ ਦਿੱਤਾ। ਮੈਨੂੰ ਚਾਰ ਵਾਰੀ ਆਪਣਾ ਟੈਂਟ ਬਦਲਣਾ ਪਿਆ, ਐਨਾ ਖੂਨ ਉੱਚਾ ਹੋ ਗਿਆ ਤੇ ਅੱਲਾਹ ਤਾਲਾ ਮੇਰੇ ਉਤੇ ਰਹਿਮਤ ਕਰੇਗਾ ਕਿ ਮੈਂ ਐਨੇ ਕਾਫਰ ਮਾਰ ਦਿੱਤੇ। ਦੱਸੋ ਇਹ ਕਿਹੜੀ ਗੱਲ ਹੈ? ਇਹ ਜਨੂੰਨ ਹੋਇਆ ਕਿ ਪਾਗਲਪੁਣਾ ਹੋਇਆ? ਅੰਧ ਹੋ ਗਿਆ। ਮਜ਼੍ਹਬ ਜਿਹੜਾ ਹੈ ਉਹ ਰਸਤਾ ਦਿਖਾਉਂਦਾ ਹੈ ਆਦਮੀ ਨੂੰ, ਚਾਨਣਾ ਦਿਖਾਉਂਦਾ ਹੈ, ਅੰਧਕਾਰ ਵਿੱਚ ਨਹੀਂ ਲੈ ਕੇ ਜਾਇਆ ਕਰਦਾ। ਸੋ ਮੂਲ ਗੁਣ ਨੇ ਜਿਹਨੂੰ ਧਰਮ ਕਹਿੰਦੇ ਨੇ, ਜੇ ਧਰਮ ਨਾ ਹੋਵੇ ਨਾ ਤਾਂ ਰਾਜ ਚਲਦਾ ਹੈ, ਨਾ ਇਨਸਾਨ ਦਾ ਜੀਵਨ ਚਲਦਾ ਹੈ, ਨਾ ਉਹ ਕਿਸੇ ਮਜ਼੍ਹਬ ਦਾ ਪੈਰੋਕਾਰ ਬਣ ਸਕਦਾ ਹੈ, ਜਿੰਨਾਂ ਚਿਰ ਇਹ ਚੀਜ਼ ਨਹੀਂ ਆਉਂਦੀ। ਇਹਨੂੰ ਲਿਆਉਣ ਵਾਸਤੇ ਗੁਰੂ ਦਸਵੇਂ ਪਾਤਸ਼ਾਹ ਤੋਂ ਪਹਿਲਾਂ ਬੜੀ ਭਾਰੀ ਤਿਆਰੀ ਹੋਈ ਮਨੁੱਖ ਦੇ ਅੰਦਰ, ਖਿਮਾ ਲਿਆਂਦੀ, ਪਵਿੱਤਰਤਾ ਲਿਆਂਦੀ, ਅਹਿੰਸਾ ਲਿਆਂਦੀ; ਪੰਜ ਕਿਸਮ ਦੀ ਅਹਿੰਸਾ ਹੁੰਦੀ ਹੈ, ਨਾ ਤਾਂ ਸਰੀਰਕ ਤੌਰ 'ਤੇ ਕਿਸੇ ਦਾ ਨੁਕਸਾਨ ਕਰਨਾ, ਰਾਖੀ ਕਰਨੀ ਉਹਦੀ। ਮਾਰਨਾ ਨਹੀਂ ਹੈ, ਦੁਖੀ ਨਹੀਂ ਕਰਨਾ, ਤਸੀਹੇ ਨਹੀਂ ਦੇਣੇ। ਨਾ ਬੋਲ ਦੇ ਨਾਲ ਕੌੜਾ ਬੋਲ ਬੋਲਣਾ ਹੈ, ਮਿਹਣੇ-ਤਾਹਨੇ ਨਹੀਂ ਦੇਣੇ, ਕਿਉਂਕਿ ਬੋਲ ਜਿਹੜਾ ਹੈ ਇਹ ਵੱਡੇ-ਵੱਡੇ ਯੁੱਧ ਕਰਾ ਦਿੰਦਾ ਹੈ। ਮਹਾਂਭਾਰਤ ਦਾ ਯੁੱਧ ਕੌੜੇ ਬੋਲ ਤੋਂ ਹੀ ਹੋਇਆ। ਭਾਈ ਸੋਭਾ ਰਾਮ ਨੂੰ ਕੌੜਾ ਬੋਲ ਕੇ ਹੀ ਰਿੱਛ ਬਣਨਾ ਪਿਆ। ਸੋ ਬੋਲ ਦੀ ਵੀ ਅਹਿੰਸਾ ਲਿਆਂਦੀ। ਤੀਸਰੀ ਹੁੰਦੀ ਹੈ ਮਨ ਦੀ ਅਹਿੰਸਾ - ਮਨੋ ਬਿਲਕੁਲ ਹੀ ਕਿਸੇ ਦਾ ਬੁਰਾ ਨਾ ਚਿਤਵਨਾ।

ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥ ਅੰਗ - ੩੮੬

ਵਵਾ ਵੈਰੁ ਨ ਕਰੀਐ ਕਾਹੂ ॥

ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯

ਜਿਹੜੀ ਅਸਲੀ ਚੀਜ਼ ਹੈ ਉਸਨੂੰ ਅਸੀਂ ਸਮਝ ਨਹੀਂ ਸਕਦੇ, ਉਸ ਤਰ੍ਹਾਂ ਹੀ ਬੋਲ ਦਿੰਦੇ ਹਾਂ ਰੋਜ਼ ਕਿ -

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।

ਫੇਰ ਕਚਹਿਰੀਆਂ 'ਚ ਕਿਉਂ ਜਾਂਦੇ ਓਂ? ਸਰਬੱਤ ਦਾ ਭਲਾ ਮੰਗਣ ਵਾਲਾ ਤਾਂ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਇਹਨੂੰ ਵੀ ਸੁਮੱਤ ਦੇਹ, ਇਹਦੀ ਮੱਤ ਪੁੱਠੀ ਹੋ ਗਈ ਤੂੰ ਕ੍ਰਿਪਾ ਕਰ। ਉਹ ਬੁਰਾ ਨਹੀਂ ਮੰਗਦਾ ਕਿਸੇ ਦਾ। ਬੁਰਾ ਮੰਗਣਾ ਤਾਂ ਗੁਰਮਤਿ ਵਿੱਚ ਪੂਰੀ ਤਰ੍ਹਾਂ ਨਾਲ ਮਨ੍ਹਾਂ ਕਰ ਦਿੱਤਾ ਗਿਆ ਹੈ।

ਪਰ ਕਾ ਬੁਰਾ ਨ ਰਾਖਹੁ ਚੀਤ ॥

Reward ਕੀ ਹੈ?

ਤੁਮ ਕਉ ਦੁਖੁ ਨਹੀ ਭਾਈ ਮੀਤ ॥ ਅੰਗ - ੩੮੬

ਚੌਥੀ ਅਹਿੰਸਾ ਹੋਇਆ ਕਰਦੀ ਹੈ ਬੁੱਧੀ ਦੀ। ਬੁੱਧੀ ਦੇ ਨਾਲ ਸਭ ਦਾ ਭਲਾ ਕਰਨਾ। ਹਰ ਗੱਲ ਤੋਂ ਦੇਖਣਾ ਕਿ ਇਹਦਾ ਨੁਕਸਾਨ ਹੋ ਜਾਏਗਾ, ਇਹਨੂੰ ਜੇ ਇਹ ਗੱਲ ਨਾ ਦੱਸੀ। ਇਹ ਨਹੀਂ ਹੈ ਕਿ ਕਿਸੇ ਦੇ ਬੱਚਿਆਂ ਨੂੰ ਨਸ਼ੀਲੀਆਂ ਚੀਜ਼ਾਂ ਖਾਣ ਲਾ ਦਿਓ। ਬੁੱਧੀ ਦੀ ਤਰਕੀਬ ਹੀ ਹੈ ਦੂਸਰਿਆਂ ਦੇ ਘਰ ਵਿੱਚ ਫਸਾਦ ਪਾ ਦੇਣਾ, ਗੱਲ ਚਲਾ ਦੇਣੀ। ਇਸੇ ਕਰਕੇ ਗੁਰੂ ਮਹਾਰਾਜ ਨੇ ਚੁਗਲੀ ਤੇ ਨਿੰਦਿਆਂ ਨੂੰ ਬਹੁਤ ਹੀ ਮਾੜਾ ਕਿਹਾ ਹੈ। ਪੰਜਵੀਂ ਹੋਇਆ ਕਰਦੀ ਹੈ ਕਿ ਜੇ ਰੂਹਾਨੀ ਸ਼ਕਤੀ ਆ ਜਾਵੇ, ਤਾਂ ਸ਼ਕਤੀ ਵਰਤ ਕੇ ਕਿਸੇ ਦਾ ਬੁਰਾ ਨਹੀਂ ਕਰਨਾ। ਇਹ ਪੰਜ ਕਿਸਮ ਦੀ ਅਹਿੰਸਾ ਹੋਇਆ ਕਰਦੀ ਹੈ। ਜਿਹੜੇ ਇਸਦੇ ਵਿਪਰੀਤ ਨੇ, ਉਹ ਪੰਜ ਕਿਸਮ ਦੀ ਹਿੰਸਾ ਦੇ ਵਿੱਚ ਹੋਇਆ ਕਰਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ 'ਦਇਆ' ਹੈ, ਦਇਆ ਜਿਹੜੀ ਹੈ ਇਸ ਤੋਂ ਧਰਮ ਪੈਦਾ ਹੁੰਦਾ, ਜੇ ਦਇਆ ਨਾ ਹੋਵੇ ਧਰਮ ਹੁੰਦਾ ਹੀ ਨਹੀਂ ਪੈਦਾ। ਮਹਾਰਾਜ ਕਹਿੰਦੇ -

ਧੌਲੁ ਧਰਮੁ ਦਇਆ ਕਾ ਪੂਤੁ ॥ ਅੰਗ - ੩

ਦਇਆ ਦੇ ਵਿੱਚੋਂ ਧਰਮ ਪੈਦਾ ਹੁੰਦਾ ਹੈ, ਧਰਮ ਹੈਗਾ ਗੁਣ, ਉਹਦੀਆਂ ਪੰਜਾਹ ਸੱਠ ਗੁਣ ਨੇ। ਲੇਕਿਨ ਮੁਖੀ ਦੱਸ ਪੰਦਰਾਂ ਗਿਣੇ ਨੇ। ਬਾਕੀ ਹੋਰ ਬਹੁਤ ਨੇ, ਦਇਆ ਨਾ ਹੋਵੇ ਭਾਉਂਦਾ ਨਹੀਂ ਪ੍ਰਮੇਸ਼ਰ।

ਐਸੀ ਦਇਆ ਦੀ ਇੱਕ ਕਹਾਣੀ ਆਉਂਦੀ ਹੈ, ਹੱਜ ਜਾ ਰਿਹਾ ਸੀ। ਉਹਦੇ ਵਿੱਚ ਇੱਕ ਗੁਲਾਮ ਲੜਕੀ ਸੀ। ਉਹਦਾ ਨਾਉਂ ਰਾਵੀਆ ਸੀ ਉਹ ਗੁਲਾਮ ਹੋ ਗਈ, ਲੇਕਿਨ ਭਜਨ ਬਹੁਤ ਕਰਦੀ ਸੀ, ਹੱਦ ਤੋਂ ਜ਼ਿਆਦਾ ਕਰਦੀ ਸੀ। ਬੜੀ ਦਇਆ ਸੀ ਉਹਦੇ ਵਿੱਚ। ਜਦੋਂ ਕਾਹਬੇ ਤੋਂ ਸੱਠ ਮੀਲ ਰਹਿ ਗਏ। ਉਥੇ ਕੈਂਪ ਲੱਗਿਆ, ਜਦੋਂ ਕੈਂਪ ਤੁਰ ਗਿਆ, ਉਹ ਵਿਚਾਰੀ ਚੀਜ਼ਾਂ ਵਗੈਰਾ ਸੰਭਾਲਦੀ ਲੇਟ ਹੋ ਗਈ। ਉਸ ਤੋਂ ਬਾਅਦ ਉਹਨੇ ਆਪਣੀ ਤਿਆਰੀ ਕਰਨੀ ਸੀ। ਲੇਕਿਨ ਉਹਨੇ ਦੇਖਿਆ ਕਿ ਇੱਕ ਕੁੱਤੀ ਖੂਹ ਦੇ ਦੁਆਲੇ ਘੁੰਮਦੀ ਹੈ, ਉਹਨੂੰ ਖਿਆਲ ਆਇਆ ਕਿ ਇਹਦੇ ਨਾਲ ਬੱਚੇ ਨੇ, ਇਹ ਪਾਣੀ ਮੰਗਦੇ ਨੇ ਬੱਚੇ। ਇਹ ਉਨ੍ਹਾਂ ਨੂੰ ਪਾਣੀ ਪਿਲਾਉਣ ਦਾ ਯਤਨ ਕਰਦੀ ਹੈ। ਹੁਣ ਉਹਦੇ ਕੋਲ ਤਾਂ ਕੋਈ ਡੋਲੂ ਨਹੀਂ ਸੀ, ਹੋਰ ਕੁਛ ਨਹੀਂ ਸੀ। ਉਹਨੇ ਆਪਣੇ ਕੱਪੜੇ ਪਾੜ ਕੇ ਰੱਸੀ ਬਣਾਉਣੀ ਸ਼ੁਰੂ ਕਰ ਦਿੱਤੀ। ਰੱਸੀ ਫੇਰ ਵੀ ਨਾ ਪਹੁੰਚੀ, ਉਸ ਤੋਂ ਬਾਅਦ ਉਹਨੇ ਆਪਣੇ ਕੇਸ ਕੱਟ ਲਏ, ਸਿਰ ਦੀ ਸੋਭਾ ਗੁਆ ਲਈ, ਰੱਸੀ ਬਣਾ ਲਈ, ਰੱਸੀ ਬਣਾ ਕੇ ਇੱਕ ਚਾਦਰ ਦਾ ਛੋਟਾ ਜਿਹਾ ਟੁਕੜਾ ਪਾਣੀ ਵਿੱਚ ਭਿਉਂ ਲਿਆ ਕਰੇ। ਬਾਹਰ ਆ ਕੇ ਨਿਚੋੜ ਦਿਆ ਕਰੇ। ਉਹ ਪਾਣੀ ਸਾਰੇ ਕਤੂਰਿਆਂ ਨੇ ਵੀ ਪੀਤਾ, ਕੁੱਤੀ ਨੇ ਵੀ ਪੀਤਾ। ਦੁਆ ਹੋਈ ਉਹਦੇ ਵਾਸਤੇ। ਉਧਰਲੇ ਪਾਸੇ ਜਿਹੜਾ ਕਾਫਲਾ ਸੀ ਉਹ ਕਾਹਬੇ ਪਹੁੰਚ ਗਿਆ। ਉਸ ਵੇਲੇ ਇਬਰਾਹੀਮ ਸੀ ਇਨ੍ਹਾਂ ਸਾਰਿਆਂ ਦਾ ਮੁੱਖੀ। ਇਬਰਾਹੀਮ ਜਦ ਆਇਆ ਤਾਂ ਹੈਰਾਨ ਹੋ ਗਏ ਸਾਰੇ ਕਿ ਕਾਹਬੇ ਦੇ ਦਰਸ਼ਨ ਹੀ ਨਹੀਂ ਹੁੰਦੇ। ਗੁਰੂ ਨਾਨਕ ਪਾਤਸ਼ਾਹ ਦਾ ਤਾਂ ਬਾਅਦ ਵਿੱਚ ਆਉਂਦਾ ਹੈ ਨਾ ਕਿ ਕਾਹਬਾ ਘੁੰਮ ਗਿਆ ਜਿਧਰ ਚਰਨ ਕਰੇ ਸੀ ਮਹਾਰਾਜ ਦੇ। ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਕਾਹਬਾ ਪਹਿਲਾਂ ਵੀ ਗਾਇਬ ਹੋਇਆ ਸੀ। ਉਸ ਵੇਲੇ ਦੁਆ ਕੀਤੀ ਕਿ ਹੇ ਅੱਲਾਹ ਤਾਲਾ ਕਾਹਬਾ ਕਿੱਥੇ ਚਲਿਆ ਗਿਆ। ਉਹ ਕਹਿਣ ਲੱਗੇ ਰਾਵੀਆ ਨੂੰ ਹੱਜ ਕਰਾਉਣ ਵਾਸਤੇ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਿਵੇਂ ਹੋ ਗਿਆ। ਉਹ ਕਹਿੰਦੇ, ਉਹਨੇ ਦਇਆ ਕਰਕੇ ਮੈਨੂੰ ਰਿਝਾ ਲਿਆ। ਇਸ ਕਰਕੇ ਕਾਹਬਾ ਉਥੇ ਗਿਆ ਹੈ। ਜਿਸ ਵਕਤ ਉਹ ਉਥੇ ਜਾਂਦੇ ਨੇ, ਉਸ ਲੜਕੀ ਕੋਲ ਕੱਪੜਾ ਤਾਂ ਕੋਈ ਹੈ ਨਹੀਂ ਸੀ, ਰੇਤਾ ਪੁੱਟਿਆ, ਗਲ-ਗਲ ਤੱਕ ਟੋਆ ਪੁੱਟ ਕੇ ਉਸਦੇ ਵਿੱਚ ਬੈਠ ਗਈ। ਸਿਰ ਦਿਸਦਾ ਸੀ ਬਾਹਰ। ਉਹਦੇ ਆਲੇ-ਦੁਆਲੇ ਜੰਗਲੀ ਜਾਨਵਰ ਬੈਠੇ ਸੀ। ਬੈਠੇ ਉਹ ਜਿਹੜੇ ਇੱਕ ਦੂਜੇ ਦੇ ਵਿਰੋਧੀ ਨੇ। ਜਿਵੇਂ ਹਰਨ ਹੈ ਨਾਲ ਬਘਿਆੜ ਬੈਠਾ ਹੈ, ਸ਼ੇਰ ਬੈਠਾ ਹੈ, ਬੱਕਰੀ ਬੈਠੀ ਹੈ। ਉਹ ਹੈਰਾਨ ਹੋ ਗਿਆ ਇਬਰਾਹੀਮ ਕਿ ਕਮਾਲ ਦੀ ਗੱਲ ਹੈ ਕਿ ਇਹਦੇ ਆਲੇ-ਦੁਆਲੇ ਤਾਂ ਜੰਗਲੀ ਜਾਨਵਰ ਬੈਠੇ ਨੇ ਵਿਰੋਧੀ ਸੁਭਾਵਾਂ ਦੇ ਜਿਵੇਂ ਗੁਰੂ ਮਹਾਰਾਜ ਦੇ ਪਾਸ ਜਦੋਂ ਕੀਰਤਨ ਹੋਇਆ ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰੇ ਜਾਨਵਰ ਵਿਰੋਧੀ ਨੇ। ਮਹਾਰਾਜ ਕਹਿੰਦੇ ਪਿਆਰਿਆ! ਇਨ੍ਹਾਂ ਦੇ ਅੰਦਰ ਸ਼ਬਦ ਚਲਿਆ ਗਿਆ, ਇਨ੍ਹਾਂ ਦਾ ਵਿਰੋਧ ਖਤਮ ਹੋ ਗਿਆ। ਉਥੇ ਜਦ ਆਏ ਤਾਂ ਜਾਨਵਰ ਉਠ ਕੇ ਤੁਰ ਗਏ। ਕਹਿਣ ਲੱਗੇ, ਐ ਰਾਵੀਆ! ਤੂੰ ਕਿਹੜਾ ਕੰਮ ਕੀਤਾ ਹੈ, ਜਿਹਦੇ ਕਰਕੇ ਤੂੰ ਦਰਗਾਹ ਵਿੱਚ ਪ੍ਰਵਾਨ ਹੋ ਗਈ। ਉਹ ਕਹਿਣ ਲੱਗੀ, ਮੈਂ ਤਾਂ ਕੋਈ ਕੰਮ ਨਹੀਂ ਕੀਤਾ, ਮੈਂ ਤਾਂ ਇੱਥੇ ਇੱਕ ਕੁੱਤੀ ਸੀ ਪਿਆਸੀ, ਬੱਚਿਆਂ ਨੂੰ ਲਈਂ ਫਿਰਦੀ ਸੀ, ਮੈਂ ਆਪਣੇ ਕੱਪੜੇ ਵੀ ਪਾੜ ਦਿੱਤੇ ਤੇ ਕੇਸ ਵੀ ਕੱਟ ਦਿੱਤੇ ਉਹਦੀ ਰੱਸੀ ਬਣਾਈ ਹੈ ਤਾਂ ਉਨ੍ਹਾਂ ਨੇ ਪਾਣੀ ਪੀਤਾ ਹੈ।

ਸੋ ਇਹ ਦਇਆ ਦਾ ਕੰਮ ਹੈ। ਸੱਠ ਕੋਹ ਦੇ ਉਤੇ ਆ ਕੇ ਕਾਹਬੇ ਨੇ ਰਾਵੀਆ ਨੂੰ ਦਰਸ਼ਨ ਦਿੱਤੇ। ਸੋ ਦਇਆ ਨਾ ਮਨੁੱਖ ਵਿੱਚ ਹੋਵੇ, ਮਹਾਰਾਜ ਕਹਿੰਦੇ ਕਸਾਈ ਹੁੰਦਾ ਹੈ। ਇਹ ਧਰਮ ਨਹੀਂ ਹੁੰਦਾ -

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ
ਅਧਰਮੁ ਕਹਹੁ ਕਤ ਭਾਈ ॥ *ਅੰਗ - ੧੧੦੩*

ਜੀਵਾਂ ਨੂੰ ਵੱਢ-ਵੱਢ ਕੇ ਖਾਂਦਾ ਹੈਂ, ਧਰਮ ਕਿਹੜਾ ਹੋਇਆ ਇਹ? ਫੇਰ ਧਰਮ ਦੀ ਪਰਿਭਾਸ਼ਾ ਕੀ ਹੋਈ?

ਆਪਸ ਕਉ ਮੁਨਿਵਰ ਕਰਿ ਥਾਪਹੁ ਕਾ
ਕਉ ਕਹਹੁ ਕਸਾਈ ॥ *ਅੰਗ - ੧੧੦੩*

ਫੇਰ ਕਸਾਈ ਕੀਹਨੂੰ ਕਹੋਂਗੇ, ਤੁਸੀਂ ਆਪ ਹੀ ਹੋਏ।

ਅਠਸਠਿ ਤੀਰਥ ਸਗਲ
ਪੁੰਨ ਜੀਅ ਦਇਆ ਪਰਵਾਨੁ ॥ *ਅੰਗ - ੧੩੬*

ਇਹ ਦਇਆ ਦੁਆਪਰ ਵਿੱਚ ਅੱਧੀ ਹੋ ਗਈ ਸੀ ਕਿਉਂਕਿ ਜਾਨਵਰਾਂ ਦੀਆਂ ਕੁਰਬਾਨੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸੀ।

ਇਸ ਤਰ੍ਹਾਂ ਦੇ ਨਾਲ ਫੇਰ ਹੋਇਆ ਕਰਦਾ ਹੈ ਮਿੱਠਾ ਬਚਨ। ਕੌੜਾ ਬਚਨ ਨਾ ਬੋਲਣਾ -

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਅੰਗ - ੪੭੩

ਗੁਰੂ ਮਹਾਰਾਜ ਨੇ ਵਰਜਿਆ ਹੈ ਗੁਰਸਿੱਖਾਂ ਨੂੰ ਕਿ ਫਿੱਕਾ ਨਹੀਂ ਬੋਲਣਾ। ਪਿਆਰ ਦੇ ਨਾਲ ਗੱਲ ਕਰੋ। ਪਿਆਰ ਨਾਲ ਜਿੱਤੋ ਸਭ ਨੂੰ। ਇਸ ਤੋਂ ਅੱਗੇ ਹੋਇਆ ਕਰਦਾ ਹੈ ਸਤਿ ਬੋਲਣਾ। ਬਚਨ ਜਿਹੜਾ ਮੂੰਹ ਤੋਂ ਕਹਿਣਾ ਹੈ ਸਤਿ ਕਹਿਣਾ ਹੈ। ਝੂਠਾ ਬਚਨ ਨਹੀਂ ਕਹਿਣਾ ਹੈਗਾ। ਸ਼ੀਲ ਹੁੰਦਾ ਹੈ ਚਰਿੱਤਰ। ਚਰਿੱਤਰ ਦੇ ਸਿਆਣਿਆਂ ਨੇ 29-30 ਭੇਤ ਗਿਣੇ ਨੇ। ਕੌੜਾ ਬੋਲਣਾ ਚਰਿੱਤਰ ਨਹੀਂ ਹੈ, ਪੈਸੇ ਲੈ ਕੇ ਮੁੱਕਰ ਜਾਣਾ ਚਰਿੱਤਰ ਨਹੀਂ ਹੈ, ਫਜ਼ੂਲ ਗੱਲਾਂ ਕਰਨੀਆਂ; ਇਸ ਤਰ੍ਹਾਂ ਦੇ ਨਾਲ ਉਹ ਪੂਰਾ ਮਨੁੱਖ ਹੁੰਦਾ ਹੈ ਜਿਹੜਾ ਜ਼ਿੰਮੇਵਾਰੀ ਦੇ ਨਾਲ ਸ਼ੀਲਤਾ ਨੂੰ ਕਾਇਮ ਰੱਖਦਾ ਹੈ। ਫੇਰ ਹੁੰਦੀ ਹੈ 'ਸੌਚ'; ਸੌਚ ਹੁੰਦੀ ਹੈ ਆਪਣੇ ਸਰੀਰ ਨੂੰ ਪਵਿੱਤਰ ਰੱਖਣਾ, ਆਪਣੇ ਘਰ ਨੂੰ ਪਵਿੱਤਰ ਰੱਖਣਾ, ਆਪਣੇ ਬਚਨਾਂ ਨੂੰ ਪਵਿੱਤਰ ਰੱਖਣਾ। ਆਪਣੇ ਮਨ ਨੂੰ ਮੈਲ ਨਾ ਲੱਗਣ ਦੇਣੀ। ਆਪਣੀ ਬੁੱਧੀ ਨੂੰ ਪਵਿੱਤਰ ਰੱਖਣਾ। ਆਪਣੇ ਅੰਦਰ ਜੋ ਜੀਵ ਆਤਮਾ ਹੈ ਉਹਨੂੰ ਪਵਿੱਤਰ ਰੱਖਣਾ। ਸੋ ਇਸ ਤਰ੍ਹਾਂ ਦੇ ਨਾਲ ਇਹ ਗੁਣ ਹੋਇਆ ਕਰਦੇ ਨੇ ਜਿਨ੍ਹਾਂ ਨੂੰ ਧਰਮ ਕਹਿੰਦੇ ਨੇ। ਫੇਰ ਹੋਇਆ ਕਰਦਾ 'ਸੰਤੋਖ', ਤ੍ਰਿਸ਼ਨਾ ਬਿਨਾਂ। ਮਿਹਨਤ ਕਰੋ ਜੀਅ ਭਰ ਕੇ ਜਿੰਨੀ ਕਰ ਸਕਦੇ ਓਂ, ਉਹਦੇ 'ਚ ਕੁਤਾਹੀ ਨਾ ਕਰੋ, ਪ੍ਰਮੇਸ਼ਰ ਮੁਆਫ ਨਹੀਂ ਕਰਦਾ ਹੇ ਤਨਖਾਹ ਵੀ ਲੈਂਦਾ ਹੈ ਤੇ ਕੁਤਾਹੀ ਵੀ ਕਰਦਾ ਹੈ। ਲੇਕਿਨ ਜੋ ਕੁਛ ਹਾਸਿਲ ਹੋ ਗਿਆ, ਜੋ ਕੁਛ ਮਿਲ ਗਿਆ ਉਹਦੇ ਉਤੇ ਸੰਤੋਖ ਕਰੋ। ਤ੍ਰਿਸ਼ਨਾ ਵਿੱਚ ਨਾ ਆਓ, ਕਿਉਂਕਿ -

ਏਹ ਤਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ ॥ *ਅੰਗ - ੯੧੯*

ਆਦਮੀ ਤ੍ਰਿਸ਼ਨਾ ਦੇ ਵਿੱਚ ਰੁੜ੍ਹ ਰਿਹਾ ਹੈ। ਰੁੜ੍ਹਿਆ ਹੋਇਆ ਪ੍ਰਮੇਸ਼ਰ ਵਿਸਰਿਆ ਹੋਇਆ ਹੈ, ਮਰਨਾ ਭੁੱਲਿਆ ਹੋਇਆ ਹੈ। 80 ਸਾਲ ਦੀ ਉਮਰ ਹੁੰਦੀ ਹੈ, ਕੋਠੀਆਂ ਬਣਾ ਰਿਹਾ ਹੁੰਦਾ ਹੈ ਉਸ ਵੇਲੇ। ਤ੍ਰਿਸ਼ਨਾ 'ਚ ਲੱਗਿਆ ਪਿਆ ਹੈ। ਸੋ ਤ੍ਰਿਸ਼ਨਾ ਆਦਮੀ ਨੂੰ ਜਿਹੜੀ ਹੈ ਇਹ ਇੱਕ ਅੱਗ ਹੋਇਆ ਕਰਦੀ ਹੈ।

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥ *ਅੰਗ - ੨੧੩*

ਕਰੋੜ ਰੁਪਿਆ ਜੁੜ ਗਿਆ, ਕਹਿੰਦਾ ਹੈ ਕਿ ਮੈਂ ਤਾਂ ਅਜੇ ਬਿਲੀਅਨਰ ਨਹੀਂ ਹੋਇਆ ਅਜੇ, ਕ੍ਰੋੜੀ ਹੀ ਹੋਇਆ ਹਾਂ। ਹੋਰ ਅੱਗੇ ਚੱਲ ਪਿਆ। ਇਹਦਾ ਅੰਤ ਨਹੀਂ ਹੈ ਮਹਾਰਾਜ ਕਹਿੰਦੇ-

ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥
ਦੇਵੈ ਦਿਲਾਵੈ ਰਜਾਵੈ ਖੁਦਾਇ॥
ਹੋਤਾ ਨ ਰਾਖੈ ਅਕੇਲਾ ਨ ਖਾਇ॥
ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥

ਨਸੀਹਤਨਾਮਾ

ਜੇ ਵਾਹਿਗੁਰੂ ਨੇ ਪੈਸਾ ਦਿੱਤਾ ਹੈ ਉਹਨੇ ਕਿਸੇ ਚੰਗੇ ਕਾਰਜਾਂ ਦੇ ਉਤੇ ਵਰਤ। ਉਸ ਤੋਂ ਕੰਮ ਲੈ, ਸੰਸਾਰ ਦਾ ਭਲਾ ਕਰ। ਵਾਹਿਗੁਰੂ ਸੰਸਾਰ 'ਚ ਵਸਦਾ ਹੈ। ਹਰ ਥਾਂ 'ਤੇ ਵਸਦਾ ਹੈ। ਜੇ ਵਾਹਿਗੁਰੂ ਨੂੰ ਪ੍ਰਸੰਨ ਕਰਨਾ ਹੈ, ਸੇਵਾ ਕਰਨੀ ਸ਼ੁਰੂ ਕਰ। ਗੁਰਦੁਆਰੇ ਵਗੈਰਾ ਬਣਾਉਣਾ ਠੀਕ ਹੈ ਸਾਡੇ ਵਾਸਤੇ, ਮਾਨਸਿਕ ਤਸੱਲੀ ਮਿਲਦੀ ਹੈ, ਲੇਕਿਨ ਇਸ ਤੋਂ ਅੱਗੇ ਸਮਾਜ ਦੇ ਬਾਰੇ ਵੀ ਸੋਚੋ, ਬੱਚਿਆਂ ਬਾਰੇ ਸੋਚੋ, ਬੇਅੰਤ ਪੈਸਾ ਵਾਹਿਗੁਰੂ ਨੇ ਤੁਹਾਨੂੰ ਦਿੱਤਾ, ਥੋੜ੍ਹਾ-ਥੋੜ੍ਹਾ ਪੈਸਾ ਵੀ ਕੱਢੋ, ਟੈਲੀਵੀਜ਼ਨ ਲਾ ਸਕਦੇ ਓਂ, ਉਥੋਂ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਪ੍ਰਸਾਰ ਹੋ ਸਕਦੇ ਨੇ। ਫੇਰ ਤੁਸੀਂ ਕੋਈ ਟੈਕਨੀਕਲ ਸਕੂਲ, ਕਾਲਜ ਬਣਾ ਸਕਦੇ ਓਂ, ਬੱਚੇ ਬੜੇ ਔਖੇ ਨੇ ਮੈਂ ਜਿੱਥੇ ਵੀ ਜਾਂਦਾ ਹਾਂ, ਮੈਨੂੰ ਇਹੀ ਸ਼ਿਕਾਇਤ ਆਉਂਦੀ ਹੈ ਕਿ ਬੱਚੇ ਨੇ ਕੇਸ ਮੁਨਾ ਦਿੱਤੇ ਸੀ। ਅਸਰ ਪੈਂਦਾ ਹੈ ਉਨ੍ਹਾਂ ਦਾ, ਉਹ ਆਪਣੇ ਦ੍ਰਿੜ੍ਹ ਇਰਾਦੇ 'ਤੇ ਨਹੀਂ ਰਹਿ ਸਕਦੇ। ਕਿਉਂਕਿ ਐਸਾ ਹੀ ਹੈ। ਸੋ ਇਹ ਜਿਹੜੀਆਂ ਚੀਜ਼ਾਂ ਨੇ ਸੰਤੋਖ ਦੇ ਵਿੱਚ ਰਹਿ ਕੇ ਅਸੀਂ ਇਹ ਚੀਜ਼ਾਂ ਕਰ ਸਕਦੇ ਹਾਂ। ਸੋ ਇਹ ਇੱਕ ਜੀਵਨ ਹੈ।

ਦੂਜਾ ਹੈ ਭੈ ਰਹਿਤ ਹੋਣਾ -

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਅੰਗ - ੧੪੨੭

ਡਰਦਾ ਉਹ ਹੈ ਜਿਹੜਾ ਗਲਤ ਕੰਮ ਕਰਦਾ ਹੈ। ਇਨਕਮਟੈਕਸ ਦੀ ਚੋਰੀ ਕਰਨ ਵਾਲਾ ਡਰੀ ਜਾਏਗਾ ਕਿ ਕਿਤੇ ਫੜਿਆ ਨਾ ਜਾਵਾਂ ਮੈਂ। ਦੂਜਾ ਡਰੇਗਾ ਉਹ ਕਿ ਇੱਥੋਂ ਸਮਾਨ ਲੈ ਕੇ ਚੱਲ ਪਓ, ਕਸਟਮ ਨੂੰ ਬਚਾਉਣ ਵਾਸਤੇ ਲਕੋ ਲਓ ਤੇ ਆਦਮੀ ਸਾਰੇ ਰਸਤੇ ਡਰਦਾ ਹੀ ਜਾਏਗਾ, ਕਿਤੇ ਫੜ ਨਾ ਹੋ ਜਾਏ, ਇਹ ਭੈ ਕਹਾਉਂਦਾ ਹੈ। ਭੈ ਆਉਂਦਾ ਹੈ ਗਲਤ ਕੰਮਾਂ ਨਾਲ

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥
ਅੰਗ - ੮੪

ਸੋ ਇਸ ਤਰ੍ਹਾਂ ਦੇ ਨਾਲ ਸਾਰੇ ਚਰਿੱਤਰ ਨੂੰ ਧਰਮ ਕਿਹਾ ਜਾਂਦਾ ਹੈ। ਮਿੱਠਾ ਬੋਲਣਾ, ਦਾਨ ਕਰਨਾ, ਸੇਵਾ ਕਰਨੀ; ਇਹ ਤਾਂ ਇੱਕ ਫੈਕਟਰ ਹੋ ਗਿਆ ਜਿਸਨੂੰ ਅਸੀਂ ਧਰਮ ਕਹਿੰਦੇ ਹਾਂ। ਦੂਸਰਾ ਹੋਇਆ ਕਰਦਾ ਹੈ ਆਦਮੀ ਦੇ ਅੰਦਰ ਗਿਆਨ। ਬ੍ਰਹਮਗਿਆਨ ਤੱਕ ਪਹੁੰਚਣਾ ਆਦਮੀ ਵਾਸਤੇ ਜ਼ਰੂਰੀ ਹੈ, ਤਾਂ ਇਹਦਾ ਆਉਣਾ ਜਾਣਾ ਖਤਮ ਹੁੰਦਾ ਹੈ ਨਹੀਂ ਤਾਂ ਖਤਮ ਨਹੀਂ ਹੋਇਆ ਕਰਦਾ। ਹਉਮੈ ਤੋਂ ਰਹਿਤ ਹੋਣਾ, ਹਉਮੈ ਨੂੰ ਸਮਝਣਾ ਕਿ ਹਉਮੈ ਕੀ ਹੈ। ਹਉਮੈਂ ਸਾਨੂੰ ਉਲਝਾਈ ਫਿਰਦੀ ਹੈ। ਜਿਹੜਾ 'ਮੈਂ' ਅਰ 'ਮੇਰਾ' ਹੈ ਨਾ ਇਹ ਦੋ ਚੀਜ਼ਾਂ ਆਦਮੀ ਦੇ ਅੰਦਰ ਸੁਭਾਵਿਕ ਆਈਆਂ ਹੋਈਆਂ ਨੇ। ਕੋਈ ਐਸਾ ਬੰਦਾ ਨਹੀਂ ਜਿਸਦੇ ਅੰਦਰ ਨਹੀਂ ਆਈਆਂ। ਜਿੰਨੀ ਦੇਰ ਤੱਕ ਹਉਮੈ ਹੈ -

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥

ਅੰਗ - ੪੬੬

ਜਿਹੜੀ ਸ਼ਖਸ਼ੀਅਤ ਹੈ ਨਾ ਇਹਨੂੰ ਹਉਮੈ ਕਹਿੰਦੇ ਨੇ, ego ਨਹੀਂ ਹੁੰਦੀ, ਈਗੋ ਹੋਰ ਚੀਜ਼ ਹੁੰਦੀ ਹੈ। ਇਹ ਇਕ ਭਾਵ ਹੈ ਮੈਂ ਤੇ ਮੇਰੀ ਦਾ ਇਹਨੂੰ ਕੱਟਣ ਵਾਸਤੇ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਉਪਦੇਸ਼, ਹਉਮੈ ਦੂਰ ਕਰਨ ਵਾਸਤੇ ਨੇ। ਹਉਮੈ ਦੇਹ ਅਧਿਆਸ ਤੋਂ ਪੈਦਾ ਹੁੰਦੀ ਹੈ। ਜਦੋਂ ਇਹ ਆਪਣੇ ਆਪ ਨੂੰ ਦੇਹ ਨਹੀਂ ਮੰਨਦਾ, ਮਨ ਨਹੀਂ ਮੰਨਦਾ, ਬੁੱਧੀ ਨਹੀਂ ਮੰਨਦਾ, ਚਿੱਤ ਨਹੀਂ ਮੰਨਦਾ, ਮੈਂ ਜਿਹੜਾ ਇੱਕ ਪਰਛਾਵਾਂ ਹੈ ਉਹ ਨਹੀਂ ਮੰਨਦਾ, ਇਹ ਸਮਝਦਾ ਹੈ ਕਿ ਮੈਂ ਆਤਮਾ ਹਾਂ। ਆਤਮਾ ਸਾਰੇ ਪਰੀਪੂਰਨ ਹੈ, ਆਤਮਾ ਦਾ ਹੀ ਸਾਰੇ ਪਸਾਰਾ ਹੈ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ
ਪ੍ਰਭ ਬਿਨਾ ਨਹੀ ਜਾਣੀਐ ॥ ਅੰਗ - ੮੪੬

ਸੋ ਦੂਸਰੀ ਹੋਇਆ ਕਰਦੀ ਹੈ ਸੁੱਚੀ ਕਿਰਤ। ਕਿਰਤ ਨੂੰ ਬੜੀ ਭਾਰੀ ਮਹੱਤਤਾ ਦਿੱਤੀ ਹੈ। ਮਹਾਤਮਾ ਬੁੱਧ ਨੇ ਅਸ਼ਟਾਂਗ ਯੋਗ ਦੇ ਅੰਦਰ ਕਿਰਤ ਨੂੰ ਮਹੱਤਤਾ ਦਿੱਤੀ ਹੈ। ਤੁਸੀਂ ਸਾਰੇ ਕਿਰਤ ਕਰਦੇ ਓਂ, ਠੀਕ ਹੈ, ਨੇਕ ਕਿਰਤ ਕਰਦੇ ਓਂ, ਝੂਠ ਨਹੀਂ ਬੋਲਦੇ, ਗਲਤ ਕੰਮ ਨਹੀਂ ਕਰਦੇ, ਇਹ ਇੱਕ ਬੜਾ ਭਾਰੀ ਗੁਣ ਹੈ। ਕਿਰਤ ਦਾ ਜਿਹੜਾ ਅਨਾਜ ਪੈਦਾ ਕਰਿਆ ਹੋਇਆ, ਪੈਸਾ ਪੈਦਾ ਕਰਿਆ ਹੋਇਆ, ਉਹਦਾ ਅੰਨ੍ਹ ਮਨ ਨਿਰਮਲ ਕਰਦਾ ਹੈ। ਸੁੱਚੀ ਕਿਰਤ ਦਾ -

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ ਅੰਗ - ੧੨੪੫

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

ਅੰਗ - ੪੭੨

ਦੂਸਰਾ ਨਹੀਂ ਮਿਲਿਆ ਕਰਦਾ। ਜਿਹੜੀ ਚੌਥੀ ਹੈ ਉਹ ਹੈ ਆਦਮੀ ਵਾਸਤੇ - ਆਤਮ ਰਸੀਆ ਹੋਣਾ। ਪਹਿਲਾਂ ਆਤਮਾ ਦਾ ਗਿਆਨ ਹੋਵੇ, ਫੇਰ ਆਤਮਾ ਦਾ ਚਿੰਤਨ ਹੋਵੇ, ਜਿਵੇਂ ਨਾਮ ਰਸੀਆ ਹੈ ਏਸੇ ਤਰ੍ਹਾਂ ਆਤਮ ਰਸੀਆ ਹੋਇਆ ਕਰਦਾ ਹੈ। ਫੇਰ ਆਸੁਰੀ ਸੰਪਰਦਾ ਉਹਦੇ ਨੇੜੇ ਨਾ ਹੋਵੇ, ਨਾ ਵੈਰ, ਨਾ ਵਿਰੋਧ, ਨਾ ਕਾਮ, ਨਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਸ਼ਬਦ, ਸਪਰਸ਼, ਰੂਪ, ਰਸ, ਗੰਧ; ਹੰਸ, ਹੇਤ, ਕੋਪ, ਲੋਭ ਚਾਰੇ ਨਦੀਆਂ ਅੱਗ; ਰਾਜ, ਮਾਲ, ਰੂਪ, ਜਾਤ, ਜੋਬਨ, ਪੰਜੇ ਠੱਗ; ਇਹ ਇੱਕ ਮਹਿਕਮਾ ਹੈ ਇਹਨੂੰ ਤਿੰਨ ਚਾਰ ਸੌ ਗਿਣ ਲੈਂਦੇ ਨੇ। ਇਹਨੂੰ ਆਸੁਰੀ ਸੰਪਰਦਾ ਕਹਿੰਦੇ ਨੇ। ਜਿਹੜੀ ਆਦਮੀ ਨੂੰ ਗਲਤ ਪਾਸੇ ਲੈ ਕੇ ਜਾਂਦੀ ਹੈ। ਦੂਸਰੀ ਇਹਦੇ ਉਲਟ ਦੈਵੀ ਸੰਪਰਦਾ ਹੈ। ਸੋ ਇਹ ਇੱਕ ਸੁੱਚਾ ਇਨਸਾਨ ਜਿਹੜਾ ਹੈ ਉਹਦੇ ਵਿੱਚ ਇਹ ਚੀਜ਼ਾਂ ਹੁੰਦੀਆਂ ਨੇ। ਉਹ ਰਿਸ਼ੀ ਦਾ ਦਰਜਾ ਹਾਸਿਲ ਕਰਦਾ ਹੈ, ਮੁਨੀ ਦਾ, ਖਾਲਸੇ ਦਾ। ਇਸ ਆਦਰਸ਼ ਨੂੰ ਲਿਆਉਣ ਵਾਸਤੇ ਗੁਰੂ ਨਾਨਕ ਸਾਹਿਬ ਤੋਂ ਹੀ ਬਾਣੀ ਦੀ ਰਚਨਾ ਹੋਈ, ਸਿੱਖੀ ਦਾ ਬੀਜ ਫਲਿਆ, ਉਪਦੇਸ਼ ਹੋਏ, ਨੌਂ ਗੁਰੂ ਸਾਖਸ਼ਾਤ ਦੇਹ ਦੇ ਵਿੱਚ ਆ ਕੇ, ਬੇਅੰਤ ਸੰਸਾਰ ਦਾ ਭਰਮਣ ਕਰਕੇ ਸਮਝਾਉਂਦੇ ਰਹੇ। ਲੇਕਿਨ ਉਹ ਜਿਹੜੀ ritual ਸੀ, ਉਹ ਜੜ੍ਹ ਫੜੀ ਹੋਈ ਸੀ ਉਹਨੇ, ਉਹ ਟੁੱਟ ਨਹੀਂ ਸੀ ਰਹੀ। ਇਹਦੇ ਬਾਰੇ ਬਾਰ-ਬਾਰ ਹੋਇਆ। ਇੱਕ ਤਾਂ ਸਮਾਜ ਵੰਡੀ ਗਈ ਚਾਰ ਹਿੱਸਿਆਂ ਦੇ ਵਿੱਚ। ਇਹਨੇ ਬਹੁਤ ਵੱਡਾ ਨੁਕਸਾਨ ਦਿੱਤਾ ਭਾਰਤ ਵਰਸ਼ ਨੂੰ। ਕਿਉਂਕਿ ਚਾਰ ਹੋਏ, ਪਹਿਲਾਂ ਤਾਂ ਉਹ ਠੀਕ ਸੀਗਾ ਕਿ ਜਿਹੜਾ ਕਿਰਤ ਕਰਨ ਦੇ ਵਿੱਚ ਮਹੱਤਤਾ ਰੱਖਦਾ ਹੈ, ਸੇਵਾ ਕਰਦਾ ਹੈ, ਉਹਨੂੰ ਸ਼ੂਦਰ ਕਹਿ ਦਿੱਤਾ, ਜਿਹੜਾ ਵਣਜ ਵਪਾਰ ਕਰ ਸਕਦਾ ਹੈ, ਉਹ ਵਣਜ ਵਪਾਰ ਕਰੇ, ਉਹਨੂੰ ਵੈਸ਼ ਕਿਹਾ, ਜਿਹੜਾ ਫੌਜ ਦੇ ਵਿੱਚ ਫਿੱਟ ਹੋ ਸਕਦਾ ਹੈ, ਦੇਸ਼ ਦੀ ਰਾਖੀ ਵਾਸਤੇ, ਉਹ ਜ਼ਮੀਨ ਦਾ ਮਾਲਕ ਹੋਵੇ ਤੇ ਖੱਤਰੀ ਉਹਨੂੰ ਕਹਿੰਦੇ ਸੀ, ਚੌਥਾ ਜਿਹੜਾ ਖੋਜ ਕਰਦਾ ਸੀ, ਉਹਨੂੰ ਬ੍ਰਾਹਮਣ ਕਹਿੰਦੇ ਸੀ। ਉਹ ਮਾੜੀ ਨਹੀਂ ਸੀ ਵੰਡ। ਪੱਕੀ ਨਹੀਂ ਸੀ, ਕੋਈ ਵੀ ਬੰਦਾ ਤਰੱਕੀ ਕਰਕੇ ਇੱਕ ਦੂਜੇ ਦੇ ਥਾਂ ਆ ਸਕਦਾ ਸੀ। ਲੇਕਿਨ ਬਾਅਦ ਵਿੱਚ ਜਿਉਂ-ਜਿਉਂ ਚਲਦਾ ਗਿਆ, ਸ਼ੂਦਰ ਬਿਲਕੁਲ ਹੀ ਥੱਲੇ ਸੁੱਟ ਦਿਤਾ ਗਿਆ, ਵੈਸ਼ਨੂੰ ਨੂੰ ਵੀ, ਬ੍ਰਾਹਮਣ ਦਾ ਧਰਮ ਖੱਟ ਧਰਮ ਹੋ ਗਿਆ ਉਹਨੇ ਵੇਦ ਪੜ੍ਹਨੇ, ਵੇਦ ਪੜ੍ਹਾਉਣੇ, ਉਹਨੂੰ ਦਾਨ ਦੇਣਾ, ਦਾਨ ਲੈਣਾ, ਦਾਨ ਲਿਆਉਣਾ, ਯੱਗ ਕਰਨਾ ਤੇ ਯੱਗ ਕਰਾਉਣਾ। ਖੱਤਰੀਆਂ ਦੇ ਜਿਹੜੇ ਸੀ ਉਹ ਪੰਜ ਧਰਮ ਸੀ। ਜਿਹੜੇ ਵੈਸ਼ ਸੀਗੇ ਉਹ ਵੇਦ ਪੜ੍ਹਾ ਨਹੀਂ ਸੀ ਸਕਦੇ। ਯੱਗ ਨਹੀਂ ਸੀ ਕਰਾ ਸਕਦੇ, ਦਾਨ ਦੇ ਸਕਦੇ ਸੀ, ਲੈ ਨਹੀਂ ਸੀ ਸਕਦੇ। ਸ਼ੂਦਰ ਜਿਹੜਾ ਸੀ ਉਹਨੂੰ ਕਿਹਾ ਕਿ ਤੈਨੂੰ ਕੁਛ ਕਰਨ ਦੀ ਲੋੜ ਨਹੀਂ। ਤੂੰ ਭਜਨ ਵੀ ਨਹੀਂ ਕਰਨਾ ਤੂੰ ਸੇਵਾ ਕਰ, ਉੱਚੀਆਂ ਜਾਤੀਆਂ ਦੀ, ਦੁਬਾਰਾ ਤੈਨੂੰ ਉਚੀਆਂ ਜਾਤੀਆਂ 'ਚ ਜਨਮ ਮਿਲੇਗਾ, ਫੇਰ ਤੂੰ ਅਧਿਕਾਰੀ ਹੋਏਂਗਾ। ਜੇ ਕਿਤੇ ਸ਼ੂਦਰ ਨੇ ਓਅੰਕਾਰ ਕਹਿ ਦਿੱਤਾ, ਉਹਨੂੰ ਬਹੁਤ ਸਜ਼ਾ ਮਿਲਦੀ ਸੀ।

ਸ੍ਰੀ ਰਾਮ ਚੰਦਰ ਜੀ ਦੇ ਵੇਲੇ ਇੱਕ ਰਿਸ਼ੀ ਸੀ, ਉਹਦੀ ਬਹੁਤ ਵੱਡੀ ਮਹਾਨਤਾ ਹੋ ਗਈ। ਬ੍ਰਹਮਗਿਆਨੀ ਸੀ, ਛੋਟੀ ਜਾਤ ਦਾ ਸੀ, ਚੰਡਾਲ ਜਾਤੀ ਦਾ ਜਿਵੇਂ ਬਾਲਮੀਕ ਸੀ। ਉਥੇ ਕਿਸੇ ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ। ਉਨ੍ਹਾਂ ਨੇ ਆ ਕੇ ਸਤਿਆ ਗ੍ਰਹਿ ਕਰ ਦਿੱਤਾ ਰਾਮ ਚੰਦਰ ਜੀ ਦੇ ਦਰਬਾਰ 'ਚ ਕਿਉਂਕਿ ਉਹ ਰਾਜੇ ਸੀਗੇ, ਰਾਜਾ ਰਾਮ ਤੇ ਰਾਮ ਚੰਦਰ ਜੀ ਦਾ ਫਰਕ ਹੈ ਆਪਸ ਵਿੱਚ, ਰਾਜਾ ਰਾਮ ਮਰਿਆਦਾ ਪੁਰਸ਼ੋਤਮ ਸੀ, ਰਾਮ ਚੰਦਰ ਜੀ ਸਰਬ ਕਲਾ ਸਮਰੱਥ ਇੱਕੋ ਵਿਅਕਤੀ ਸੀਗੇ

ਉਹ। ਉਨ੍ਹਾਂ ਨੂੰ ਕਿਹਾ ਗਿਆ ਕਿ ਇਸ ਵੇਲੇ ਅਨੀਤੀ ਹੋ ਰਹੀ ਹੈ ਤੇਰੇ ਰਾਜ ਵਿੱਚ ਇੱਕ ਅਨਾਰੀਅਨ ਤਪ ਕਰ ਰਿਹਾ ਹੈ। ਉਹਦਾ ਪ੍ਰਤਾਪ ਵੱਧ ਰਿਹਾ ਹੈ, ਉਹ ਬ੍ਰਹਮਗਿਆਨੀ ਸੀ, ਉਸ ਰਿਸ਼ੀ ਨੂੰ ਮਾਰ ਦੇਣਾ ਚਾਹੀਦਾ ਹੈ। ਉਹ ਸਤਲੁਜ ਦੇ ਕੰਢੇ ਰਹਿੰਦਾ ਸੀ। ਜਿਸ ਵਕਤ ਉਹਨੂੰ ਮਾਰਨ ਵਾਸਤੇ ਰਾਮਚੰਦਰ ਜੀ ਆਏ, ਉਨ੍ਹਾਂ ਨੇ ਕਿਹਾ ਕਿ ਕਿੱਥੇ ਮੈਂ ਆ ਗਿਆ, ਕਿੰਨੀ ਸੁਗੰਧੀ ਆ ਰਹੀ ਹੈ, ਕਿੰਨੀ ਸ਼ਾਂਤੀ ਹੈ ਇੱਥੇ, ਕਿਸ ਤਰ੍ਹਾਂ ਦੇ ਨਾਲ ਸਾਰੇ ਫੁੱਲਾਂ ਦੇ ਵਿਚੋਂ ਰੂਹਾਨੀ ਪ੍ਰਭਾਵ ਪੈ ਰਿਹਾ ਹੈ ਉਹ ਕਹਿਣ ਲੱਗੇ ਕਿ ਇਹ ਉਸੇ ਮਾਣਕ ਰਿਸ਼ੀ ਦਾ ਇਹ ਥਾਂ ਹੈ। ਉਨ੍ਹਾਂ ਨੇ ਵਡਿਆਈ ਕਰ ਦਿੱਤੀ, ਜਿਵੇਂ ਰਾਜਾ ਹੁੰਦੇ ਹੋਏ ਸੀਤਾ ਜੀ ਨੂੰ ਉਨ੍ਹਾਂ ਨੂੰ ਦੇਣਾ ਪਿਆ ਬਨਵਾਸ, ਇਸੇ ਤਰ੍ਹਾਂ ਦੇ ਨਾਲ ਉਹਨੂੰ ਆਪਣੀ ਤਲਵਾਰ ਨਾਲ ਕਤਲ ਕਰਨਾ ਪਿਆ। ਉਹ ਵਖੇਵੇਂ ਸੀ ਆਦਮੀ ਨੂੰ ਮੌਕਾ ਨਹੀਂ ਮਿਲਦਾ। ਗੁਰੂ ਨਾਨਕ ਨੇ ਸਾਰੀ ਮਨੁੱਖਤਾ ਨੂੰ ਕਲਾਵੇ ਵਿੱਚ ਲਿਆ ਕਿ ਆਰੀਅਨ ਕੀ ਅਨਾਰੀਅਨ ਜਿਹੜਾ ਵੀ ਹੈ, ਜੋ ਵੀ ਬੰਦਾ ਹੈ -

ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ - ੯੭
ਏਕੁ ਪਿਤਾ ਏਕਸ ਕੇ
ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਅੰਗ - ੬੧੧

ਸੋ ਉਹਦੇ ਵਿੱਚ ਚੰਗਾ ਚਰਿੱਤਰ ਲਿਆਉਣ ਦੀ ਲੋੜ ਸੀ ਬੜੀ ਜ਼ਬਰਦਸਤ। ਇਸ ਤੋਂ ਪਹਿਲਾਂ ਹਰਸ਼ਵਰਧਨ ਇੱਥੇ ਬਾਦਸ਼ਾਹ ਹੋਇਆ ਹੈ। ਉਹ ਚਕਰਵਰਤੀ ਬਾਦਸ਼ਾਹ ਸੀ, ਬਹੁਤ ਵੱਡੀ ਉਹਦੀ ਫੌਜ ਸੀ, ਤਾਸ਼ਕੰਦ ਤੋਂ ਲੈ ਕੇ ਬ੍ਰਹਮਾ ਤੱਕ ਉਹਦਾ ਰਾਜ ਸੀ। ਉਹਨੇ ਸਭਾ ਕੀਤੀ, ਸਭਾ ਕਰਕੇ ਜਿਹੜੇ ਕਰਮਕਾਂਡ ਸੀ, ਹੋਰ ਕੱਸ ਦਿੱਤੇ ਗਏ। ਸਮਾਜ ਨੂੰ ਆਪਣੇ-ਆਪਣੇ ਥਾਂ ਕਰੜਾ ਕਰ ਦਿੱਤਾ ਗਿਆ। ਉਹਦਾ ਨਤੀਜਾ ਕੀ ਹੋਇਆ ਕਿ ਧਰਮ ਛੱਡ ਦਿੱਤਾ ਖੱਤਰੀਆਂ ਨੇ, ਯੁੱਧ ਕਰ ਨਾ ਸਕੇ, ਬਿਜ਼ਨਸ ਬਵਾਲ 'ਚ ਪੈ ਗਏ। ਉਹ ਸਾਰਾ ਜਿੰਨਾਂ ਸੀ ਉਹ ਫੇਲ੍ਹ ਹੋ ਗਿਆ।

ਇਹ ਗੱਲ ਗੁਰੂਆਂ ਦੇ ਸਾਮ੍ਹਣੇ ਜ਼ਬਰਦਸਤ ਸੀ। ਸੋ ਨੌਵੇਂ ਪਾਤਸ਼ਾਹ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਇਕੱਠ ਬੁਲਾਇਆ, ਉਹਦੇ ਵਿੱਚ ਨਿਰਣੇਪੂਰਵਕ ਫੈਸਲਾ ਲਿਆ ਕਿ ਸਮਾਜ ਦਾ ਆਪਰੇਸ਼ਨ ਕਰਨਾ ਬਹੁਤ ਜ਼ਰੂਰੀ ਹੈ ਤੇ ਇੱਕ ਉਹ ਸਮਾਜ ਪੈਦਾ ਕਰਨ ਦੀ ਲੋੜ ਹੈ ਜਿਹਦੇ ਵਿੱਚ ਬ੍ਰਹਮਗਿਆਨੀ ਹੋਣ, ਆਤਮ ਰਸੀਏ ਹੋਣ, ਨਾਮ ਰਸੀਏ ਹੋਣ, ਦਾਨੀ ਹੋਣ, ਸੇਵਾ ਕਰਨ ਵਾਲੇ ਹੋਣ ਤੇ ਪੂਰੇ ਧਰਮੀ ਹੋਣੇ ਤੇ ਉਹ ਧਰਮ ਹਿੰਦੋਸਤਾਨ ਦੀ ਕਲਿਆਣ ਕਰ ਸਕਦਾ ਹੈ। ਜਿਹੜੀ ਇਥੇ ਅੱਧੋਗਤੀ ਹੋ ਰਹੀ ਹੈ, ਲੱਖ-ਲੱਖ ਬੰਦਾ ਮਾਰਿਆ ਜਾ ਰਿਹਾ ਹੈ ਇਹ ਜਿਹੜੀ ਉਨ੍ਹਾਂ 'ਚ ਬਿਮਾਰੀ ਹੈ ਉਹਨੂੰ ਦੂਰ ਕਰਨ ਦੀ ਸਮਰੱਥਾ ਹੋਏਗੀ। ਸੋ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਇਕੱਠ ਬੁਲਾਇਆ, ਉਸ ਇਕੱਠ ਦੇ ਵਿੱਚ ਕੀਰਤਨ ਹੋ ਰਿਹਾ ਹੈ, ਗੁਰੂ ਮਹਾਰਾਜ ਜੀ ਸਿੰਘਾਸ਼ਨ 'ਤੇ ਬੈਠੇ ਨੇ, ਬੜੀ ਦੇਰ ਬਾਅਦ ਦਰਸ਼ਨ ਹੋਏ, ਸੰਗਤਾਂ ਦਰਸ਼ਨ ਕਰ ਰਹੀਆਂ ਨੇ ਤੇ ਇੱਕ ਟੱਕ ਲਾ ਕੇ ਗੁਰੂ ਮਹਾਰਾਜ ਵੱਲ ਦੇਖ ਰਹੇ ਨੇ। ਜਦੋਂ ਕਾਫੀ ਸਮਾਂ ਹੋ ਗਿਆ, ਉਸ ਵੇਲੇ ਗੁਰੂ ਮਹਾਰਾਜ ਜੀ ਤਖਤ 'ਤੇ ਖੜ੍ਹੇ ਹੋ ਗਏ, ਉਸ ਵੇਲੇ ਬੜੀ ਫੁਰਤੀ ਨਾਲ ਤਲਵਾਰ ਕੱਢ ਲਈ ਤੇ ਇੱਕ ਵਿਚਾਰ ਦਿੱਤਾ ਜਿਸ ਤਰ੍ਹਾਂ ਦੇ ਨਾਲ ਮੈਂ ਬੇਨਤੀ ਕਰੀ ਹੈ ਕਿ ਪਿਆਰਿਓ! ਸੰਸਾਰ ਦੇ ਵਿੱਚ ਨਿਘਾਰ ਆ ਗਿਆ, ਚਰਿੱਤਰ ਨਾਮ ਦੀ ਚੀਜ਼ ਜਾਂਦੀ ਰਹੀ। ਧਰਮ ਜਿਹਨੂੰ ਕਹਿੰਦੇ ਨੇ ਅਲੋਪ ਹੋ ਚੁੱਕਿਆ ਹੈ। ਰਾਜੇ ਕਸਾਈ ਬਣ ਗਏ ਨੇ, ਇਨ੍ਹਾਂ ਨੂੰ ਸੁਮੱਤ ਦੇਣ ਦੀ ਲੋੜ ਹੈ, ਇੱਕ ਐਸਾ ਨਿੱਗਰ ਸਮਾਜ ਬਣਨਾ ਚਾਹੀਦਾ ਹੈ ਜਿਹੜਾ ਆਪਣੇ ਹੱਕਾਂ ਦੀ ਰਾਖੀ ਵਾਸਤੇ ਪੂਰਾ ਸੁਚੇਤ ਹੋਵੇ ਤੇ ਬੰਦਗੀ ਵੀ ਕਰੇ ਤੇ ਦੋਵੇਂ ਪੱਖ ਉਹਦੇ ਪੂਰੇ ਹੋਣ, ਗ੍ਰਿਹਸਤੀ ਵੀ ਪੂਰਾ ਹੋਵੇ, ਦੁਨੀਆਂਦਾਰ ਵੀ ਪੂਰਾ ਹੋਵੇ, ਜੇ ਹਾਕਮ ਹੈ ਤਾਂ ਹਾਕਮ ਪੂਰਾ ਹੋਵੇ। ਪੂਰੀ ਤਰ੍ਹਾਂ ਨਿਆਂਕਾਰ ਹੋਵੇ, ਸਾਰੇ ਉਹਦੇ ਵਿੱਚ ਗੁਣ ਹੋਣ, ਉਸ ਵੇਲੇ ਮਹਾਰਾਜ ਨੇ ਕਿਹਾ ਕਿ ਉਸ ਦੇ ਵਾਸਤੇ ਸਾਨੂੰ ਇੱਕ ਸੀਸ ਦੀ ਲੋੜ ਹੈ। ਇੱਥੇ ਸਾਡੇ ਇਤਿਹਾਸਕਾਰ ਬੜਾ ਭਾਰਾ ਟਪਲਾ ਖਾਂਦੇ ਨੇ। ਕਿਉਂਕਿ ਇਤਿਹਾਸ ਦੇ ਵਿੱਚ ਜੇ ਕਲਮ ਗਲਤ ਚੱਲ ਜਾਏ, ਉਹ ਸ਼ਰਧਾ ਹੀ ਤੋੜ ਦਿੰਦੀ ਹੈ। ਮੈਂ ਦੇਖਿਆ ਹੈ ਇਤਿਹਾਸ ਦੇ ਵਿੱਚ ਜਿੱਥੇ ਬਹੁਤ ਸਾਡੀ ਸ਼ਰਧਾ ਉਚੇ ਪੁਆਇੰਟ 'ਤੇ ਪਹੁੰਚਦੀ ਹੈ ਉਥੇ ਇਤਿਹਾਸਕਾਰ ਦੀ ਕਲਮ ਨੇ ਸਾਨੂੰ ਥੱਲੇ ਲਾ ਦਿੱਤਾ। ਹੁਣ ਇਹ ਕਹਿੰਦੇ ਨੇ ਕਿ ਗੁਰੂ ਸਾਹਿਬ ਨੇ ਆਵਾਜ਼ ਦਿੱਤੀ ਕਿ ਕੋਈ ਨਾ ਉੱਠਿਆ। ਗੁਰੂ ਮਹਾਰਾਜ ਏਧਰ ਉਧਰ ਦੇਖਦੇ ਰਹੇ, ਇੱਕ ਮਿੰਟ; ਉਸ ਤੋਂ ਬਾਅਦ ਦੂਸਰੀ ਆਵਾਜ਼ ਦਿੱਤੀ, ਹੈ ਕੋਈ ਸਿੱਖ ਜਿਹੜਾ ਭੇਟਾ ਕਰੇ ਆਪਣਾ ਸੀਸ? ਫੇਰ ਨਾ ਕੋਈ ਉਠਿਆ, ਲੋਕ ਉਠਣੇ ਸ਼ੁਰੂ ਹੋ ਗਏ। ਤੀਸਰੀ ਆਵਾਜ਼ ਦਿੱਤੀ ਕਿ ਕੋਈ ਹੈ ਉਸ ਵੇਲੇ ਇੱਕ ਸਿੱਖ ਜਿਹਦਾ ਨਾਉਂ ਦਇਆ ਰਾਮ ਸੀ, ਉਹ ਵਿਚਾਰਾ ਡਰਦਾ-ਡਰਦਾ ਆ ਕੇ, ਕੰਬਦਾ-ਕੰਬਦਾ ਗੁਰੂ ਸਾਹਿਬ ਕੋਲ ਆ ਕੇ ਖੜ੍ਹਾ ਹੋ ਗਿਆ ਕਹਿਣ ਲੱਗਿਆ ਮਹਾਰਾਜ! ਮੇਰਾ ਸੀਸ ਹਾਜ਼ਰ ਹੈ। ਮੇਰੇ ਤੋਂ ਦੇਰ ਤਾਂ ਹੋ ਗਈ ਕਿਉਂਕਿ ਮੈਂ ਫੈਸਲਾ ਕਰ ਰਿਹਾ ਸੀ ਆਪਣੇ ਅੰਦਰ।

ਸਾਧਸੰਗਤ ਜੀ! ਇਹ ਕਿੱਡੀ ਕਮਜ਼ੋਰ ਗੱਲ ਹੈ। ਕਿਉਂਕਿ ਗੁਰਬਾਣੀ ਨੇ ਗੁਰਸਿੱਖ ਐਨਾ ਤਿਆਰ ਕਰ ਦਿੱਤਾ ਸੀ ਕਿ ਉਹਦਾ ਦੇਹ-ਅਧਿਆਸ ਟੁੱਟ ਚੁੱਕਿਆ ਸੀ। ਭਾਈ ਦਿਆਲਾ ਦੇਗਾਂ ਦੇ ਵਿੱਚ ਉਬਾਲਿਆ ਗਿਆ। ਉਹ ਹਾਏ-ਬੂ ਕਰਦਾ, ਪਰ ਦੇਹ ਅਧਿਆਸ ਟੁੱਟਿਆ ਹੋਇਆ ਸੀ। ਗੁਰੂ ਪੰਜਵੇਂ ਪਾਤਸ਼ਾਹ ਨੇ ਦੇਹ-ਅਧਿਆਸ ਤੋੜ ਕੇ ਦਿਖਾ ਦਿੱਤਾ ਕਿ ਤਵੀਆਂ ਦੇ ਉਤੇ ਕਿਵੇਂ ਬੈਠਿਆ ਜਾ ਸਕਦਾ ਹੈ ਤੇ ਗੁਰਸਿੱਖਾਂ ਦੇ ਅੰਦਰ ਇਹ ਬਾਰ-ਬਾਰ ਦੁਹਰਾਇਆ ਜਾਂਦਾ ਸੀ ਖਿਆਲ ਕਿ ਮੌਤ ਕੋਈ ਚੀਜ਼ ਨਹੀਂ ਹੈ। ਮੌਤ ਨਾਮ ਦੀ ਚੀਜ਼ ਜਿਹੜੀ ਡਰਾਉਂਦੀ ਹੈ ਇਹ ਕੁਛ ਵੀ ਨਹੀਂ ਹੈ, ਇਹ ਇੱਕ ਪਰਿਵਰਤਨ ਹੈ, ਜਿਵੇਂ ਕੱਪੜੇ ਲਾਹ ਕੇ ਦੂਜੇ ਪਾ ਲਈਦੇ ਨੇ ਇਸੇ ਤਰ੍ਹਾਂ ਹੁੰਦਾ ਹੈ, ਦੇਹ-ਅਧਿਆਸ ਜਿੰਨਾਂ ਚਿਰ ਨਹੀਂ ਟੁੱਟਦਾ ਓਨਾਂ ਚਿਰ ਹਉਮੈ ਨਹੀਂ ਟੁੱਟਦੀ। ਉਹ ਦੇਹ-ਅਧਿਆਸ ਪੂਰੀ ਤਰ੍ਹਾਂ ਨਾਲ ਟੁੱਟ ਚੁੱਕਿਆ ਸੀ, ਕਿਉਂਕਿ ਐਸੇ ਗੁਰੂ ਮਹਾਰਾਜ ਅੰਦਰ ਬਚਨ ਆਉਂਦੇ ਨੇ-

ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ-ਜਿਹੜੀ ਮੌਤ ਤੋਂ।

ਸੰਤਾਂ ਨੇ ਮੂੰਹੋਂ ਮੰਗ ਲਈ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ-੩੬੫

ਕਬੀਰ ਮਰਤਾ ਮਰਤਾ ਜਗੁ ਮੂਆ
ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥

ਅੰਗ - ੧੩੬੬

ਸੋ ਇਸ ਤਰ੍ਹਾਂ ਉਸ ਵੇਲੇ ਐਸਾ ਨਹੀਂ ਸੀ ਗੁਰਸਿੱਖਾਂ ਦਾ ਖਿਆਲ ਕਿ ਮੌਤ ਤੋਂ ਹੀ ਡਰੀ ਜਾਣ। ਦੋ ਸੌ ਸਾਲ ਦੀ ਸਿੱਖੀ ਸੀ। ਭਾਈ ਦਇਆ ਰਾਮ ਜੀ ਉੱਠ ਕੇ ਆ ਗਏ। ਕਹਿਣ ਲੱਗੇ, ਸੱਚੇ ਪਾਤਸ਼ਾਹ! ਮੇਰਾ ਤਾਂ ਮੇਰੇ ਕੋਲ ਕੁਛ ਹੈ ਹੀ ਨਹੀਂ, ਆਪ ਪੂਰਨ ਬ੍ਰਹਮਗਿਆਨੀ ਸੀ ਉਸ ਵੇਲੇ, ਨਾਮ ਦੀ ਦਾਤ ਸਾਰੇ ਸਿੱਖਾਂ ਨੂੰ ਮਿਲੀ ਹੋਈ ਸੀ। ਪਹਿਲਾਂ ਚਰਨਾਮ੍ਰਿਤ ਹੁੰਦਾ ਸੀ, ਚਰਨਾਮ੍ਰਿਤ ਸਾਰਿਆਂ ਨੂੰ ਮਿਲਿਆ ਹੋਇਆ ਸੀ। ਬੰਦਗੀ ਕਰਦੇ ਸੀ, ਪੂਰਨ ਬ੍ਰਹਮਗਿਆਨੀ ਸੀ, ਯੋਗੀ ਸੀ, ਕਿਉਂਕਿ ਉਨ੍ਹਾਂ ਨੇ ਸਾਰੇ ਅਸ਼ਟਾਂਗਯੋਗ ਕਰੇ ਹੋਏ ਸੀ, ਫੇਰ ਸੇਵਾਦਾਰ ਸੀਗੇ, ਉਸ ਵੇਲੇ ਉਹ ਪੂਰਨ ਸ਼ਕਤੀਆਂ ਵਿੱਚ ਸੀ।

ਇੱਕ ਵਾਰੀ ਚੰਦਨ ਸਿੱਧ, ਕਪਾਲਮੋਚਨੇ ਆ ਗਿਆ, ਜਦ ਗੁਰੂ ਮਹਾਰਾਜ ਜੀ ਪਾਉਂਟੇ ਸਾਹਿਬ ਗਏ ਹੋਏ ਸੀ। ਗੁਰੂ ਮਹਾਰਾਜ ਵੀ ਆਏ ਕਪਾਲ ਮੋਚਨ, ਕਈ ਕੌਤਕ ਉਥੇ ਮਹਾਰਾਜ ਨੇ ਕੀਤੇ ਤੇ ਉਹ ਆ ਗਿਆ, ਪੰਜਾਹ ਬੰਦੇ ਨਾਲ, ਉਨ੍ਹਾਂ ਨੇ ਕਿਹਾ ਕਿ ਦੇਖੋ ਗੁਰੂ ਨਾਨਕ ਦੇ ਵਿੱਚ ਬਹੁਤ ਸ਼ਕਤੀਆਂ ਸੀ ਤੇ ਜਿਹੜੇ ਹੁਣ ਗੁਰੂ ਨੇ ਸੁਣਿਆ ਹੈ ਉਹ ਕਲਗੀਆਂ ਵੀ ਲਾਉਂਦੇ ਨੇ, ਘੋੜਿਆਂ ਦੀ ਸਵਾਰੀ ਵੀ ਕਰਦੇ ਨੇ। ਰਾਜਸੀ ਠਾਠ ਹੈ, ਸ਼ਸਤਰ ਵੀ ਚਲਾਉਂਦੇ ਨੇ। ਕਹਿਣ ਲੱਗੇ, ਸ਼ਾਇਦ ਇਨ੍ਹਾਂ ਵਿੱਚ ਸ਼ਕਤੀ ਨਾ ਹੋਵੇ। ਚਲੋ ਚੱਲ ਕੇ ਦੇਖੀਏ, ਲੰਗਰ ਚੱਲ ਰਿਹਾ ਸੀ। ਲੰਗਰ 'ਚ ਬੈਠ ਗਏ, ਇੱਕ ਸਿੱਧੀ ਹੁੰਦੀ ਹੈ, ਆਦਮੀ ਰੱਜਦਾ ਹੀ ਨਹੀਂ ਚਾਹੇ ਕਿੰਨਾ ਹੀ ਖਾਈ ਜਾਵੇ। ਉਹ ਪੰਜਾਹ ਸਿੱਧਾਂ ਨੂੰ ਪ੍ਰਸ਼ਾਦੇ ਵਰਤਾਅ ਦਿਆ ਕਰਨ, ਉਸੇ ਵੇਲੇ ਖਤਮ ਹੋ ਜਾਇਆ ਕਰਨ, ਦਾਲਾ ਪਾ ਦਿਆ ਕਰਨ, ਖਤਮ ਹੋ ਜਾਇਆ ਕਰੇ। ਬਾਕੀਆਂ ਦੇ ਕੋਲ ਜਾ ਹੀ ਨਾ ਸਕਣ ਸੇਵਾਦਾਰ। ਜਦੋਂ ਦੇਖਿਆ ਕਿ ਦੇਗੇ ਵੱਡੇ-ਵੱਡੇ ਥੱਲੇ ਨੂੰ ਜਾ ਰਹੇ ਨੇ, ਮਹਾਰਾਜ ਜੀ ਦੇ ਪਾਸ ਗਏ ਕਿ ਸੱਚੇ ਪਾਤਸ਼ਾਹ! ਸਿੱਧ ਬੈਠੇ ਨੇ ਉਥੇ, ਅਸੀਂ ਤਾਂ ਉਨ੍ਹਾਂ ਨੇ ਹੀ ਉਲਝਾ ਲਏ, ਪ੍ਰਸ਼ਾਦਾ-ਪ੍ਰਸ਼ਾਦਾ, ਦਾਲਾ-ਦਾਲਾ ਕਰੀ ਜਾਂਦੇ ਨੇ। ਹੁਣ ਐਸਾ ਨਾ ਹੋਵੇ ਕਿ ਲੰਗਰ ਮਸਤ ਹੋ ਜਾਵੇ। ਗੁਰੂ ਮਹਾਰਾਜ ਕਹਿੰਦੇ, ਭਾਈ ਦਇਆ ਸਿੰਘ! ਇਹ ਸ਼ਕਤੀਆਂ ਦਿਖਾਉਣ ਤੋਂ ਹਟਦੇ ਨਹੀਂ ਹਨ। ਜਾਓ ਤੁਸੀਂ ਹੀ ਜਾਓ। ਭਾਈ ਦਇਆ ਸਿੰਘ ਜੀ ਆ ਗਏ, ਉਨ੍ਹਾਂ ਨੇ ਖੁਦ ਪ੍ਰਸ਼ਾਦਿਆਂ ਵਾਲੀ ਛੋਟੀ ਟੋਕਰੀ ਲੈ ਲਈ, ਨਾਲ ਦੇ ਨੂੰ ਬਾਲਟੀ ਦੇ ਦਿੱਤੀ ਦਾਲ ਪਾਉਣ ਵਾਲੀ, ਇੱਕੋ ਹੀ ਕਹਿਣ ਵਾਹਿਗੁਰੂ ਪ੍ਰਸ਼ਾਦਾ, ਵਾਹਿਗੁਰੂ ਪ੍ਰਸ਼ਾਦਾ, ਵਾਹਿਗੁਰੂ ਦਾਲਾ। ਉਹ ਜ਼ੋਰ ਲਾ ਰਹੇ ਉਹ ਪ੍ਰਸ਼ਾਦਾ ਹੀ ਨਾ ਮੁੱਕਿਆ ਉਨ੍ਹਾਂ ਤੋਂ। ਉਹ ਕਹਿਣ ਲੱਗੇ, ਸਿੱਧੋ! ਦੇਖੋ, ਸਾਡੇ ਜੂਠ ਛੱਡਣ ਦਾ ਨਹੀਂ ਹੈ, ਤੁਹਾਨੂੰ ਇਹ ਖਾਣਾ ਪੈਣਾ ਹੈ, ਅਖੀਰ ਉਹ ਉਠ ਖੜ੍ਹੇ। ਕਹਿਣ ਲੱਗੇ, ਗੁਰੂ ਮਹਾਰਾਜ! ਸਾਡੇ ਵੱਡਿਆਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਅਜਮਾਇਆ, ਉਨ੍ਹਾਂ ਨਾਲ ਅਸੀਂ ਸ਼ਕਤੀਆਂ ਦੇ ਝਗੜੇ ਕਰਦੇ ਰਹੇ, ਹੁਣ ਅਸੀਂ ਤੁਹਾਨੂੰ ਆ ਕੇ ਦੇਖਿਆ ਤਾਂ ਇੱਥੇ ਤਾਂ ਕੁਛ ਘਟਿਆ ਹੀ ਨਹੀਂ ਹੈ, ਉਸ ਵੇਲੇ ਤੋਂ। ਭਾਈ ਦਇਆ ਸਿੰਘ ਕਹਿਣ ਲੱਗੇ, ਚੰਦਨ! ਤੈਨੂੰ ਗਲਤੀ ਲੱਗ ਗਈ, ਮੈਂ ਤਾਂ ਉਨ੍ਹਾਂ ਦਾ ਇੱਕ ਅਧਨਾ ਜਿਹਾ ਗੁਰਸਿੱਖ ਹਾਂ। ਉਹ ਤਾਂ ਉਥੇ ਬੈਠੇ ਨੇ, ਚਲੋ ਉਨ੍ਹਾਂ ਦੇ ਤੁਹਾਨੂੰ ਦਰਸ਼ਨ ਕਰਾਈਏ। ਜਦੋਂ ਗੁਰੂ ਮਹਾਰਾਜ ਦੇ ਦਰਸ਼ਨ ਕਰੇ, ਉਸੇ ਵੇਲੇ ਪੂਰਾ ਜਲਾਲ ਤੱਕ ਕੇ ਨੀਵੀਆਂ ਪਾ ਲਈਆਂ, ਕਹਿਣ ਲੱਗੇ, ਜਿਨ੍ਹਾਂ ਦੇ ਸਿੱਖਾਂ ਵਿੱਚ ਹੀ ਐਨੀ ਤਾਕਤ ਹੈ ਤੇ ਗੁਰੂ ਤਾਂ ਫੇਰ ਨਿਰਾ ਹੀ ਸ਼ਕਤੀਆਂ ਦਾ ਭੰਡਾਰਾ ਹੀ ਹੈ, ਦਰਿਆ ਹੈ।

ਸੋ ਭਾਈ ਦਇਆ ਸਿੰਘ ਐਸੇ ਸੀਗੇ, ਇਹ ਨਹੀਂ ਹੈ ਕਿ ਗੁਰੂ ਮਹਾਰਾਜ ਨੇ ਆਵਾਜ਼ ਮਾਰੀ ਤਾਂ ਭਾਈ ਦਇਆ ਸਿੰਘ ਡਰ ਕੇ ਬੈਠੇ ਰਹੇ। ਅਸੀਂ ਤਾਂ ਬੈਠੇ ਰਹਿੰਦੇ, ਇਹ ਸਾਡੀਆਂ ਗੱਲਾਂ ਲਿਖੀਆਂ ਨੇ ਲਿਖਣ ਵਾਲਿਆਂ ਨੇ, ਆਪ ਦੀਆਂ ਲਿਖੀਆਂ ਨੇ ਕਿ ਮੈਂ ਤਾਂ ਕਦੇ ਵੀ ਨਾ ਜਾਂਦਾ।

ਫੇਰ ਦੂਜਾ ਇਹ ਸੀ ਕਿ ਗੁਰੂ ਮਹਾਰਾਜ ਨੇ ਕੋਈ ਲੁਕਾਅ ਨਹੀਂ ਸੀ ਰੱਖਿਆ ਕਿ ਤੰਬੂ 'ਚ ਲੈ ਕੇ ਗਏ ਉਥੇ ਬੱਕਰੇ ਬੰਨ੍ਹੇ ਹੋਏ, ਐਹੋ ਜਿਹੀਆਂ ਕਮਜ਼ੋਰ ਗੱਲਾਂ ਕਰਦੇ ਨੇ ਸਾਡਾ ਨਿਸ਼ਚਾ ਹੀ ਹਿਲਾ ਦਿੰਦੇ ਨੇ। ਗੁਰੂ ਮਾਰਨ ਜੀਵਾਉਣ ਵਾਸਤੇ ਸਮਰੱਥ ਪੁਰਸ਼ ਹੋਇਆ ਕਰਦਾ ਹੈ, ਉਹਨੂੰ ਕੋਈ ਔਖੀ ਬਾਤ ਨਹੀਂ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਪੰਜ ਵਾਰੀ-ਵਾਰੀ ਗੁਰਸਿੱਖ ਉਠੇ, ਸਾਮ੍ਹਣੇ ਸਭ ਦੇ ਉਨ੍ਹਾਂ ਦੇ ਸੀਸ ਲੈ ਲਏ। ਉਸ ਤੋਂ ਬਾਅਦ ਔਰੰਗਜ਼ੇਬ ਦਾ ਜਾਸੂਸ ਹੈ ਅਬਦੁੱਲ ਤਰਾਨੀ ਉਹਨੇ ਜਿਹੜੀ ਡਾਇਰੀ ਭੇਜੀ ਉਹਦੇ ਵਿੱਚ ਲਿਖਿਆ ਹੋਇਆ ਸੀ ਕਿ ਮੈਂ ਬੜਾ ਡਰਿਆ ਹੋਇਆ ਸੀ, ਜੇ ਕਿਤੇ ਥੱਲੇ ਉਤਰ ਆਏ, ਮੇਰੀ ਵੀ ਨਾ ਵਾਰੀ ਆ ਜਾਏ, ਮੈਂ ਨੱਠਣ ਨੂੰ ਵੀ ਤਿਆਰ ਸੀ, ਪਰ ਮੈਂ ਚੰਗੀ ਤਰ੍ਹਾਂ ਨਹੀਂ ਦੇਖ ਸਕਿਆ, ਮੈਂ ਇਹ ਦੇਖਿਆ ਕਿ ਸੀਸ ਤਾਂ ਕੱਟੇ ਗਏ, ਪਰ ਉਨ੍ਹਾਂ ਨੇ ਕੋਈ ਕਲਾਮ ਪੜ੍ਹੀ, ਕੋਈ ਪਾਣੀ ਜਿਹਾ ਛਿੜਕਿਆ, ਉਹ ਮੈਂ ਦੇਖਦਾ ਹਾਂ ਕਿ ਉਹ ਸੀਸ ਧੜਾਂ ਦੇ ਨਾਲ ਜੁੜ ਗਏ, ਮੈਂ ਇਹ ਨਹੀਂ ਸੀ ਕਹਿ ਸਕਦਾ ਕਿ ਸਹੀ ਧੜ ਨਾਲ ਜੁੜਿਆ ਹੈ, ਜਾਂ ਜਿਹਦੇ ਨਾਲ ਜੁੜ ਗਿਆ ਉਹ ਉਠ ਕੇ ਖੜ੍ਹੇ ਹੋ ਗਏ। ਇਹ ਬਖਸ਼ੀ ਸਿੰਘ ਨੇ ਰਾਮਗੜ੍ਹੀਆ ਇਤਿਹਾਸ ਲਿਖਿਆ ਹੈ ਉਹਦੇ ਵਿੱਚ ਵੀ ਜ਼ਿਕਰ ਕਰਿਆ ਹੈ ਇਸ ਗੱਲ ਦਾ। ਬਾਕੀ ਜੇ ਅਸੀਂ ਦਲੀਲ ਨਾਲ ਗੱਲ ਕਰੀਏ ਇਹ ਕੋਈ ਗੱਲ ਨਹੀਂ ਹੈ, ਈਸਾ ਜੀ ਦੇ ਕੋਲ ਲਾਰਜੈਸ ਆਇਆ। ਉਹ ਮਰਿਆ ਹੋਇਆ ਸੀ ਚੁੱਕ ਕੇ ਲੈ ਆਏ। ਈਸਾ ਜੀ ਨੂੰ ਕਿਹਾ, ਈਸਾ ਜੀ 'ਚ ਸ਼ਕਤੀਆਂ ਸੀ ਉਹਨੇ ਪਾਣੀ ਛਿੜਕਿਆ ਉਹ ਉਠ ਕੇ ਖੜ੍ਹਾ ਹੋ ਗਿਆ।

ਬਾਬਾ ਗੁਰਦਿੱਤਾ ਜੀ, ਗੁਰੂ ਛੇਵੇਂ ਪਾਤਸ਼ਾਹ ਜਦੋਂ ਕੀਰਤਪੁਰ ਸਾਹਿਬ ਗਏ, ਉਥੇ ਉਨ੍ਹਾਂ ਨੇ ਸ਼ਸਤਰ ਉਤਾਰ ਦਿੱਤੇ ਕਿ ਹੁਣ ਅਸੀਂ ਯੁੱਧ ਨਹੀਂ ਕਰਨਾ ਕੋਈ। ਬਾਬਾ ਗੁਰਦਿੱਤਾ ਜੀ ਸ਼ਿਕਾਰ ਨੂੰ ਚਲੇ ਗਏ ਤੇ ਉਥੇ ਇੱਕ ਗਊ ਫਿਰਦੀ ਸੀ, ਚਿਤਮਚਿੱਤੀ ਉਨ੍ਹਾਂ

ਨੇ ਚਿੱਤਾ ਸਮਝ ਕੇ ਉਹਦੇ ਬਾਣ ਮਾਰਿਆ। ਬਾਣ ਲੱਗਿਆ ਤਾਂ ਉਹਦੀਆਂ ਆਂਦਰਾਂ ਬਾਹਰ ਗਿਰ ਗਈਆਂ। ਪਹਾੜੀਆਂ ਨੇ ਆ ਕੇ ਰੌਲਾ ਪਾ ਲਿਆ। ਰੌਲਾ ਪਾਇਆ ਹੋਇਆ ਤਾਂ ਉਹ ਕਹਿੰਦੇ ਸਾਡੀ ਗਊ ਜਿਉਂਦੀ ਕਰੋ। ਉਹ ਕਹਿਣ ਲੱਗੇ ਕਿ ਅੱਗੇ ਸਾਡੇ ਨਾਲ ਗੱਲ ਹੋ ਚੁੱਕੀ ਹੈ, ਬਾਬਾ ਅਟੱਲ ਜੀ ਨੇ ਮੋਹਨ ਨੂੰ ਜੀਉਂਦਾ ਕਰ ਦਿੱਤਾ ਸੀ ਤੇ ਉਨ੍ਹਾਂ ਨੂੰ ਜਾਣਾ ਪਿਆ ਆਪ। ਕਹਿੰਦੇ, ਨਹੀਂ ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਉਨ੍ਹਾਂ ਨੇ ਕਿਹਾ ਜੇ ਫੌਜ ਆਈ ਯੁੱਧ ਕਰਨਾ ਪੈਣਾ ਹੈ, ਮਹਾਰਾਜ ਨੇ ਸ਼ਸਤਰ ਉਤਾਰੇ ਨੇ। ਐਸ ਵੇਲੇ ਚੰਗਾ ਇਹੀ ਹੈ ਕਿ ਗਊ ਜਿਉਂਦੀ ਕਰ ਦੇਈਏ। ਵਾਹਿਗੁਰੂ ਕਹਿ ਕੇ ਛਿੱਟਾ ਮਾਰਿਆ, ਗਊ ਉੱਠ ਕੇ ਖੜ੍ਹੀ ਹੋ ਗਈ, ਕਿਧਰੇ ਨਿਕਲੀਆਂ ਹੋਈਆਂ ਆਂਦਰਾਂ ਗਈਆਂ, ਨਾ ਕੋਈ ਜ਼ਖ਼ਮ ਨਾ ਕੁਛ ਹੋਰ। ਪੂਰੀ ਤਰ੍ਹਾਂ ਨਾਲ ਜੀਉਂਦੀ ਹੋ ਗਈ। ਇਸ ਤਰ੍ਹਾਂ ਸਾਰੇ ਹੀ ਧਰਮਾਂ ਦੇ ਇਤਿਹਾਸ ਦੇ ਅੰਦਰ ਐਸੇ ਜ਼ਿਕਰ ਆਉਂਦੇ ਨੇ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਸਮਾਧੀ ਦੇ ਵਿੱਚ ਜਦੋਂ ਬੈਠਣ ਲੱਗੇ, ਅੰਮ੍ਰਿਤ ਵੇਲੇ, ਇੱਕ ਮਾਈ ਦੇ ਰੋਣ ਦੀ ਆਵਾਜ਼ ਆਈ। ਮਹਾਰਾਜ ਨੇ ਸੇਵਾਦਾਰ ਨੂੰ ਭੇਜਿਆ ਕਿ ਜਾਹ ਪਤਾ ਕਰ ਕਿ ਅੰਮ੍ਰਿਤ ਵੇਲੇ ਕੌਣ ਰੋਂਦਾ ਹੈ। ਆ ਕੇ ਦੱਸਿਆ ਕਿ ਇੱਕ ਬ੍ਰਾਹਮਣੀ ਹੈ ਉਹਦਾ ਇਕਲੌਤਾ ਪੁੱਤਰ ਸੀਗਾ, ਵਿਧਵਾ ਹੈ ਉਹ, ਉਹ ਅਚਾਨਕ ਮਰ ਗਿਆ। ਮਹਾਰਾਜ ਜੀ ਕਹਿਣ ਲੱਗੇ ਕਿ ਤੂੰ ਜਾਹ, ਉਹਨੂੰ ਕਹਿ ਤੂੰ ਰੋ ਨਾ, ਅੰਮ੍ਰਿਤ ਵੇਲਾ ਹੈ। ਸਵੇਰੇ ਸਾਡੇ ਕੋਲ ਲੈ ਆਵੇ। ਉਹ ਜਦੋਂ ਮਹਾਰਾਜ ਕੋਲ ਲਿਆਂਦਾ, ਮਹਾਰਾਜ ਨੇ ਕਿਹਾ ਕਿ ਉੱਠ ਖੜ੍ਹ ਕਾਕਾ, ਉਠਾਲ ਦਿੱਤਾ ਤੇ ਨਾਲ ਧਰਮਰਾਜ ਨੂੰ ਕਿ ਦੇਖ, ਸਾਡੇ ਜੀਉਂਦੇ-ਜੀਉਂਦੇ ਤੂੰ ਇੱਥੇ ਕਾਲ ਨਹੀਂ ਭੇਜਣਾ, ਜਿੰਨਾਂ ਚਿਰ ਸਾਡਾ ਸਰੀਰ ਹੈ ਇੱਥੇ। ਉਨ੍ਹਾਂ ਦੇ ਜੀਉਂਦੇ-ਜੀਉਂਦੇ ਬੜੀ ਆਬਾਦੀ ਵਧੀ ਕਿ ਇੱਥੇ ਕਾਲ ਨਹੀਂ ਹੈ।

ਸਾਧਸੰਗਤ ਜੀ! ਇਹ ਕੋਈ ਐਵੇਂ ਨਹੀਂ ਗੱਲਾਂ, ਸਮਰੱਥ ਪੁਰਸ਼ ਜਿਹੜੇ ਨੇ ਉਹ ਸਾਰਾ ਕੁਛ ਕਰ ਸਕਦੇ ਨੇ।

ਨਾਮਦੇਵ ਜੀ ਕੋਲ ਮੁਰਦਾ ਲਈਂ ਜਾਂਦੇ ਨੇ, ਸਸਕਾਰ ਕਰਨ ਲਈ ਜਿਥੋਂ ਗਊ ਦਾ ਝਗੜਾ ਪਿਆ ਉਨ੍ਹਾਂ ਦਾ, ਸਲੇਮਸ਼ਾਹ ਬਾਦਸ਼ਾਹ ਨਾਲ, ਉਹ ਲਿਆ ਕੇ ਬੀਬੀ ਨੇ ਆ ਕੇ ਮੱਥਾ ਟੇਕਿਆ, ਸ਼ਿੰਗਾਰ ਉਹਦੇ ਲਾਏ ਹੋਏ ਸੀ ਸਤੀ ਹੋਣ ਜਾ ਰਹੀ ਸੀ। ਬੰਦਗੀ ਕਰਦੇ ਸੀ, ਮਾੜੇ ਜਿਹੇ ਨੇਤਰ ਖੋਲ੍ਹੇ, ਦੇਖਿਆ ਕਿ ਕੋਈ ਬੀਬੀ ਹੈ, ਸਹਿਜ ਸੁਭਾਅ ਕਹਿ ਦਿੱਤਾ ਕਿ ਸੁਹਾਗਮਾਣ। ਉਹ ਸਿਆਣੀ ਸੀ ਕਹਿਣ ਲੱਗੀ, ਮਹਾਂਪੁਰਸ਼ੋ! ਸੁਹਾਗ ਤਾਂ ਮੇਰਾ ਅਰਥੀ 'ਤੇ ਪਿਆ ਹੈ, ਅਰਥੀ ਮੰਗਾ ਲਈ ਕਿ ਸੰਤਾਂ ਦਾ ਬਚਨ ਹੋ ਗਿਆ ਅਣਥਾ ਨਹੀਂ ਹੁੰਦਾ, ਜੋ ਵੀ ਕਹਿ ਦੇਣ ਉਹ ਹੋ ਜਾਇਆ ਕਰਦਾ ਹੈ। ਉਸ ਵੇਲੇ ਕੁਛ ਪਰੇਸ਼ਾਨੀ ਹੋਈ, ਅੰਦਰ ਆਵਾਜ਼ ਆਈ ਕਹਿੰਦੇ ਪਰੇਸ਼ਾਨ ਕਾਹਨੂੰ ਹੁੰਦਾ ਹੈਂ, ਰਾਮ ਕਹਿ ਕੇ ਮੋਢਾ ਫੜ ਕੇ ਉਠਾ ਦੇ। ਉਠਾ ਦਿੱਤਾ ਤੇ ਬਾਦਸ਼ਾਹ ਨੇ ਝਗੜਾ ਪਾ ਲਿਆ ਕਿ ਉਹਨੇ ਗਊ ਮਾਰ ਕੇ ਉਹਦੇ ਅੱਗੇ ਕਰ ਦਿੱਤੀ।

ਸੋ ਇਸ ਤਰ੍ਹਾਂ ਦੇ ਨਾਲ ਇਹ ਕੋਈ ਗੱਲਾਂ ਨਹੀਂ ਹੈਗੀਆਂ, ਸਾਰੇ ਧਰਮਾਂ ਦੇ ਵਿੱਚ ਐਸੀਆਂ ਗੱਲਾਂ ਹੋਇਆਂ ਕਰਦੀਆਂ ਨੇ। ਗੁਰਮਤਿ ਵਿੱਚ ਤਾਂ ਬਹੁਤੀਆਂ ਹੀ ਆਉਂਦੀਆਂ ਨੇ।

ਗੁਰੂ ਨਾਨਕ ਸਾਹਿਬ ਬੈਠੇ ਨੇ ਜਮੁਨਾ ਦੇ ਕੰਢੇ ਤੇ ਹਾਥੀਖਾਨਾ ਨੇੜੇ ਹੈ, ਉਥੇ ਹਾਥੀ ਮਰ ਗਿਆ। ਮਹਾਵਤ ਰੋਣ ਲੱਗ ਗਏ, ਮਹਾਰਾਜ ਕਹਿੰਦੇ, ਭਾਈ ਮਰਦਾਨਾ! ਦੇਖ ਕੀ ਗੱਲ ਹੈ? ਆ ਕੇ ਕਹਿਣ ਲੱਗਿਆ ਕਿ ਮਹਾਰਾਜ! ਉਹ ਮਹਾਵਤ ਰੋਂਦਾ ਹੈ ਕਿ ਮੇਰਾ ਤਾਂ ਇਹੀ ਹਾਥੀ ਸੀਗਾ ਜਿਸ ਤੋਂ ਮੈਨੂੰ ਰੁਜ਼ਗਾਰ ਮਿਲਿਆ ਹੋਇਆ ਸੀ। ਮੈਂ ਬੇਰੁਜ਼ਗਾਰ ਹੋ ਜਾਣਾ ਹੈ ਤੇ ਇਹ ਮਰ ਗਿਆ। ਮੈਨੂੰ ਬਾਦਸ਼ਾਹ ਨੇ ਕੱਢ ਦੇਣਾ ਹੈ। ਮਹਾਰਾਜ ਕਹਿੰਦੇ, ਉਹਨੂੰ ਕਹਿ ਦੇ ਕਿ ਮਰਿਆ ਨਹੀਂ ਹੈ ਜੀਉਂਦਾ ਹੀ ਹੈ। ਭਾਈ ਮਰਦਾਨਾ ਗਿਆ ਤੇ ਜਾ ਕੇ ਕਹਿਣ ਲੱਗਿਆ, ਪ੍ਰੇਮੀਆਂ! ਹਾਥੀ ਮਰਿਆ ਨਹੀਂ ਹੈ ਜੀਉਂਦਾ ਹੀ ਹੈ। ਕਹਿੰਦਾ, ਨਹੀਂ। ਕਹਿੰਦਾ, ਤੂੰ ਦੇਖ, ਗੁਰੂ ਪੀਰਾਂ ਦੇ ਬਚਨ ਐਵੇਂ ਨਹੀਂ ਹੋਇਆ ਕਰਦੇ। ਜਦੋਂ ਜਾ ਕੇ ਦੇਖਿਆ ਹਾਥੀ ਦੇ ਪੈਰ ਮਾਰਿਆ ਉਹ ਉਠ ਕੇ ਸੁਚੇਤ ਹੋ ਗਿਆ। ਜਦੋਂ ਦਿੱਲੀ ਦੇ ਬਾਦਸ਼ਾਹ ਨੂੰ ਖਬਰ ਹੋਈ, ਉਹ ਆਪ ਆਇਆ ਤੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗਿਆ ਕਿ ਮੈਂ ਐਸ ਤਰ੍ਹਾਂ ਸੁਣਿਆ ਹੈ ਕਿ ਤੁਹਾਡੇ ਕਹਿਣ 'ਤੇ ਹਾਥੀ ਜੀਉਂਦਾ ਹੋ ਗਿਆ ਤੇ ਹੁਣ ਮਾਰ ਕੇ ਜੀਉਂਦਾ ਕਰੋ। ਮਹਾਰਾਜ ਕਹਿਣ ਲੱਗੇ, ਬਾਦਸ਼ਾਹ! ਇਹ ਮਾਰਨਾ ਜੀਉਣਾ ਹੱਥ ਹੁੰਦਾ ਹੈ ਕਰਤਾਰ ਦੇ। ਦਰਵੇਸ਼ਾਂ ਦੀ ਦੁਆ ਹੋਇਆ ਕਰਦੀ ਹੈ। ਇਹ ਤਾਂ ਪਹਿਲਾਂ ਹੀ ਮਰਿਆ ਹੋਇਆ ਹੈ, ਮਾਰ ਕੇ ਮੈਂ ਕੀ ਦਿਖਾਉਣਾ ਹੈ। ਐਨਾ ਕਹਿਣ ਦੀ ਦੇਰ ਸੀ ਹਾਥੀ ਗਿਰ ਗਿਆ। ਕਹਿੰਦੇ ਹੁਣ ਜੀਉਂਦਾ ਕਰੋ। ਕਹਿੰਦੇ ਹੁਣ ਨਹੀਂ ਹੁੰਦਾ।

ਪ੍ਰਮੇਸ਼ਰ ਦੀ ਸੁੱਟੀ ਹੋਈ ਦਰਵੇਸ਼ ਹੱਥ 'ਤੇ ਲੈ ਲੈਂਦੇ ਨੇ, ਦਰਵੇਸ਼ ਦੀ ਕੀਤੀ ਹੋਈ ਨੂੰ ਪ੍ਰਮੇਸ਼ਰ ਨਹੀਂ ਲੈ ਸਕਦਾ।

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ
ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ***ਅੰਗ - ੧੨੫੩***

ਇਸ ਤਰ੍ਹਾਂ ਨਾਲ ਇਹ ਜਿਹੜਾ ਨਿਰਮੂਲ ਜਿਹੀ ਗੱਲ ਦੇ ਉਤੇ ਬਹਿਸ ਚੱਲੀ ਜਾਂਦੀ ਹੈ ਕਿ ਅੰਦਰ ਲੈ ਗਏ ਜੀ, ਬੱਕਰਾ ਵੱਢ ਦਿੱਤਾ ਜੀ। ਆਵਾਜ਼ ਆਈ ਜੀ ਉਹਦੀ। ਕੀਹਨੂੰ ਆਈ ਆਵਾਜ਼, ਬੱਕਰਾ ਵੱਢ ਕੇ ਦੇਖ ਕੇ ਕਦੇ ਵੀ ਨਹੀਂ ਆਵਾਜ਼ ਆਉਂਦੀ। ਉਹ ਐਨਾ ਉੱਚੀ ਤਾਂ ਨਹੀਂ ਗਿਰਦਾ ਕਿ ਸਾਰਿਆਂ ਨੂੰ ਸੁਣ ਜਾਵੇ। ਡਰੇ ਹੋਏ ਤਾਂ ਸਾਰੇ ਬੈਠੇ ਸੀ।

ਸੋ ਇਸ ਤਰ੍ਹਾਂ ਬੇਅੰਤ ਮਿਸਾਲਾਂ ਨੇ। ਬ੍ਰਾਹਮਣ ਦਾ ਲੜਕਾ ਲੈ ਆਏ ਗੁਰੂ ਸਤਵੇਂ ਪਾਤਸ਼ਾਹ ਦੇ ਕੋਲ। ਬਾਰ-ਬਾਰ ਕਹਿਣ ਲੱਗੇ, ਜੀਉਂਦਾ ਕਰਨ ਲਈ, ਕਿਉਂਕਿ ਧੀਰਮੱਲ ਦੀ ਸਾਰੀ ਸਾਜਿਸ਼ ਸੀ, ਉਹਨੇ ਕਿਹਾ ਕਿ ਜੇ ਇਹ ਜੀਉਂਦਾ ਕਰਨਗੇ ਤਾਂ ਗੁਰੂ ਛੇਵੇਂ ਪਾਤਸ਼ਾਹ ਨੇ ਮਨ੍ਹਾ ਕਰਿਆ ਹੋਇਆ ਹੈ। ਬਾਬਾ ਗੁਰਦਿੱਤਾ ਜੀ ਨੂੰ ਆਪਣਾ ਸਰੀਰ ਛੱਡਣਾ ਪਿਆ, ਜੇ ਨਹੀਂ ਜੀਉਂਦਾ ਕਰਨਗੇ, ਬਦਨਾਮੀ ਹੋਏਗੀ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਇਹ ਤੁਸੀਂ ਕੀ ਸਵਾਲ ਪਾ ਲਿਆ, ਉਹ ਜਿਹੜੇ ਮਸੰਦ ਸੀ ਉਨ੍ਹਾਂ ਦੇ ਉਹ ਜ਼ਿਆਦਾ ਹੀ ਜ਼ੋਰ ਦੇਈ ਜਾਣ।

ਮਹਾਰਾਜ ਕਹਿੰਦੇ, ਚੰਗਾ ਜੇ ਜੀਉਂਦਾ ਕਰਨਾ ਹੈ ਤਾਂ ਕੋਈ ਆਪਣੇ ਸਰੀਰ ਦੀ ਜਾਨ ਇਹਦੇ 'ਚ ਪਾ ਦਿਓ, ਨੀਵੀਆਂ ਪਾ ਲਈਆਂ ਸਾਰਿਆਂ ਨੇ। ਭਾਈ ਜੀਵਨ ਜੀ ਉਥੇ ਬੈਠੇ ਸੀ, ਭਾਈ ਭਗਤੂ ਜੀ ਦੇ ਲੜਕੇ, ਉੱਠ ਕੇ ਚਲੇ ਗਏ, ਜਾ ਕੇ ਕੁਸ਼ਾ ਦਾ ਆਸਣ ਬਣਾਇਆ, ਲੰਮੇ ਪੈ ਕੇ ਸਰੀਰ ਛੱਡ ਦਿੱਤਾ ਤੇ ਬ੍ਰਾਹਮਣ ਦਾ ਲੜਕਾ ਜੀਉਂਦਾ ਹੋ ਗਿਆ। ਮਹਾਰਾਜ ਕਹਿਣ ਲੱਗੇ, ਦੇਖੋ ਮੇਰਾ ਕਿਹੜਾ ਪਿਆਰਾ ਪੁੱਤਰ ਗਿਆ ਹੈ ਜਿਹਨੇ ਇਹ ਲੜਕਾ ਜੀਉਂਦਾ ਕਰਿਆ ਹੈ। ਜਦੋਂ ਜਾ ਕੇ ਦੇਖਿਆ ਤਾਂ ਭਾਈ ਜੀਵਨ। ਕਹਿਣ ਲੱਗੇ ਗੁਰਸਿੱਖੋ! ਤੁਹਾਡੀ ਮਸੰਦ ਬਿਰਤੀ ਰਹੀ, ਮੇਰਾ ਐਡਾ ਪਿਆਰਾ ਪੁੱਤਰ ਮਾਰ ਕੇ ਤੁਸੀਂ ਇਹ ਲੜਕਾ ਜੀਉਂਦਾ ਕਰ ਦਿੱਤਾ।

ਸੋ ਇਸ ਤਰ੍ਹਾਂ ਦੇ ਨਾਲ ਬਹੁਤ ਸਾਰੀਆਂ ਮਿਸਾਲਾਂ ਨੇ। ਬਾਬਾ ਫਰੀਦ ਬੈਠੇ ਨੇ ਜੰਗਲ ਦੇ ਅੰਦਰ, ਪੰਛੀ ਰੌਲਾ ਪਾਉਂਦੇ ਨੇ। ਕਹਿੰਦੇ, ਮਰ ਵੰਞੋ ਚਿੜੀਓ। ਸਾਰੀਆਂ ਚਿੜੀਆਂ ਮਰ ਗਈਆਂ। ਖਿਆਲ ਆਇਆ ਕਿ ਐਵੇਂ ਹੀ ਮਾਰ ਦਿੱਤੀਆਂ। ਕਹਿੰਦੇ, ਜੀਅ ਵੰਞੋ ਚਿੜੀਓ। ਸਾਰੀਆਂ ਜੀਉਂਦੀਆਂ ਹੋ ਗਈਆਂ। ਗੁਰੂ ਦਸਵੇਂ ਪਾਤਸ਼ਾਹ ਜਦੋਂ ਦੱਖਣ ਨੂੰ ਜਾ ਰਹੇ ਨੇ ਤੇ ਆਪ ਇੱਕ ਥਾਂ ਪਹੁੰਚੇ ਉਥੇ ਇੱਕ ਗੁਰਸਿੱਖ ਤੋਂ ਕਬੂਤਰ ਮਰ ਗਿਆ। ਭਾਈ ਮਾਨ ਸਿੰਘ ਤੋਂ, ਉਨ੍ਹਾਂ ਨੇ ਰੌਲਾ ਪਾ ਕੇ ਸਿੰਘਾਂ ਨੂੰ ਘੇਰ ਲਿਆ। ਮਹਾਰਾਜ ਜੀ ਨੂੰ ਜਾਣਾ ਪਿਆ ਉਥੇ। ਕਹਿਣ ਲੱਗੇ, ਕੀ ਤੁਸੀਂ ਕਰਦੇ ਓਂ? ਕਹਿੰਦੇ, ਇਨ੍ਹਾਂ ਨੇ ਕਬੂਤਰ ਮਾਰ ਦਿੱਤਾ। ਉਹ ਕਹਿੰਦੇ, ਉਹ ਤਾਂ ਪ੍ਰਮੇਸ਼ਰ ਦਾ ਹੁਕਮ ਹੁੰਦਾ ਹੈ, ਮਰਦਾ ਓਹੀ ਹੈ ਜਿੰਨਾਂ ਚਿਰ ਹੁਕਮ ਨਹੀਂ ਆਉਂਦਾ ਕੋਈ ਨਹੀਂ ਮਾਰ ਸਕਦਾ। ਕਹਿੰਦੇ, ਫੇਰ ਸਾਰੇ ਹੀ ਮਾਰ ਦਿਓ। ਮਹਾਰਾਜ ਕਹਿੰਦੇ, ਮਾਰ ਦਿੰਦੇ ਹਾਂ। ਸਾਰੇ ਹੀ ਮਰ ਗਏ। ਡਰ ਗਏ ਸਾਰੇ ਹੀ ਕਿ ਇਹ ਤਾਂ ਬਹੁਤ ਸਮਰੱਥ ਮਹਾਂਪੁਰਸ਼ ਆ ਗਏ। ਉਸ ਵੇਲੇ ਚਰਨਾਂ 'ਤੇ ਢਹਿ ਪਏ ਕਿ ਮਹਾਰਾਜ! ਇਹ ਸਾਡੇ ਤੋਂ ਗਲਤ ਕਹਿ ਹੋ ਗਿਆ ਕਿ ਤੁਸੀਂ ਜੀਉਂਦੇ ਕਰ ਦਿਓ। ਮਹਾਰਾਜ ਕਹਿੰਦੇ, ਜੀਉਂਦੇ ਹੀ ਨੇ। ਉਹ ਜੀਉਂਦੇ ਹੋ ਗਏ। ਇੱਕ ਕਬੂਤਰ ਨਾ ਹੋਇਆ। ਕਹਿੰਦੇ, ਮਹਾਰਾਜ! ਇਹ ਨਹੀਂ ਹੋਇਆ? ਕਹਿੰਦੇ, ਇਹਦੀ ਮੌਤ ਆਈ ਹੋਈ ਸੀ।

ਗੁਰੂ ਦਸਵੇਂ ਪਾਤਸ਼ਾਹ ਇਹੋ ਜਿਹੇ ਨਹੀਂ ਸੀਗੇ ਕਿ ਕੁਛ ਕਰ ਨਹੀਂ ਸੀ ਸਕਦੇ। ਸਾਡੇ ਨਿਸ਼ਚੇ ਕਮਜ਼ੋਰ ਕਰਨ ਵਾਸਤੇ ਇਤਿਹਾਸਕਾਰਾਂ ਨੇ ਐਸੀਆਂ ਬੇਅੰਤ ਗੱਲਾਂ ਸਾਡੇ ਸਾਮ੍ਹਣੇ ਲਿਆ ਦਿੱਤੀਆਂ।

ਮੌਜੂਦਾ ਗੱਲ ਮੈਂ ਤੁਹਾਨੂੰ ਦਸਦਾ ਹਾਂ ਕਿ ਡਾਕਟਰ ਸੁਆਮੀ ਰਾਮ ਜੀ ਦੇ 'ਆਤਮ ਮਾਰਗ' 'ਚ ਲੇਖ ਆਉਂਦੇ ਨੇ, 'ਹਿਮਾਲੀਆ ਦੇ ਸੰਤਾਂ ਸੰਗ ਨਿਵਾਸ' ਇਨ੍ਹਾਂ ਨੇ ਪੁਸਤਕ ਲਿਖੀ ਹੈ, ਉਹਦੇ ਵਿੱਚ ਲਿਖਦੇ ਨੇ ਕਿ ਮੈਂ ਵੇਦਾਂਤ ਪੜ੍ਹਾ ਰਿਹਾ ਸੀ। ਇੱਕ ਸਾਧੂ ਆ ਗਿਆ, ਵਿੱਚ ਹਸੀ ਜਾਵੇ ਜਦੋਂ ਮੈਂ ਬੋਲਾਂ। ਮੈਂ ਜਮਾਤ ਨੂੰ ਛੁੱਟੀ ਦੇ ਦਿੱਤੀ ਤੇ ਉਹਨੂੰ ਪੁਛਿਆ ਕਿ ਸੰਤ ਜੀ! ਤੁਸੀਂ ਹੱਸੀ ਕਿਉਂ ਜਾਂਦੇ ਓਂ? ਕਹਿੰਦਾ, ਇਸ ਗੱਲ 'ਤੇ ਕਿ ਤੈਨੂੰ ਵੇਦਾਂਤ ਦੇ ਬਾਰੇ ਕੋਈ ਗਿਆਨ ਨਹੀਂ। ਮੈਂ ਕਿਹਾ, ਮੈਂ ਸਕਾਲਰ, ਮੈਨੂੰ ਐਨਾ ਗਰਬ ਆਪਣੇ ਆਪ 'ਤੇ ਕਿ ਨਾ ਕੋਈ ਸੰਸਕ੍ਰਿਤ ਦਾ ਸਕਾਲਰ ਮੇਰਾ ਮੁਕਾਬਲਾ ਕਰ ਸਕਦਾ ਹੈ, ਪੀ.ਐਚ.ਡੀ ਮੈਂ ਕੀਤੀ ਹੋਈ ਹੈ ਇੰਗਲੈਂਡ ਤੋਂ ਤੇ ਡਾਕਟਰੀ ਮੈਂ ਕਰੀ ਹੋਈ ਹੈ ਜਰਮਨ ਤੋਂ। ਇਹ ਮੈਨੂੰ ਆ ਕੇ ਕਿਵੇਂ ਕਹਿੰਦਾ ਹੈ ਕਿ ਤੂੰ ਜਾਣਦਾ ਨਹੀਂ ਕੁਛ। ਮੈਂ ਕਿਹਾ, ਸਵਾਮੀ ਜੀ! ਐਵੇਂ ਨਹੀਂ ਇਲਜ਼ਾਮ ਲਗਾਈਦਾ ਹੁੰਦਾ। ਕਹਿੰਦੇ, ਆ ਜਾ, ਤੈਨੂੰ ਦੱਸਾਂ। ਬਹਿ ਗਏ ਅਸੀਂ। ਮੈਨੂੰ ਕਹਿਣ ਲੱਗਿਆ ਕਿ ਕੋਈ ਕੀੜਾ ਲਿਆ ਫੜ ਕੇ। ਮੈਂ ਇੱਕ ਲੰਮਾ ਜਿਹਾ ਕੀੜਾ ਸੀ ਉਹ ਫੜ ਕੇ ਲੈ ਆਇਆ। ਚਾਕੂ ਮੰਗਾ ਲਿਆ ਮੇਰੇ ਤੋਂ ਵਿਚਾਲਿਓਂ ਕੱਟ ਦਿੱਤਾ। ਵਿਚਾਲਿਓਂ ਕੱਟ ਕੇ ਇਕ ਏਧਰ ਸੁੱਟ ਦਿੱਤਾ, ਇੱਕ ਓਧਰ। ਮੈਂ ਕਿਹਾ ਕੀ ਹੋਇਆ? ਕਹਿੰਦਾ, ਤੈਨੂੰ ਦਸਦਾ ਹਾਂ ਕਿ ਕੀ ਹੋਇਆ? ਮੈਂ ਹੈਰਾਨ ਹੋ ਗਿਆ, ਦੋਵੇਂ ਹਿੱਸੇ ਹੌਲੀ-ਹੌਲੀ ਹਿੱਲ ਕੇ ਜੁੜ ਗਏ, ਉਹ ਕੀੜਾ ਤੁਰ ਪਿਆ। ਉਹਨੇ ਤਾਂ ਆਪਣੀ ਗੱਲ ਦੱਸੀ।

ਪਰ ਇਹ ਜਿਹੜੀ ਗੱਲ ਹੈ ਅੱਜ ਤੋਂ ਪੰਜਾਹ ਸਾਲ ਪਹਿਲਾਂ ਕੋਈ ਸੰਤ ਕਰ ਸਕਦਾ ਹੈ ਤਾਂ ਗੁਰੂ ਸਾਹਿਬ ਨਹੀਂ ਕਰ ਸਕਦੇ? ਸੋ ਇਸ ਕਰਕੇ ਇਹ ਜਿਹੜਾ ਵਾਦ-ਵਿਵਾਦ ਹੈ ਇਹ ਐਵੇਂ ਹੀ ਸਾਨੂੰ ਕਮਜ਼ੋਰ ਬਣਾਉਣ ਵਾਸਤੇ ਹੈ, ਜਿਹੜਾ ਮਤਲਬ ਹੈ ਉਹ ਇਹ ਕਿ ਮਹਾਰਾਜ ਨੇ ਸੀਸ ਲਏ ਉਸ ਤੋਂ ਬਾਅਦ ਮਹਾਰਾਜ ਜੀ ਨੇ ਜਲ ਮੰਗਾਇਆ ਸਤਲੁਜ ਦਾ। ਉਸ ਵੇਲੇ ਦਰਿਆਵਾਂ ਦਾ ਜਲ ਪਵਿੱਤਰ ਹੋਇਆ ਕਰਦਾ ਸੀ। ਹੁਣ ਤਾਂ ਸਾਰੇ ਸੀਵਰੇਜ਼ ਉਹਦੇ 'ਚ ਪਾ ਦਿੱਤੇ ਨੇ। ਉਸ ਵੇਲੇ ਮਹਾਰਾਜ ਜੀ ਨੇ ਪੰਜ ਬਾਣੀਆਂ ਪੜ੍ਹੀਆਂ ਤੇ ਬਾਬਾ ਗੁਰਦਿੱਤਾ ਜੀ ਜੋ ਸਨ, ਬਾਬਾ ਬੁੱਢਾ ਜੀ ਦੀ ਉਲਾਦ 'ਚੋਂ, ਉਹ ਬੈਠੇ ਸੀ ਉਥੇ ਬਾਬਾ ਰਾਮ ਕੋਇਰ ਜੀ ਤੇ ਉਨ੍ਹਾਂ ਨੇ ਦੇਖਿਆ ਕਿ ਦੋ ਚਿੜੇ ਆਏ ਨੇ, ਉਨ੍ਹਾਂ ਨੇ ਇੱਕ-ਇੱਕ ਘੁੱਟ ਭਰ ਲਈ ਪਾਣੀ ਦੀ ਜਿਹੜਾ ਡੁਲ੍ਹਿਆ ਹੋਇਆ ਸੀ। ਉਹ ਤਾਂ ਲੜ ਰਹੇ ਨੇ ਕਿਹੜੇ ਵੇਲੇ ਦੇ, ਖ਼ੂਨ ਨਿਕਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਮਹਾਰਾਜ ਨੇ ਕੋਈ ਬਹੁਤ ਕਰਾਰਾ ਤੇਜ਼ ਧਰ ਕੇ ਜਲ ਬਣਾਇਆ ਹੈ। ਉਸ ਵੇਲੇ ਮਾਤਾ ਜੀਤੋ ਜੀ ਕੋਲ ਚਲੇ ਗਏ, ਜਾ ਕੇ ਕਹਿਣ ਲੱਗੇ ਕਿ ਕੋਈ ਪ੍ਰਬੰਧ ਕਰੋ, ਮਹਾਰਾਜ ਜੀ ਨੇ ਐਸਾ ਕਰਾਰਾ ਜਲ ਬਣਾ ਦਿੱਤਾ ਕਿ ਜਿਹੜਾ ਵੀ ਪੀਏਗਾ ਉਹ ਯੁੱਧ ਕਰਨ ਤੋਂ ਨਹੀਂ ਹਟੇਗਾ। ਉਸ ਵੇਲੇ ਮਾਤਾ ਜੀ ਪਤਾਸ਼ੇ ਲੈ ਕੇ ਆ ਗਏ। ਮਹਾਰਾਜ ਜੀ ਨੇ ਦੇਖਿਆ ਕਹਿੰਦੇ-

ਭਲੋ ਭਯੋ ਤੂੰ ਚਲਿ ਕਰਿ ਆਈ।
ਨੀਰ ਬਿਖੈ ਪਾਈ ਮਧੁਰਾਈ॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਚੰਗਾ ਕਰਿਆ ਤੂੰ ਪਤਾਸ਼ੇ ਲੈ ਆਂਦੇ ਨਹੀਂ ਤਾਂ ਐਹੋ ਜਿਹਾ ਕਰੂਰ ਖਾਲਸਾ ਬਣਨਾ ਸੀ ਕਿ ਕਿਸੇ ਤੋਂ ਉਹਨੇ ਡਰਨਾ ਹੀ ਨਹੀਂ ਸੀ ਕਦੇ ਵੀ, ਹਰ ਵਕਤ ਹੀ ਤਿਆਰ-ਬਰ-ਤਿਆਰ ਰਹਿਣਾ ਸੀ। ਬੇਇਨਸਾਫੀ ਹੁੰਦੀ ਹੀ ਹੈ, ਇਸ ਕਰਕੇ ਤੂੰ ਚੰਗਾ ਕਰਿਆ। ਸੋ ਕਈ ਪ੍ਰੇਮੀਆਂ ਦੇ ਮਨ ਵਿੱਚ ਹੁੰਦਾ ਹੈ ਕਿ ਜਲ ਦੇ ਵਿੱਚ ਵੀ ਕੁੱਛ ਹੋ ਜਾਇਆ ਕਰਦਾ ਹੈ?

ਮੈਂ ਤੁਹਾਨੂੰ ਆਪਣੀ ਹੱਡਬੀਤੀ ਦਸਦਾ ਹਾਂ। ਮੇਰੇ ਕੋਲ ਇੱਕ ਬੀਬੀ ਆਈ, ਉਹ ਕਹਿਣ ਲੱਗੀ, ਵੀਰ ਜੀ ਉਹਨੇ ਕਿਹਾ ਮੈਨੂੰ ਕਿ ਵੀਰ ਜੀ! ਮੈਨੂੰ ਅੱਖਾਂ ਤੋਂ ਦਿਸਦਾ ਨਹੀਂ ਹੈ। ਇਹ ਉਹਦੀ ਹੀ ਮਿਹਨਤ ਸੀ ਜਿਹੜੀ ਉਹਨੇ ਕਰੀ। ਕਹਿੰਦੀ ਮੇਰਾ ਬਲੱਡ ਪਰੈਸ਼ਰ ਜਿਹੜਾ ਹੈ ਨਾ ਉਹ 245 ਹੈ। ਮੇਰੇ ਗੁਰਦੇ ਦੇ ਵਿੱਚ ਪੱਥਰੀ ਹੈ ਜਦੋਂ ਮੈਨੂੰ ਆਪਰੇਸ਼ਨ ਵਾਸਤੇ ਲਿਜਾਂਦੇ ਨੇ, ਬਲੱਡ

ਪਰੈਸ਼ਰ ਵੱਧ ਹੋ ਜਾਂਦਾ ਹੈ। ਬਲੱਡ ਸ਼ੂਗਰ ਵੀ ਮੇਰੀ 245 ਹੈ। ਉਹ ਮੇਰਾ ਆਪਰੇਸ਼ਨ ਨਹੀਂ ਕਰਦੇ ਦੋ ਤਿੰਨ ਵਾਰੀ ਮੈਨੂੰ ਵਾਪਸ ਲੈ ਆਏ ਨੇ ਆਪਰੇਸ਼ਨ ਥਿਏਟਰ 'ਚੋਂ। ਉਨ੍ਹਾਂ ਨੇ ਕਹਿ ਦਿੱਤਾ ਕਿ ਬੀਬੀ ਤੇਰਾ ਇਲਾਜ ਨਹੀਂ ਹੋ ਸਕਦਾ ਤੇ ਚੌਥਾ ਮੇਰੀ ਰੀੜ੍ਹ ਦੀ ਹੱਡੀ 'ਚ ਕਰੈਕ ਆਇਆ ਹੋਇਆ ਹੈ। ਜਿਗਰ ਦੇ ਵਿੱਚ ਮੇਰੇ ਰਸੌਲੀ ਹੈ ਹਰ ਪਾਸਿਓਂ ਮੈਂ ਬੀਮਾਰ ਹਾਂ। ਮੇਰੇ ਮੂੰਹੋਂ ਨਿਕਲ ਗਿਆ ਕਿ ਬੀਬੀ! ਤੈਨੂੰ ਸ਼ਬਦ ਦਾ ਪਾਠ ਕਰਨਾ ਪੈਣਾ ਹੈ, ਪੰਜ ਘੰਟੇ ਰੋਜ਼। ਕਰ ਲਏਗੀ? ਕਹਿੰਦੀ ਹਾਂ। ਉਹਦਾ ਲੜਕਾ ਠਾਣੇਦਾਰ ਸੀ, ਪੜ੍ਹੀ ਲਿਖੀ ਸੀ। ਉਹ ਆਸ਼ਰਮ 'ਚ ਆ ਗਈ। ਸ਼ਬਦ ਮੈਂ ਉਹਨੂੰ ਦੇ ਦਿੱਤਾ। ਸਵੇਰੇ ਦੋ ਵਜੇ ਤੋਂ ਪੰਜ ਵਜੇ ਤੱਕ ਪਾਠ ਕਰਦੀ ਸੀ, ਪੰਜ ਘੰਟੇ। ਉਹ ਵੀਹ ਦਿਨ ਦੇ ਬਾਅਦ ਮੇਰੇ ਕੋਲ ਆ ਗਈ ਮੈਨੂੰ ਕਹਿਣ ਲੱਗੀ, ਵੀਰ ਜੀ! ਮੈਨੂੰ ਤੁਹਾਡਾ ਚਿਹਰਾ ਦਿੱਸ ਗਿਆ? ਮੈਂ ਕਿਹਾ, ਕੀ ਗੱਲ? ਕਹਿੰਦੀ ਮੇਰੀ ਅੱਖ ਖੁਲ੍ਹ ਗਈ ਸੱਜੀ। ਖਬਰੇ ਕਦੋਂ ਦੀ ਬੰਦ ਹੋਈ-ਹੋਈ ਸੀ। ਮੈਂ ਕਿਹਾ, ਚੰਗਾ ਲੱਗੀ ਰਹਿ ਤੇਰਾ ਬਾਕੀ ਵੀ ਹੋ ਜਾਏਗਾ। ਉਸ ਤੋਂ ਬਾਅਦ ਕਹਿੰਦੀ ਕਿ ਮੈਨੂੰ ਪੀ.ਜੀ.ਆਈ ਜਾਣ ਦੀ ਇਜਾਜ਼ਤ ਦੇ ਦਿਓ। ਉਥੇ ਚਲੀ ਗਈ, ਡਾਕਟਰ ਕਹਿੰਦੇ ਤੇਰਾ ਤਾਂ ਬਲੱਡ ਪਰੈਸ਼ਰ ਵੀ ਨਾਰਮਲ ਹੈ, ਤੇਰੀ ਸ਼ੂਗਰ ਵੀ ਨਾਰਮਲ ਹੈ। ਤੂੰ ਕੀ ਖਾਧਾ ਹੈ। ਗਰਮੀਆਂ ਦੇ ਦਿਨ ਸੀ, ਮੈਂ ਇਹ ਕਹਿ ਦਿੱਤਾ ਸੀ ਕਿ ਪ੍ਰਸ਼ਾਦੇ ਤੋਂ ਬਾਅਦ ਗੁੜ ਦੇ ਦਿਆ ਕਰੋ, ਥੋੜ੍ਹਾ-ਥੋੜ੍ਹਾ ਸਾਰਿਆਂ ਨੂੰ ਖਾਣ ਲਈ, ਰੋਟੀ ਹਜ਼ਮ ਹੋ ਜਾਂਦੀ ਹੈ। ਉਹ ਕਹਿੰਦੀ ਉਥੇ ਗੁੜ ਮਿਲਦਾ ਹੈ, ਕੁਛ ਵਿਆਹ ਵਗੈਰਾ ਉਥੇ ਜਦ ਹੁੰਦੇ ਨੇ ਲੱਡੂ-ਜਲੇਬੀਆਂ ਆ ਜਾਂਦੀਆਂ ਨੇ। ਕਹਿੰਦੇ, ਇਹਦੇ ਨਾਲ ਤਾਂ ਸ਼ੂਗਰ ਹਟਦੀ ਨਹੀਂ। ਕਹਿੰਦੀ, ਮੈਂ ਤਾਂ ਪਾਠ ਕਰਿਆ ਹੈ। ਡਾਕਟਰ ਹੈਰਾਨ ਹੋ ਗਏ, ਕਾਰਡ ਦੇ ਵਿੱਚ ਲਿਖ ਦਿੱਤਾ ਉਨ੍ਹਾਂ ਨੇ। ਉਸ ਤੋਂ ਬਾਅਦ ਸਤੰਬਰ ਦੇ ਵਿੱਚ ਮੈਂ ਅਮਰੀਕਾ ਜਾ ਰਿਹਾ ਸੀ। ਮੇਰੇ ਕੋਲ ਪੁੜੀ ਲੈ ਕੇ ਆ ਗਈ। ਮੈਂ ਕਿਹਾ ਕੀ ਹੈ ਇਹ? ਕਹਿੰਦੀ, ਵੀਰ ਜੀ! ਆਹ ਦੇਖੋ, ਤਿੰਨ ਟੁਕੜੇ ਹੋ ਕੇ ਮੇਰੀ ਪੱਥਰੀ ਨਿਕਲ ਗਈ। ਉਸ ਤੋਂ ਬਾਅਦ ਜਦੋਂ ਮੈਂ ਯੂ.ਐਸ.ਏ ਤੋਂ ਆਇਆ, ਮੈਨੂੰ ਕਹਿਣ ਲੱਗੀ, ਵੀਰ ਜੀ! ਮੇਰੀ ਅੱਖ ਨਹੀਂ ਖੁੱਲ੍ਹੀ ਦੂਜੀ ਮੈਂ ਹੁਣ ਕਾਣੀਓਂ ਜਾਊਂਗੀ ਘਰ ਨੂੰ? ਮੈਂ ਕਿਹਾ, ਨਹੀਂ ਤੂੰ ਕਾਣੀ ਕਿਉਂ ਜਾਏਂਗੀ? ਤੂੰ ਇੱਥੇ ਚਾਰ ਮਹੀਨੇ ਹੋਰ ਰਹਿ, ਮਿਹਨਤ ਕਰ। ਪਹਿਲੀ ਜਨਵਰੀ ਦੀ ਗੱਲ ਹੈ, 20 ਜਨਵਰੀ ਨੂੰ ਉਹਦੀ ਦੂਜੀ ਅੱਖ ਖੁਲ੍ਹ ਗਈ। ਜਿਹੜੀ ਸਾਲ-ਡੇਢ ਸਾਲ ਦੀ ਬੰਦ ਸੀ। ਡਾਕਟਰਾਂ ਨੇ ਕਿਹਾ ਸੀ ਕਿ ਤੇਰੇ ਅੱਖ ਦੀ ਲਾਈਟ ਖਤਮ ਹੋ ਚੁੱਕੀ ਹੈ, ਨਾੜੀਆਂ ਪਿਚਕ ਚੁੱਕੀਆਂ ਨੇ। ਬਹੁਤ ਖੁਸ਼ ਹੋਈ ਧਰਤੀ 'ਤੇ ਪੈਰ ਨਾ ਲੱਗੇ। ਪੀ.ਜੀ.ਆਈ ਗਈ ਕਾਰਡ ਦਿਖਾਇਆ, ਕਹਿਣ ਲੱਗੀ ਮੇਰੀ ਰੀੜ੍ਹ ਦੀ ਹੱਡੀ ਚੈਕ ਕਰੋ। ਜਦੋਂ ਐਕਸਰੇ ਲਿਆ ਤਾਂ ਉਹ ਕਹਿਣ ਲੱਗੇ ਕਿ ਬੀਬੀ ਇਹ ਐਕਸਰੇ ਹੈ ਤਾਂ ਤੇਰਾ ਨਾਉਂ, ਲੇਕਿਨ ਜਿਹੜਾ ਤੇਰੇ ਕਰੈਕ ਸੀ ਉਹਦਾ ਤਾਂ ਹੁਣ ਨਾਉਂ ਨਿਸ਼ਾਨ ਵੀ ਨਹੀਂ। ਜਿਗਰ ਦੀ ਰਸੌਲੀ ਉਹ ਵੀ ਘੁਲ ਗਈ। ਸਾਰੀਆਂ ਬੀਮਾਰੀਆਂ ਠੀਕ ਹੋ ਗਈਆਂ। ਉਹ ਫੇਰ ਕਾਹਲੀ ਪੈ ਗਈ, ਕਹਿੰਦੀ ਮੇਰੀ ਪੋਤੀ ਦਾ ਇਮਤਿਹਾਨ ਹੈ, ਮੈਨੂੰ ਜਾਣ ਦਿਓ। ਮੈਂ ਕਿਹਾ ਕਿ ਜੇ ਤੂੰ ਚਾਰ ਮਹੀਨੇ ਹੋਰ ਰਹੇਂ ਤੇਰੀ ਬੱਚਿਆਂ ਵਰਗੀ ਅੱਖ ਰਹੂਗੀ। ਹੁਣ ਸ਼ਾਇਦ ਤੈਨੂੰ ਐਨਕ ਲਾਉਣੀ ਪਵੇ। ਡੇਢ ਨੰਬਰ ਲੱਗਿਆ ਸੀ ਉਹਦੇ।

ਇਹ ਮੈਂ ਸਾਰੇ ਡਾਕਟਰਾਂ ਵਿੱਚ ਗੱਲ ਕਰੀ ਸੀ, ਜਦੋਂ ਮੈਂ ਦੇਹਰਾਦੂਨ ਮੈਡੀਕਲ ਕਾਲਜ ਦੀ ਬੁਨਿਆਦ ਰੱਖੀ ਸੀ, ਡਾ. ਸਵਾਮੀ ਰਾਮ ਜੀ ਨੇ 2500 ਬੈਡ ਦਾ ਹਸਪਤਾਲ ਬਣਾਇਆ ਸੀ। ਉਸ ਵੇਲੇ ਉਥੇ ਅਮਰੀਕਨ ਡਾਕਟਰ ਵੀ ਸੀ, ਸਾਰੇ ਡਾਕਟਰ ਸੀ, ਮੈਂ ਕਿਹਾ ਕਿ 'ਸਰਬ ਰੋਗ ਕਾ ਅਉਖਦੁ ਨਾਮ'। ਦਵਾਈ ਜਿਹੜੀ ਹੈ ਉਹ ਅੰਦਰ ਪਈ ਹੈ -

ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥
ਗੁਰਿ ਪੂਰੈ ਸੰਜਮੁ ਕਰਿ ਦੀਆ ॥
ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - ੨੫੯

ਮੈਂ ਛੋਟਾ ਜਿਹਾ ਸੀ, ਅਠਾਰ੍ਹਾਂ ਕੁ ਸਾਲ ਦਾ। ਸਿੰਧ ਵਿੱਚ ਚਲਿਆ ਗਿਆ ਨੌਕਰੀ ਕਰਨ, ਉਥੇ ਪੁਲਿਸ ਦੀ ਨੌਕਰੀ ਮਿਲੇ। ਮੈਂ ਕਿਹਾ, ਮੈਂ ਨਹੀਂ ਕਰਨੀ। ਹੁੰਦੇ-ਹੁੰਦੇ ਮੈਂ ਬਾਹਰ ਚਲਿਆ ਗਿਆ ਫਾਰਮ ਵਿੱਚ, ਉਥੇ ਭਜਨ ਬੰਦਗੀ ਕਰਦਾ ਰਿਹਾ। ਇੱਕ ਮਾਈ ਪ੍ਰਸ਼ਾਦਾ ਲਿਆਂਦੀ ਰਹੀ ਰੋਜ਼। ਉਹਨੇ ਤੁਹਾਡੇ ਬੀਜੀ ਨੂੰ ਮੰਗਾ ਲਿਆ ਚਿੱਠੀ ਪਾ ਕੇ, ਉਹਨੂੰ ਕਹਿਣ ਲੱਗੀ ਕਿ ਇਹ ਨੌਂ ਮਹੀਨੇ ਭੋਰੇ 'ਚ ਜਾਣ ਨੂੰ ਤਿਆਰ ਹੋ ਰਿਹਾ ਹੈ। ਉਸ ਤੋਂ ਬਾਅਦ ਖਬਰੇ ਤੇਰੇ ਕੋਲ ਆਵੇ ਕਿ ਨਾ ਆਵੇ। ਕੀ ਕਰੇ, ਕੀ ਨਾ ਕਰੇ। ਤੂੰ ਇਹਨੂੰ ਵਾਪਸ ਲੈ ਜਾ। ਉਹਨੇ ਮੇਰੇ ਨਾਲ ਗੱਲ ਕਰੀ, ਮੈਂ ਕਿਹਾ ਮੈਂ ਵਾਪਸ ਤਾਂ ਜਾਣਾ ਨਹੀਂ। ਮਾਨਸ ਜਨਮ ਬੜੀ ਮੁਸ਼ਕਲ ਨਾਲ ਮਿਲਿਆ ਹੈ, ਤੂੰ ਇੱਥੇ ਰਹਿ ਮੈਂ ਤੈਨੂੰ ਕੁਛ ਨਹੀਂ ਕਹਿੰਦਾ, ਸੇਵਾ ਕਰ, ਆਹ ਬੱਚਿਆਂ ਨੂੰ ਪੜ੍ਹਾ ਦੇ, ਜੰਗਲਾਂ 'ਚ ਇਹ ਲੋਕ ਰਹਿੰਦੇ ਨੇ। ਉਹ ਮੇਰੇ ਕੋਲ ਆਈ, ਕਹਿਣ ਲੱਗੀ ਕਿ ਇਨ੍ਹਾਂ ਦਾ ਪੋਤਾ ਬਿਮਾਰ ਹੈ, ਅਠਰਾਹ ਦਾ, ਰਾਤ ਥੱਲੇ ਮੰਜੇ ਤੋਂ ਲਾਹ ਕੇ ਰੱਖਿਆ। ਇਹ ਮਾਈ ਤੁਹਾਡੇ ਲਈ ਰੋਜ਼ ਪ੍ਰਸ਼ਾਦਾ ਲਿਆਉਂਦੀ ਹੈ (ਅੱਠ ਪਹਰ ਦਾ ਮੈਂ ਇੱਕ ਪ੍ਰਸ਼ਾਦਾ ਛਕਦਾ ਹੁੰਦਾ ਸੀ) ਸ਼ਰਧਾ ਹੈ, ਸ਼ਰਧਾ ਟੁੱਟ ਜਾਏਗੀ ਇਨ੍ਹਾਂ ਦੀ। ਮੈਨੂੰ ਜਦ ਪਤਾ ਨਹੀਂ ਸੀ ਐਨਾ, ਐਨਾ ਪਤਾ ਸੀ ਕਿ ਬਾਣੀ ਜਿਹੜੀ ਹੈ ਇਹਦੇ ਨਾਲ ਇਲਾਜ ਹੋ ਜਾਂਦਾ ਹੈ। ਉਹ ਜਦੋਂ ਪੜ੍ਹਿਆ ਤਾਂ ਉਹਦੇ ਵਿੱਚ ਲਿਖਿਆ ਸੀ ਜੇ ੪੮ ਘੰਟੇ ਬੈਠ ਕੇ ਸਾਧਨ ਕਰੇ ਫੇਰ ਇਹ ਬਿਮਾਰੀ ਦਾ ਇਲਾਜ ਹੋ ਜਾਂਦਾ ਹੈ। ਉਹ ਤਾਂ ਸੀਗਾ ਕਿ ਸਿੱਧੀ ਆ ਜਾਂਦੀ ਹੈ, ਮੈਂ ਆਪਣੇ ਆਪ ਜੋਖਿਆ ਕਿ ਮੈਂ ੪੮ ਘੰਟੇ ਬੈਠ ਸਕਦਾ ਹਾਂ। ਜੇ ਇੱਕ ਵਾਰੀ ਅੱਖ ਲੱਗ ਜਾਵੇ ਤਾਂ ਫੇਰ ਦੁਬਾਰਾ 48 ਘੰਟੇ ਕਰਨਾ ਪੈਣਾ ਹੈ, ਜੇ ਉਬਾਸੀ ਆ ਜਾਵੇ ਤਾਂ ਵੀ ਫੇਰ 48 ਘੰਟੇ, ਗੰਦੀ ਹਵਾ ਆ ਜਾਵੇ ਤਾਂ ੪੮ ਘੰਟੇ ਦੁਬਾਰਾ ਕਰਨਾ ਪਵੇਗਾ। ਮੈਂ ਬੈਠ ਗਿਆ, ਮੈਂ ਸੁਰਤ ਨਾਲ, ਸੁਰਤ ਮੇਰੀ ਬਹੁਤ ਤੇਜ਼ ਚਲਦੀ ਸੀ, ਮੈਂ ੩੪ ਘੰਟਿਆਂ 'ਚ ਸਾਰਾ ਹੀ ਪਾਠ ਕਰ ਲਿਆ। ਮਾਈ ਨੂੰ ਬੁਲਾ ਲਿਆ, ਮੈਂ ਕਿਹਾ ਮਾਈ! ਇਕੱਲੀ ਆਈਂ ਕੋਈ ਆਵੇ ਨਾ ਤੇਰੇ ਨਾਲ। ਉਹ ਆਈ ਤਾਂ ਮੈਂ ਕਿਹਾ ਮੇਰੇ ਮੂਹਰੇ ਜਿਹੜਾ ਪਾਣੀ ਪਿਆ ਹੈ, ਇਹਦੇ ਨਾਲ ਇਸ਼ਨਾਨ ਕਰਾ ਦੇ ਬੱਚੇ ਦਾ। ਉਹਦੀ ਗਰਦਨ ਪਿੱਛੇ ਨੂੰ ਗਿਰੀ ਹੋਈ, ਮੈਨੂੰ ਕਹਿਣ ਲੱਗੀ ਕਿ ਬੇਟਾ! ਰਾਤ ਤਾਂ ਅਸੀਂ ਬੈਠੇ ਰਹੇ ਹਾਂ ਸਾਰੀ, ਹੁਣ ਪਤਾ ਨਹੀਂ ਹਟਕੋਰੇ ਲੈ ਰਿਹਾ ਹੈ। ਮੈਂ ਕਿਹਾ

ਤੂੰ ਇਸ਼ਨਾਨ ਕਰਾ ਦੇ। ਛਟੀ ਖੜ੍ਹੀ ਸੀ ਬਹੁਤ ਮਜ਼ਬੂਤ ਉਥੇ ਇਸ਼ਨਾਨ ਕਰਾ ਦਿੱਤਾ ਉਹਦਾ। ਇਸ਼ਨਾਨ ਤੋਂ ਬਾਅਦ ਮੈਂ ਕਿਹਾ ਜਾਈਂ ਨਾ ਅਰਦਾਸ ਕਰ ਲੈਣ ਦੇ ਮੈਨੂੰ। ਮੈਂ ਅਰਦਾਸ ਕਰੀ ਕਿ ਸੱਚੇ ਪਾਤਸ਼ਾਹ! ਤੇਰੀ ਬਾਣੀ ਨਾ ਗਲਤ ਹੋ ਜਾਵੇ। ਜੇ ਤੂੰ ਮੇਰਾ ਸਰੀਰ ਲੈਣਾ ਹੈ ਨਾ, ਤਾਂ ਮੈਂ ਦੇਣ ਨੂੰ ਤਿਆਰ ਹਾਂ, ਇਸ ਬੱਚੇ ਨੂੰ ਜੀਉਂਦਾ ਕਰ ਦੇ। ਬਾਣੀ ਦੀ ਬਦਨਾਮੀ ਨਹੀਂ ਮੈਂ ਸਹਿ ਸਕਦਾ। ਮੈਂ ਦੇਖਿਆ ਪੰਦਰਾਂ ਮਿੰਟ ਬਾਅਦ ਛਟੀ ਦੇ ਪੱਤਿਆਂ ਨੂੰ ਠੁੱਠੀ ਪੈਣ ਲੱਗ ਗਈ। ਮੈਂ ਕਿਹਾ, ਮਾਈ! ਜਾਈਂ ਨਾ ਅਜੇ, ਫੇਰ ਅੱਧਾ ਘੰਟਾ ਲੰਘ ਗਿਆ ਉਹਨੂੰ ਛਟੀ ਕੁਮਲਾ ਗਈ। ਮੇਰੇ ਮਨ 'ਚ ਆਇਆ ਕਿ ਮੈਂ ਇੱਕ ਪਾਪ ਕਰਿਆ ਹੈ ਬਹੁਤ ਵੱਡਾ। ਇੱਕ ਜਾਨ ਬਚਾਉਣ ਵਾਸਤੇ, ਇੱਕ ਛਟੀ ਦਾ ਖੂਨ ਕਰ ਦਿੱਤਾ। ਉਹਦੀ ਜ਼ਿੰਦਗੀ ਖਤਮ ਕਰ ਕਰਕੇ ਉਸ ਬੱਚੇ ਨੂੰ ਦੇ ਦਿੱਤੀ। ਫੇਰ ਮੈਂ ਅਰਦਾਸ ਕਰੀ ਕਿ ਸੱਚੇ ਪਾਤਸ਼ਾਹ! ਮੇਰੇ ਤੋਂ ਹੋ ਗਈ ਭੁੱਲ, (੧੮ ਸਾਲ ਦੀ ਉਮਰ ਕੀ ਹੁੰਦੀ ਹੈ ਬੰਦੇ ਦੀ) ਕਿ ਮੇਰੇ 'ਚ ਜਿਹੜੀ ਸ਼ਕਤੀ ਆਈ ਹੈ ਉਹ ਮੈਂ ਸਾਰੀ ਵਾਪਸ ਕਰ ਦੇਵਾਂ। ਅੱਗੇ ਤੋਂ ਨਾ ਮੇਰੇ ਵਿੱਚ ਇਹ ਸ਼ਕਤੀ ਆਵੇ ਕਦੇ ਵੀ ਤੇ ਇਹਦੇ ਨਾਲ ਜੇ ਮਾਈ ਕਿਸੇ ਨੂੰ ਦੱਸੇ ਤਾਂ ਇਹਦਾ ਬੱਚਾ ਬੀਮਾਰ ਕਰ ਦੇਈਂ। ਨਾ ਤਾਂ ਉਸ ਮਾਈ ਨੇ ਭੇਤ ਖੋਲ੍ਹਿਆ ਸਾਰੀ ਜ਼ਿੰਦਗੀ, ਨਾ ਮੈਂ ਕਿਸੇ ਨੂੰ ਦੱਸਿਆ। ਹੁਣ ਮੈਂ ਤਾਂ ਦੱਸਿਆ ਹੈ ਕਿ ਇਹ ਜਲ ਜਿਹੜਾ ਹੁੰਦਾ ਹੈ ਇਹ ਐਵੇਂ ਨਹੀਂ ਹੁੰਦਾ, ਪਤਾਸੇ ਪਾ ਦਿੱਤੇ, ਮਿੱਠਾ ਪਾਣੀ ਹੈ। ਬਾਣੀ ਵਿੱਚ ਜਿੰਨੀ ਬਿਰਤੀ ਇਕਾਗਰ ਹੁੰਦੀ ਹੈ ਪਾਠ ਕਰਨ ਵਾਲੇ ਦੀ, ਓਨੀਂ ਐਨਰਜੀ ਇਹਦੇ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਪ੍ਰਵੇਸ਼ ਕਰਕੇ ਜਿਹੜਾ ਛਕਦਾ ਹੈ, ਉਹਦੀ ਇੱਕ ਵਾਰੀ ਕਾਇਆ ਕਲਪ ਹੋ ਜਾਂਦੀ ਹੈ।

ਦੋ ਤਿੰਨ ਚੀਜ਼ਾਂ ਨੇ ਇਕ ਤਾਂ ਹੈ ਵਿਸ਼ਵਾਸ਼ ਦੀ ਗੱਲ। ਇੱਕ ਇਹ ਹੈ ਕਿ ਪਹਿਲੇ ਜ਼ਮਾਨਿਆਂ 'ਚ ਹਰ ਇੱਕ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ। ਤਿਆਰ ਕੀਤਾ ਜਾਂਦਾ ਸੀ, ਜਿਹੜਾ ਆਉਂਦਾ ਸੀ, ਖਾਲਸਾ ਬਣਨ ਵਾਸਤੇ, ਉਹਨੂੰ ਪਰਖ ਕੇ ਫੇਰ ਦਿੱਤਾ ਜਾਂਦਾ ਸੀ। ਛੇ-ਛੇ ਮਹੀਨੇ ਪਾਠ ਕਰਾਈ ਜਾਂਦੇ ਸੀ। ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਪਹਿਲਾਂ ਛੇ-ਛੇ ਮਹੀਨੇ ਪਾਠ ਕਰਾਉਂਦੇ ਸੀ ਲੱਖਾਂ ਹੀ ਮੂਲਮੰਤ੍ਰ ਦੇ। ਫੇਰ ਦੇਖਣਾ ਕਿ ਲਗਨ ਹੈ, ਫੇਰ ਉਹਨੂੰ ਕਹਿਣਾ ਕਿ ਹੁਣ ਤੂੰ ਅੰਮ੍ਰਿਤ ਛਕ ਲੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਵਿਸਾਖੀ ਵਾਲੇ ਦਿਨ ਐਸਾ ਕੌਤਕ ਕਰਿਆ ਕਿ ਉਹ ਮਰੇ ਪਏ ਬੰਦੇ ਜਿੰਨ੍ਹਾਂ 'ਚ ਜਾਨ ਹੀ ਨਹੀਂ ਸੀ, ਨਿਰਭੈ ਤੇ ਨਿਰਵੈਰ ਬਣਾ ਦਿੱਤੇ। ਇਸ ਕਰਕੇ ਵਿਸਾਖੀ ਦਾ ਜਿਹੜਾ ਦਿਨ ਹੈ ਉਹ ਸਾਡੇ ਵਾਸਤੇ ਬਹੁਤ ਮਹੱਤਵ ਰੱਖਦਾ ਹੈ। ਲੇਕਿਨ ਗੱਲ ਸਮਝਣੀ ਚਾਹੀਦੀ ਹੈ। ਇਹੀ ਨਹੀਂ ਹੈਗਾ ਕਿ ਰਸਮ ਬਣਾ ਲਓ ਅੰਮ੍ਰਿਤ ਛਕਣ ਦੀ। ਮੈਂ ਕਦੇ ਨਹੀਂ ਕਹਿੰਦਾ, ਮੈਂ ਹਮੇਸ਼ਾ ਕਹਿੰਦਾ ਹਾਂ ਕਿ ਜੇ ਪੂਰੀ ਤਰ੍ਹਾਂ ਤਿਆਰ ਹੋਂ, ਪੂਰੀ ਤਰ੍ਹਾਂ ਰੱਖ ਸਕਦੇ ਓਂ, ਗੁਰੂ ਤੇ ਪੂਰਾ ਵਿਸ਼ਵਾਸ਼ ਰੱਖ ਸਕਦੇ ਓਂ, ਫੇਰ ਆ ਜਾਓ ਗੁਰੂ ਤੁਹਾਡੇ 'ਚ ਬਰਕਤ ਪਾਏਗਾ, ਨਾਮ ਵੀ ਚੱਲੇਗਾ, ਸਭ ਕੁਛ ਹੋਏਗਾ ਤੇ ਅਧਿਕਾਰ ਹੀ ਨਹੀਂ ਹੈ ਤੁਹਾਨੂੰ। ਅਸੀਂ ਭੇਡਾਂ 'ਤੇ ਰੰਗ ਪਾਉਣਾ ਹੈ। ਅੰਮ੍ਰਿਤ ਦੀ ਬੇਅਦਬੀ ਹੈ। ਅੰਮ੍ਰਿਤ ਦਾ ਜਿਹੜਾ ਵਪਾਰੀ ਹੈ, ਅੰਮ੍ਰਿਤ ਦਿਓ ਉਹਨੂੰ। ਉਹਦੇ 'ਚ ਕਾਇਆ ਕਲਪ ਹੋ ਜਾਏਗੀ। ਬ੍ਰਹਮਗਿਆਨ ਤੱਕ ਪਹੁੰਚ ਜਾਂਦਾ ਹੈ। ਗੁਰੂ ਮਹਾਰਾਜ ਨੇ ਬ੍ਰਹਮਗਿਆਨੀ ਬਣਾ ਦਿੱਤੇ ਸਾਰੇ। ਉਸ ਵੇਲੇ ਜਿਹੜੇ ਕਵੀ ਸੀ ਉਨ੍ਹਾਂ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ ਪੜ੍ਹੋ ਪਿਆਰ ਨਾਲ-

ਧਾਰਨਾ -ਪੀਵਹੁ ਪਾਹੁਲ ਖੰਡੇਧਾਰ, ਹੋਵੇ ਜਨਮ ਸੁਹੇਲਾ।

ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।
ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।
ਭਾਈ ਗੁਰਦਾਸ ਜੀ, ਵਾਰ ੪੧/੧

ਐਸਾ ਆਬ-ਏ-ਹਿਆਤ ਜਿਸਨੂੰ ਟੋਲ੍ਹਦੇ ਰਹੇ, ਉਹ ਦਾਖਲ ਕਰ ਦਿੱਤਾ। ਆਦਮੀ ਦੇ ਅੰਦਰ ਸਾਧਸੰਗਤ ਜੀ, ਅੰਮ੍ਰਿਤ ਭਰਿਆ ਪਿਆ ਹੈ। ਇੱਥੇ ਪਾਹੁਲ ਸ਼ਬਦ ਵਰਤਿਆ ਹੈ ਉਨ੍ਹਾਂ ਨੇ। ਲੇਕਿਨ ਆਦਮੀ ਨੂੰ ਪਤਾ ਨਹੀਂ ਹੈ -

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ
ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ
ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ
ਕਰਤੈ ਆਪਿ ਖੁਆਇਆ ॥ ਅੰਗ - ੬੪੪

ਅੰਦਰਲੇ ਅੰਮ੍ਰਿਤ ਤੱਕ ਪਹੁੰਚਦਾ ਨਹੀਂ, ਮਹਾਰਾਜ ਕਹਿੰਦੇ, ਤੇਰੇ ਅੰਦਰ ਖੂਹ ਭਰਿਆ ਪਿਆ ਹੈ ਅੰਮ੍ਰਿਤ ਦਾ, ਉਹਨੂੰ ਤੂੰ ਦੇਖ। ਉਹਦੇ ਤੱਕ ਤੂੰ ਪਹੁੰਚ ਨਹੀਂ ਸਕਦਾ। ਉਹਦਾ ਤਰੀਕਾ ਕੀ ਹੈ, ਜਿਵੇਂ ਆਪਾਂ ਟਿਊਬਵੈਲ ਲਾਉਂਦੇ ਹਾਂ, reflex wall ਤੋਂ ਉੱਤੇ ਪਾਣੀ ਭਰਦੇ ਹਾਂ। ਸੂਟਾ ਮਰਵਾਉਂਦੇ ਹਾਂ ਬਟਨ ਦੱਬ ਕੇ, ਫੇਰ ਉਹ ਪਾਣੀ ਹੇਠਲਾ ਉਤੇ ਆ ਜਾਂਦਾ ਹੈ। ਫੇਰ ਪਾਉਂਦੇ ਹਾਂ, ਫੇਰ ਆਉਂਦੇ ਹਾਂ, ਜੇ ਬਹੁਤਾ ਗਹਿਰਾ ਹੈ ਪੰਜ ਸੱਤ ਵਾਰੀ ਪਾਣੀ ਪਾਉਣਾ ਪੈਂਦਾ ਹੈ। ਉਸ ਤੋਂ ਬਾਅਦ ਜਦੋਂ reflex wall ਨਾਲ ਲੱਗ ਗਿਆ, ਉਤਲੇ ਪਾਣੀ ਦੀ ਹੇਠਲੇ ਪਾਣੀ ਨਾਲ ਸੰਧੀ ਮਿਲ ਗਈ। ਇਸੇ ਤਰ੍ਹਾਂ ਜਦੋਂ ਪੰਜ ਪਿਆਰੇ ਜਦੋਂ ਨਾਮ ਦਿੰਦੇ ਨੇ, ਸ਼ਬਦ ਦਿੰਦੇ ਨੇ ਵਾਹਿਗੁਰੂ ਮੰਤਰ, ਮੂਲਮੰਤ੍ਰ ਵਾਸਤੇ ਤਾਕੀਦ ਕਰਦੇ ਨੇ ਤੇ ਉਹ ਪਵਿੱਤਰ ਜਲ, ਸ਼ਕਤੀਸ਼ਾਲਾ ਜਦੋਂ ਇਹ ਪੀਂਦਾ ਹੈ, ਉਹਦੇ ਨਾਲ ਇਸ ਤਰ੍ਹਾਂ ਹੋਇਆ ਕਰਦਾ ਹੈ। ਉਹ ਇਹ ਹੁਣ ਨਾ ਕਰੇ ਫੇਰ ਬੜਾ ਮੁਸ਼ਕਲ ਹੈ। ਇਸ ਕਰਕੇ ਬਾਹਰਲੀ ਜਿਹੜੀ ਪਾਹੁਲ ਹੈ ਉਹ ਗੁਰੂ ਮਹਾਰਾਜ ਨੇ ਬਹੁਤ ਸਾਇੰਟੇਫਿਕ ਤਰੀਕੇ ਦੇ ਨਾਲ ਇੱਕ ਐਸੀ ਚੀਜ਼ ਲਿਆਂਦੀ ਜਿਹਦੇ ਨਾਲ ਆਦਮੀ ਦੇ ਵਿੱਚ ਧਰਮ ਵੀ ਆ ਜਾਵੇ ਤੇ ਮਜ਼੍ਹਬ ਜਿਹਨੂੰ ਕਹਿੰਦੇ ਨੇ ਉਹ ਵੀ ਪੂਰੀ ਤਰ੍ਹਾਂ ਫਲੇ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਸਭ ਨੂੰ ਕਿਹਾ ਕਿ ਦੇਖੋ, ਇੱਕ ਅਕਾਲ ਪੁਰਖ ਨੂੰ ਮੰਨਣਾ ਹੈ, ਹੋਰ ਕਿਸੇ ਨੂੰ ਨਹੀਂ ਮੰਨਣਾ। ਛੱਡ ਦਿਓ ਸਾਰਿਆਂ ਨੂੰ, ਕਿਉਂਕਿ ਸਭ ਬਣਾਏ ਹੋਏ ਨੇ, 'ਬਿਨੁ ਕਰਤਾਰ ਨ ਕਿਰਤਮ ਮਾਨੋ। ਕਰਤਾਰ ਤੋਂ ਬਗੈਰ ਹੋਰ ਨਾ ਮੰਨੋ ਕਿਸੇ ਨੂੰ। ਉਹ ਪਰਮ ਜੋਤ ਹੈ -

ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥

ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥
ਅਕਾਲ ਉਸਤਤਿ

ਅਸੀਂ ਜਿਹੜਾ ਵਾਹਿਗੁਰੂ ਕਿਹਾ ਹੈ ਉਸ ਜੋਤ ਨੂੰ ਕਿਹਾ ਹੈ। ਜਦੋਂ ਤੁਸੀਂ ਵਾਹਿਗੁਰੂ ਕਹਿਣਾ ਹੈ, ਉਸ ਵੇਲੇ ਉਸ ਜੋਤ ਨੂੰ ਜਪਣਾ ਹੈ, ਅਸੀਂ ਉਹਨੂੰ ਜਾਗ੍ਰਤ ਜੋਤ ਕਹਿੰਦੇ ਹਾਂ, ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।
ਜਾਗਤ ਜੋਤਿ ਜਪੈ ਨਿਸ ਬਾਸੁਰ
ਏਕ ਬਿਨਾਂ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ॥

ਵਾਹਿਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਣਾ। ਜਦੋਂ ਤੁਹਾਡੇ ਅੰਦਰ ਬ੍ਰਹਮਗਿਆਨ ਦੀ ਜੋਤ ਜਗ ਪਈ, ਸਾਰੇ ਇੱਕੋ ਹੀ ਪ੍ਰਮੇਸ਼ਰ ਆਉਣ ਲੱਗ ਗਿਆ, ਉਸ ਵੇਲੇ ਤੁਸੀਂ ਖਾਲਸਾ ਪਦ ਪ੍ਰਾਪਤ ਕਰ ਲਵੋਂਗੇ। ਲਿਖਣ 'ਤੇ ਨਹੀਂ ਹੁੰਦਾ ਕਿ ਫਲਾਣਾ ਸਿੰਘ ਖਾਲਸਾ, ਫਲਾਣਾ ਸਿੰਘ ਖਾਲਸਾ। ਖਾਲਸਾ ਇੱਕ ਆਦਰਸ਼ ਹੈ -

ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ 'ਚੋਂ)

ਜਦੋਂ ਸਾਰੀ ਸ੍ਰਿਸ਼ਟੀ ਦੇ ਵਿੱਚ ਇੱਕੋ ਪ੍ਰਮੇਸ਼ਰ ਨਜ਼ਰ ਆਉਣ ਲੱਗ ਜਾਵੇ। ਉਸ ਵੇਲੇ 'He is called Khalsa' ਤੇ ਉਹਦੀ ਪਦਵੀ ਕਿੰਨੀ ਹੈ ਕਿ ਮੇਰੇ ਵਿੱਚ ਤੇ ਉਸ ਖਾਲਸੇ ਤੇ ਰੱਬ ਦੇ ਵਿੱਚ ਕੋਈ ਭੇਤ ਨਹੀਂ ਹੈ। ਸੋ ਐਡੀ ਵੱਡੀ ਪਦਵੀ ਦੇ ਉਤੇ ਇੱਕ ਆਮ ਮਨੁੱਖ ਨੂੰ ਗੁਰੂ ਮਹਾਰਾਜ ਨੇ ਪਹੁੰਚਾ ਕੇ ਕਿਹਾ ਕਿ ਮੈਨੂੰ ਵੀ ਅੰਮ੍ਰਿਤ ਛਕਾਓ ਹੁਣ। ਇਹ ਇੱਕ ਨਵੀਂ ਗੱਲ ਸੀ। ਸੋ ਇਸ ਤਰ੍ਹਾਂ ਦੇ ਨਾਲ ਸੰਗਤ ਬਣਾ ਦਿੱਤੀ। ਐਸਾ ਨਿਰਭੈ ਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਪੈਦਾ ਕਰਿਆ ਮਹਾਰਾਜ ਨੇ ਕਿ ਕਿੱਡੀਆਂ ਜ਼ਿੰਮੇਵਾਰੀਆਂ ਇਹਦੇ ਉਤੇ ਆ ਗਈਆਂ। ਕਿੰਨੀ ਦੇਰ ਤੱਕ ਚਲਦੀ ਰਹੀ ਇਹ ਸੰਸਥਾ ਸਹੀ ਮਾਇਨਿਆਂ ਦੇ ਅੰਦਰ। ਹੁਣ ਕੀ ਹੈ? ਹੁਣ ਤਾਂ ਮੈਂ ਕਹਿ ਹੀ ਨਹੀਂ ਸਕਦਾ, ਤੁਸੀਂ ਸਾਰੇ ਜਾਣਦੇ ਹੀ ਓਂ। ਕਿਤੇ-ਕਿਤੇ ਆਦਰਸ਼ ਸਹੀ ਤਰੀਕਾ ਚੱਲ ਰਿਹਾ ਹੈ, ਕਿਤੇ-ਕਿਤੇ ਨਹੀਂ ਚਲਦਾ। ਜਿੱਥੇ ਅੰਮ੍ਰਿਤ ਛਕਦੇ ਨੇ, ਮੈਂ ਤੁਹਾਨੂੰ ਇੱਕ ਮਿਸਾਲ ਦਿੰਦਾ ਹਾਂ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਰੰਗਲੇ ਸੱਜਣ' ਪੁਸਤਕ ਵਿੱਚ ਲਿਖੀ ਹੈ। ਉਹ ਕਹਿਣ ਲੱਗੇ, ਅਸੀਂ ਖਾਲਸਾ ਸਕੂਲ ਲੁਧਿਆਣੇ ਅੰਮ੍ਰਿਤ ਛਕਾਉਣਾ ਸੀ, ਚਾਰ ਸਿੰਘ ਤਾਂ ਆ ਗਏ, ਪੰਜਵਾਂ ਨਾ ਆਵੇ। sense ਕਰ ਜਾਂਦੇ ਸੀ, ਐਸ ਤਰ੍ਹਾਂ ਨਹੀਂ ਸੀ ਕਿ ਗੁਰਸਿੱਖਾਂ ਨੂੰ ਪਤਾ ਨਹੀਂ ਸੀ, ਗੱਲਾਂ ਜਾਣ ਜਾਂਦੇ ਸੀ ਦੂਰ ਤੱਕ ਦੀਆਂ। ਮੈਨੂੰ ਬਹੁਤ ਪਤਾ ਹੈ ਉਨ੍ਹਾਂ ਦਾ। ਉਹ ਕਹਿਣ ਲੱਗੇ ਕਿ ਅਰਦਾਸ ਕਰੋ ਕਿ ਸਿੰਘ ਆ ਰਿਹਾ ਹੈ। ਜਦੋਂ ਅਰਦਾਸ ਹੋ ਹਟੀ ਤਾਂ ਪਿੱਛੇ ਮੁੜ ਕੇ ਦੇਖਿਆ ਤਾਂ ਤੁਹਾਡੇ (ਬੀਜੀ ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਆ ਗਏ। ਕਹਿਣ ਲੱਗੇ, ਲੇਟ ਆਏ ਤੁਸੀਂ? ਕਹਿਣ ਲੱਗੇ, ਤੁਹਾਡਾ ਸੁਨੇਹਾ ਹੁਣੇ ਹੀ ਗਿਆ। ਵਾਹਿਗੁਰੂ ਜਾਣੇ ਕਿ ਇਹਦੇ ਵਿੱਚ ਕੀ ਭੇਤ ਸੀ। ਕਿਉਂਕਿ ਉਸ ਵੇਲੇ ਜਿਹੜੇ ਗੁਰਸਿੱਖ ਸੀ, ਇੱਕ ਕਦਮ ਪੁੱਟ ਕੇ ਹੀ ਕਿਤੇ ਦੀ ਕਿਤੇ ਚਲੇ ਜਾਂਦੇ ਸੀ। ਬਾਬਾ ਜਵਾਲਾ ਸਿੰਘ ਜੀ ਕੋਠੇ ਪਿੰਡ ਗਏ ਹੋਏ ਨੇ, ਹਰਖੋਵਾਲ ਵਾਲੇ। ਉਥੇ ਬਾਹਰ ਆਏ ਤਾਂ ਨਿਹੰਗ ਸਿੰਘ ਟਹਿਲ ਸਿੰਘ ਉਨ੍ਹਾਂ ਦਾ ਗੜਵਈ ਸੀ, ਉਸ ਵੇਲੇ। ਕਿਸੇ ਨੂੰ ਨਿਗ੍ਹਾਂ ਥੱਲੇ ਨਹੀਂ ਸੀ ਲਿਆਇਆ ਕਰਦਾ ਉਹ। ਬਾਬਾ ਜੀ ਕਹਿਣ ਲੱਗੇ ਕਿ ਚੱਲ ਚੱਲੀਏ, ਆਹ ਫੜਾ ਬਾਂਹ। ਬਾਂਹ ਫੜੀ, ਉਹ ਹੈਰਾਨ ਹੋ ਗਿਆ, ਭਮੱਤਰ ਗਿਆ ਕਿ ਕਿੱਥੇ ਆ ਗਏ, ਨਾ ਉਹ ਖੂਹ ਹੈ, ਨਾ ਉਹ ਚਲ੍ਹਾ ਹੈ, ਅਸੀਂ ਤਾਂ ਫਿਰਦੇ ਹਾਂ ਰਾਮਗੜ੍ਹ, ਸੀਗੇ ਕੋਠੇ, ਚਾਲੀ ਮੀਲ ਦਾ ਫਰਕ। ਉਥੇ ਕਰਤਾਰ ਸਿੰਘ ਉਨ੍ਹਾਂ ਦਾ ਪ੍ਰੇਮੀ ਸੀ ਉਹਨੂੰ ਬਚਨ ਦਿੱਤਾ ਹੋਇਆ ਸੀ ਕਿ ਅੰਤ ਸਮੇਂ ਅਸੀਂ ਤੇਰੇ ਕੋਲ ਹੋਵਾਂਗੇ। ਫਟਾਫਟ ਉਹਦੇ ਘਰ ਜਾ ਕੇ ਉਹਦਾ ਸੀਸ ਚੁੱਕ ਕੇ ਪੱਟ 'ਤੇ ਰੱਖ ਲਿਆ। ਦੱਸ ਵਾਰੀ ਵਾਹਿਗੁਰੂ-ਵਾਹਿਗੁਰੂ ਕਹਾਇਆ, ਸਸਕਾਰ ਕਰਿਆ, ਸਸਕਾਰ ਤੋਂ ਬਾਅਦ ਕਹਿਣ ਲੱਗੇ ਕਿ ਚੰਗਾ ਤੁਸੀਂ ਹੁਣ ਅਲਾਹਣੀਆਂ ਦਾ ਪਾਠ ਸੁਣੋ, ਚਲੋ ਹੁਣ ਤੁਸੀਂ। ਅਸੀਂ ਹਾਲੇ ਹੁਣ ਇੱਥੇ ਹੀ ਠਹਿਰਾਂਗੇ। ਉਹ ਜਦੋਂ ਸਭ ਚਲੇ ਗਏ ਉਹਦੀ ਫੇਰ ਬਾਂਹ ਫੜ ਲਈ, ਕਹਿੰਦਾ ਆ ਚੱਲੀਏ। ਜਦ ਦੇਖਿਆ, ਉਸੇ ਚਲ੍ਹੇ ਦੇ ਕੋਲ ਫੇਰ ਆ ਗਏ। ਉਹ ਹੈਰਾਨ ਹੋ ਗਿਆ, ਨਾ ਮਹਾਂਪੁਰਸ਼ਾਂ ਨੂੰ ਪੁੱਛ ਸਕੇ। ਦੂਜੇ ਦਿਨ ਪਾਰਸਭਾਗ ਦੀ ਕਥਾ ਕਰਦਾ ਸੀ, ਉਹਦੇ ਵਿੱਚ ਆਇਆ ਕਿ ਕਈ ਵਾਰੀ ਆਪਣਾ ਬਚਨ ਪੂਰਾ ਕਰਨ ਵਾਸਤੇ ਮਹਾਂਪੁਰਸ਼ ਸ਼ਕਤੀ ਦੀ ਵਰਤੋਂ ਕਰ ਲੈਂਦੇ ਨੇ। ਉਂਝ ਗੁਰਸਿੱਖੀ ਦੇ ਵਿੱਚ ਸ਼ਕਤੀ ਦਿਖਾਉਂਦੇ ਨਹੀਂ ਹਨ। ਅਜਰ ਨੂੰ ਜਰਦੇ ਨੇ, ਕਿਉਂਕਿ ਸਬਕ ਇਹੀ ਸਿਖਾਇਆ ਗਿਆ ਹੈ; ਗੁਰੂ ਪੰਜਵੇਂ ਪਾਤਸ਼ਾਹ ਨੇ ਕਿੰਨਾ ਅਜਰ ਜਰਿਆ, ਭਾਈ ਪ੍ਰਾਣਾ, ਜਿਸ ਵਕਤ ਗੁਰੂ ਮਹਾਰਾਜ ਗਰਮ ਤਵੀ 'ਤੇ ਚਰਨ ਰੱਖਣ ਲੱਗੇ, ਖੜ੍ਹਾ ਹੋ ਗਿਆ, ਬਾਹਾਂ ਚੁੱਕ ਲਈਆਂ, ਮਹਾਰਾਜ ਕਹਿੰਦੇ, ਭਾਈ ਪ੍ਰਾਣਾ! ਹੇਠਾਂ ਕਰ ਬਾਹਾਂ, ਕੀ ਕਰਨ ਲੱਗਿਆ ਹੈਂ? ਕਹਿੰਦਾ ਮੇਰੇ ਤੋਂ ਦੇਖਿਆ ਨਹੀਂ ਜਾਂਦਾ ਮਹਾਰਾਜ, ਮੈਂ ਦਿੱਲੀ ਤੇ ਲਾਹੌਰ ਦੇ ਛੈਣੇ ਵਜਾਉਣ ਲੱਗਿਆ ਹਾਂ, ਦੋਵੇਂ ਸ਼ਹਿਰ ਗਰਕ ਕਰ ਦਊਂਗਾ। ਮਹਾਰਾਜ ਕਹਿੰਦੇ, ਕਿਸ ਤੋਂ ਲੈ ਲਈ ਇਹ ਸ਼ਕਤੀ? ਮਹਾਰਾਜ! ਤੁਹਾਡੇ ਚਰਨਾਂ 'ਚੋਂ। ਮਹਾਰਾਜ ਕਹਿੰਦੇ, ਕੀ ਫੇਰ ਅਸੀਂ ਨਹੀਂ ਕਰ ਸਕਦੇ? ਅਸੀਂ ਭਾਣਾ ਵਰਤਾਅ ਰਹੇ ਹਾਂ, ਤੈਨੂੰ ਨਹੀਂ ਪਤਾ ਇਨ੍ਹਾਂ ਗੱਲਾਂ ਦਾ, ਚੁੱਪ ਕਰਕੇ ਦੇਖੋ। ਅਜਰ ਨੂੰ ਜਰਨਾ ਹੈ, ਕਲੀ ਕਾਲ ਦਾ ਜ਼ਮਾਨਾ ਹੈ -

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ। ***ਬਚਿਤ੍ਰ ਨਾਟਕ***

ਨਹੀਂ ਗੁਰੂ ਨੌਵੇਂ ਪਾਤਸ਼ਾਹ ਨੇ ਕਰਿਆ। ਸੋ ਇਸ ਤਰ੍ਹਾਂ ਗੁਰਸਿੱਖ ਵੀ ਨਹੀਂ ਕਰਦੇ, ਕਿਤੇ ਮਜ਼ਬੂਰੀ ਵਸ ਜਿਵੇਂ ਬਾਬਾ ਬੀਰ ਸਿੰਘ ਜੀ ਨੇ ਮਜ਼ਬੂਰੀ ਵਸ ਅਟਕ ਦਰਿਆ ਨੂੰ ਕਹਿ ਦਿੱਤਾ ਕਿ ਤੂੰ ਰੁਕ ਜਾ। ਉਹ ਵੇਲੇ ਕੋਈ ਚਾਰਾ ਨਹੀਂ ਸੀ, ਇਹੋ ਜਿਹੀ ਗੱਲ ਤਾਂ ਕਦੇ ਹੀ ਹੋਇਆ ਕਰਦੀ ਹੈ, ਹਮੇਸ਼ਾ ਨਹੀਂ।

ਇੱਕ ਨਾਮਧਾਰੀ ਸਿੰਘ ਹੁੰਦਾ ਸੀ, ਉਹਨੂੰ ਉਡਣਾ ਸਿੱਖ ਕਹਿੰਦੇ ਸੀ, ਇੱਕ ਵਾਰੀ ਜਦੋਂ ਉਹ ਗ੍ਰਿਫਤਾਰ ਕਰ ਲਿਆ, ਤਾਂ ਗਵਰਨਰ ਦੇ ਪਾਸ ਲੈ ਗਏ। ਕਹਿੰਦੇ ਕਿ ਆਹ ਉਡਣਾ ਸਿੱਖ ਕਹਾਉਂਦਾ, ਇਹ ਬਾਬਾ ਰਾਮ ਸਿੰਘ ਕੋਲ ਜਾ ਕੇ ਚਿੱਠੀਆਂ ਲਿਆਇਆ ਕਰਦਾ ਹੈ। ਉਹ ਕਹਿੰਦੇ ਕਿ ਤੂੰ ਉਡ ਸਕਦਾ ਹੈਂ, ਕਹਿੰਦਾ ਨਾ ਮਹਾਰਾਜ! ਮੇਰੇ ਕੀ ਫੰਘ ਲੱਗੇ ਨੇ ਜੋ ਮੈਂ ਉਡ ਸਕਾਂ। ਉਨ੍ਹਾਂ ਨੇ ਬਾਰ-ਬਾਰ ਕਹਿਆ, ਡੀ.ਸੀ, ਐਸ.ਪੀ ਕਹਿਣ ਕਿ ਸਾਨੂੰ ਪੱਕੀ ਤਰ੍ਹਾਂ ਨਾਲ ਪਤਾ ਹੈ, ਦਿਖਦਾ-ਦਿਖਦਾ ਗਾਇਬ ਹੋ ਜਾਂਦਾ ਹੈ। ਜਦੋਂ ਉਹ ਹਟੇ ਹੀ ਨਾ ਕਹਿਣ ਤੋਂ, ਕਹਿੰਦਾ ਫੇਰ ਤੁਸੀਂ ਕੀ ਦੇਖਣਾ ਹੈ। ਕਹਿੰਦੇ, ਅਸੀਂ ਜਿਹੜੀ ਗੱਲ ਕਹਿੰਦੇ ਹਾਂ। ਕਹਿੰਦੇ, ਹੱਥਕੜੀਆਂ, ਬੇੜੀਆਂ 'ਚੋਂ ਉੱਡ ਕੇ ਦਿਖਾ? ਕਹਿੰਦਾ, ਆਹ ਲੈ ਤੇਰੀਆਂ ਬੇੜੀਆਂ ਪਈਆਂ ਨੇ, ਆਹ ਹੱਥਕੜੀਆਂ; ਸਾਨੂੰ ਕੌਣ ਕੈਦ ਕਰ ਸਕਦਾ ਹੈ, ਲੈ ਮੈਂ ਗਿਆ, ਗਾਇਬ ਹੋ ਗਿਆ।

ਇਹ ਆਮ ਗੱਲਾਂ ਸੀ ਗੁਰਸਿੱਖਾਂ ਦੇ ਅੰਦਰ, ਲੇਕਿਨ ਤਮਾਸ਼ੇ ਨਹੀਂ ਸੀ ਦਿਖਾਉਂਦੇ। ਜੇ ਸਾਡੇ ਕੋਲ ਹੋਣ ਅਸੀਂ ਤਾਂ ਤਮਾਸ਼ਾ ਦਿਖਾ ਦੇਈਏ ਇੱਥੇ। ਗੁਰੂ ਮਹਾਰਾਜ ਨੇ ਕਿਹਾ ਹੈ ਕਿ ਇਹ ਗੱਲ ਨਹੀਂ ਕਰਨੀ। ਜਰਨੀ ਹੈ ਚੀਜ਼, ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ, ਕੋਈ ਗੱਲ ਨਹੀਂ ਕਰਨੀ। ਸੋ ਖਾਲਸੇ ਦਾ ਤੇਜ਼ ਬਹੁਤ ਹੋ ਗਿਆ। ਗੁਰੂ ਮਹਾਰਾਜ ਨੇ ਇੱਕ ਮਨੁੱਖ ਦੇ ਵਿੱਚ ਚਾਰ ਆਦਰਸ਼ ਪਾਏ। ਸਮਾਜ ਵੰਡਿਆਂ ਪਿਆ ਸੀ, ਸ਼ੂਦਰ 'ਚ, ਵੈਸ਼ 'ਚ, ਖੱਤਰੀ 'ਤੇ ਬ੍ਰਾਹਮਣ, ਮਹਾਰਾਜ ਨੇ ਸ਼ੂਦਰ ਜਿਹਨੂੰ ਪੈਰ ਕਹਿੰਦੇ ਸੀ, ਉਹਨੂੰ ਉਪਰ ਕਰ ਦਿੱਤਾ।

ਉਲਟਾ ਖੇਲੁ ਪਿਰੰਮ ਦਾ
ਪੈਰਾਂ ਉਪਰਿ ਸੀਸੁ ਨਿਵਾਇਆ।
ਭਾਈ ਗੁਰਦਾਸ ਜੀ, ਵਾਰ ੧/੨੩

ਪੈਰਾਂ ਦੇ ਉਪਰ ਸੀਸ ਨਿਵਾ ਦਿੱਤਾ। ਸ਼ੂਦਰ ਸੇਵਾ ਕਰਦਾ ਸੀ, ਸ਼ੂਦਰ ਦੀ ਸੇਵਾ ਨੂੰ ਕਿੰਨੀ ਮਹਾਨਤਾ ਦਿੱਤੀ ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਦਰਗਹ ਬੈਸਣੁ ਪਾਈਦੈ,
ਜੇ ਵਿੱਚ ਦੁਨੀਆਂ ਸੇਵ ਕਮਾਈਐ।
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬

ਦੂਸਰੀ ਬਾਤ ਮਹਾਰਾਜ ਨੇ, ਦੂਸਰੀ ਕਲਾਸ ਜਿਹਨੂੰ ਵੈਸ਼ ਕਹਿੰਦੇ ਸੀ, ਉਹ ਵੀ ਇੱਕੋ ਮਨੁੱਖ 'ਚ ਲਿਆ ਕੇ ਕਿਹਾ ਕਿ ਤੂੰ ਸੁੱਚੀ ਕਿਰਤ ਕਰ।

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ ਅੰਗ - ੧੨੪੫

ਗੁਰੂ ਨਾਨਕ ਨੇ ਮਲਕ ਭਾਗੋ ਦੀਆਂ ਮਠਿਆਈਆਂ ਨਹੀਂ ਸੀ ਖਾਧੀਆਂ। ਮਾਲ-ਪੂੜੇ ਨਹੀਂ ਸੀ ਖਾਧੇ। ਭਾਈ ਲਾਲੋ ਦੇ ਸੁੱਕੇ ਹੋਏ ਟੁੱਕੜ ਵਿਚੋਂ ਦੁੱਧ ਦੀ ਧਾਰ ਵਗਾ ਦਿੱਤੀ। ਸੋ ਉਸੇ ਮਨੁੱਖ ਦੇ ਵਿੱਚ ਜਿਹੜਾ ਅਲੱਗ ਸੀ ਉਹਨੂੰ ਕਿਹਾ ਕਿ ਸੇਵਾ ਵੀ ਤੂੰ ਕਰਨੀ ਹੈ, ਸੇਵਾ ਦਾ ਦਰਜਾ ਨੰਬਰ ਇੱਕ ਤੇ ਕਿਰਤ ਦਾ ਨੰਬਰ ਦੋ। ਹੇਠਲੇ ਪਾਸਿਓਂ ਮਹਾਰਾਜ ਨੇ ਚੁੱਕ ਦਿੱਤਾ ਇਹਨੂੰ। ਤੀਸਰਾ ਜਿਹੜਾ ਸੀਗਾ ਖੱਤਰੀ, ਉਨ੍ਹਾਂ ਨੂੰ ਮਹਾਰਾਜ ਨੇ ਕਿਹਾ ਕਿ ਜਿਹੜਾ ਕਰਮਾਂ ਦਾ ਸੂਰਮਾ ਹੈ ਉਹ ਖੱਤਰੀ ਹੋ ਸਕਦਾ ਹੈ, ਦੂਸਰਾ ਨਹੀਂ ਹੋ ਸਕਦਾ।

ਪੁੰਨ ਦਾਨ ਕਾ ਕਰੇ ਸਰੀਰੁ ॥ ਅੰਗ - ੯੫੨

ਪੁੰਨ ਦਾਨ ਦੇ ਸਰੀਰ ਬਾਰੇ ਮੈਂ ਇੱਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ, ਜਿਸ ਵਕਤ ਕਰਣ ਮਰ ਗਿਆ ਉਹ ਸਵਾ ਮਣ ਸੋਨਾ ਰੋਜ਼ ਪੁੰਨ ਕਰਦਾ ਸੀ, ਉਹਦੇ ਕੋਲ ਇੱਕ ਸਿੱਧੀ ਸੀ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਦਾਨ ਦਾ ਸੂਰਜ ਛਿਪ ਗਿਆ, ਹੱਥ ਚੁੱਕ ਲਏ ਉਪਰ ਨੂੰ ਦੋਵੇਂ। ਅਰਜਨ ਨੂੰ ਗੁੱਸਾ ਕਰਿਆ, ਮਹਾਰਾਜ! ਐਨੀ ਵਡਿਆਈ, ਦਾਨੀ ਤਾਂ ਵੱਡੇ-ਵੱਡੇ ਹੋਏ ਨੇ। ਇਹਦੇ ਨਾਲ ਦਾ ਕੋਈ ਦਾਨੀ ਨਹੀਂ। ਕਹਿੰਦੇ, ਕਿਵੇਂ ਪਤਾ ਲੱਗੇ? ਕਹਿੰਦੇ ਚੱਲ। ਰੂਪ ਬਦਲਾ ਲਏ। ਬੁੱਢਾ ਬ੍ਰਾਹਮਣ ਬਣ ਗਿਆ। ਕਰਣ ਜਿਹੜਾ ਸੀ ਉਹ ਜ਼ਖਮੀ ਹੋਇਆ, ਖੂਨ ਨਿਕਲ ਰਿਹਾ ਸੀ ਤੇ ਕਿਨਾਰੇ 'ਤੇ ਪਹੁੰਚਿਆ ਹੋਇਆ ਸੀ ਉਥੇ ਜਾ ਕੇ ਕਿਹਾ ਕਿ ਐ ਕਰਣ! ਮੇਰੇ ਤਾਂ ਭਾਗ ਮੰਦੇ ਹੋ ਗਏ, ਮੈਂ ਦਲਿੱਦਰ ਦਾ ਖਾਤਮਾ ਕਰਾਉਣ ਤੇਰੇ ਕੋਲ ਆਇਆ ਸੀ, ਤੂੰ ਤਾਂ ਧਰਤੀ 'ਤੇ ਪਿਆ ਹੈਂ ਤੇ ਮੈਨੂੰ ਕੁਛ ਦੇਹ। ਉਹ ਕਹਿਣ ਲੱਗਿਆ ਕਿ ਮੇਰੇ ਕੋਲ ਇਸ ਵੇਲੇ ਕੁੱਛ ਨਹੀਂ ਹੈ। ਅੱਖ ਚਾਹੀਦੀ ਹੈ ਅੱਖ ਲੈ ਲੈ, ਹੱਡੀ ਚਾਹੀਦੀ ਹੈ ਹੱਡੀ ਲੈ ਲੈ, ਜੋ ਚੀਜ਼ ਮੇਰੇ ਸਰੀਰ ਦੀ ਚਾਹੀਦੀ ਹੈ ਉਹ ਲੈ ਲੈ, ਉਹ ਕਹਿਣ ਲੱਗੇ, ਤੂੰ ਝੂਠ ਬੋਲਦਾ ਹੈਂ, ਤੇਰੇ ਕੋਲ ਹੈ ਕਿਉਂ ਨਹੀਂ, ਤੇਰੇ ਦੰਦਾਂ ਦੇ ਉਤੇ ਸੋਨੇ ਦੀ ਪਲੇਟ ਹੈ। ਕਹਿਣ ਲੱਗਿਆ, ਮੈਨੂੰ ਮੁਆਫ ਕਰ ਮੈਂ ਭੁੱਲ ਗਿਆ, ਮੈਨੂੰ ਪੱਥਰ ਫੜਾ ਮੈਂ ਤੈਨੂੰ ਦੰਦ ਪੁੱਟ ਕੇ ਦੇ ਦੇਵਾਂ। ਉਹ ਕਹਿੰਦਾ, ਮੈਂ ਕਿਉਂ ਫੜਾਵਾਂ, ਉਹ ਪਿਆ ਹੈ ਪੱਥਰ ਤੂੰ ਆਪ ਚੁੱਕ। ਹੌਲੀ-ਹੌਲੀ ਇੱਕ-ਇੱਕ ਇੰਚ ਹਿਲਦਾ-ਹਿਲਦਾ, ਪੱਥਰ ਤੱਕ ਚਲਿਆ ਗਿਆ, ਜਦੋਂ ਪੱਥਰ ਨਾਲ ਮਾਰਨ ਲੱਗਿਆ, ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਬਾਂਹ ਫੜ ਲਈ, ਕਹਿਣ ਲੱਗੇ, ਧੰਨ ਹੈਂ ਤੂੰ, ਅਸਲੀ ਖੱਤਰੀ ਹੈਂ। ਮਹਾਰਾਜ ਕਹਿੰਦੇ-

ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥
ਸੋ ਖਤ੍ਰੀ ਦਰਗਹ ਪਰਵਾਣੁ ॥ ਅੰਗ - ੧੪੧੧

ਖੇਤ ਪਛਾਨਣਾ ਪੈਣਾ ਹੈ ਕਿ ਦਾਨ ਕਿੱਥੇ ਦੇਈਏ, ਕਿੱਥੇ ਇਹ ਸਫਲ ਹੋਏਗਾ, ਕਿੱਥੇ ਇਹ ਸੰਸਾਰ ਦੀ ਸੇਵਾ ਵਿੱਚ ਲੱਗੇਗਾ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਖੇਤ ਪਛਾਣ ਕੇ ਦਾਨ ਕਰੇ। ਖਾਲਸਾ ਦਾਨੀ ਹੈ ਦਸਵੰਧ ਕੱਢਦਾ ਹੈ, ਸੌ ਬੋਰੀ ਅਨਾਜ ਦੀ ਹੋ ਜਾਏ, ਇੱਕ ਬੋਰੀ ਦੇਣੀ ਚਾਹੀਦੀ ਹੈ। ਸੌ ਰੁਪਿਆ ਬਚ ਜਾਵੇ ਖਰਚੇ ਕੱਢ ਕੇ, ਇੱਕ ਰੁਪਿਆ ਗੁਰੂ ਦਾ ਦੇਣਾ ਚਾਹੀਦਾ ਹੈ। ਸੋ ਦਾਨੀ ਬਣਾ ਦਿੱਤਾ ਸਹਿਜ ਨਾਲ ਓਹੀ ਪੁਰਸ਼। ਤੀਸਰਾ ਬ੍ਰਾਹਮਣ ਬਣਾ ਦਿੱਤਾ। ਬ੍ਰਾਹਮਣ ਮਹਾਰਾਜ ਕਹਿੰਦੇ ਉਹ ਹੈ -

ਸੋ ਪੰਡਿਤੁ ਜੋ ਮਨੁ ਪਰਬੋਧੈ ॥
ਰਾਮ ਨਾਮੁ ਆਤਮ ਮਹਿ ਸੋਧੈ ॥
ਰਾਮ ਨਾਮ ਸਾਰੁ ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਅੰਗ - ੨੭੪

ਉਸੇ ਇੱਕ ਵਜੂਦ ਨੂੰ ਪ੍ਰਚਾਰਕ ਬਣਾ ਦਿੱਤਾ, ਗਿਆਨੀ ਬਣਾ ਦਿੱਤਾ, ਕਥਾਕਾਰ ਬਣਾ ਦਿੱਤਾ, ਕਹਿੰਦੇ ਤੁਹਾਡੇ ਵਿੱਚ ਮਿਸ਼ਨਰੀ

ਕੋਈ ਨਹੀਂ ਹੋਏਗਾ, ਕਿਉਂਕਿ ਮਿਸ਼ਨਰੀ ਦੂਸ਼ਿਤ ਕਰ ਦਿੰਦੇ ਨੇ ਹਰ ਚੀਜ਼ ਨੂੰ। ਤੁਸੀਂ ਗ੍ਰਿਹਸਤੀ ਬੰਦਗੀ ਕਰਕੇ ਆਪ ਹੀ ਪ੍ਰਚਾਰ ਕਰੋਂਗੇ। ਤੁਹਾਡਾ ਜੀਵਨ ਪ੍ਰਚਾਰ ਬਣੇਗਾ। ਸੋ ਇਸ ਤਰ੍ਹਾਂ ਸਾਰੇ ਵਜੂਦ ਨੂੰ ਮਹਾਰਾਜ ਨੇ ਕਿਹਾ ਹੈ, ਇਹ ਖਾਲਸੇ ਦਾ ਵਜੂਦ ਹੈ। ਇਹਦੀ ਮਹਾਨਤਾ ਕਿੰਨੀ ਹੈ, ਪੜ੍ਹ ਲਓ ਇਸ ਤਰ੍ਹਾਂ -

ਧਾਰਨਾ - ਜਾਣੋ ਪਿਆਰਿਓ! ਮੇਰਾ ਰੂਪ ਖਾਲਸੇ ਨੂੰ।

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹੌ ਕਰੌ ਨਿਵਾਸ॥

(ਸਰਬ ਲੋਹ ਗ੍ਰੰਥ 'ਚੋਂ)

ਕਹਿਣ ਲੱਗੇ -

ਮਮ ਸਰੂਪ ਤੁਮ ਅਬਿ ਭਏ.........।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਪੰਜਾਂ ਨੂੰ ਸਾਮ੍ਹਣੇ ਕਰਕੇ ਕਹਿਣ ਲੱਗੇ ਕਿ ਹੁਣ ਤੁਸੀਂ ਮੇਰਾ ਸਰੂਪ ਬਣ ਗਏ।

ਹੌਂ ਭਾ ਤੁਮਹਿਂ ਸਰੂਪ॥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਮੈਂ ਤੁਹਾਡਾ ਸਰੂਪ ਬਣ ਗਿਆ, ਤੁਸੀਂ ਮੇਰਾ ਸਰੂਪ ਬਣ ਗਏ। ਓਤ ਪੋਤ ਹੋ ਗਏ ਆਪਾਂ।

ਬ੍ਰਹਮ ਗਯਾਨ ਦਿਢ ਰਿਦੈ ਹ੍ਵੈ ਪਦ ਅਤਿ ਲੀਨਿ ਅਨੂਪ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਤੁਸੀਂ ਬ੍ਰਹਮਗਿਆਨ ਦਾ ਪਦ ਹਾਸਲ ਕਰ ਲਿਆ। ਬ੍ਰਹਮਗਿਆਨ ਦਾ ਪਦ ਕੀ ਹੁੰਦਾ ਹੈ -

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥

ਅੰਗ - ੨੭੨

ਜਿਹਨੂੰ ਦੂਸਰਾ ਨਜ਼ਰ ਹੀ ਨਹੀਂ ਆਉਂਦਾ ਪ੍ਰਮੇਸ਼ਰ ਤੋਂ ਬਗੈਰ, ਉਹ ਬ੍ਰਹਮਗਿਆਨੀ ਹੋਇਆ ਕਰਦਾ ਹੈ -

ਧਾਰਨਾ - ਦੂਜਾ ਨਾ ਦੇਖਦੇ,
ਪ੍ਰਭ ਜੀ ਬਿਨੁ ਬ੍ਰਹਮਗਿਆਨੀ।

ਕਹਿਣ ਲੱਗੇ, ਬ੍ਰਹਮਗਿਆਨ ਹੁਣ ਦ੍ਰਿੜ੍ਹ ਹੋ ਗਿਆ ਤੁਹਾਨੂੰ।

ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਬਹੁਤ ਉੱਚੀ ਆਵਾਜ਼ ਵਿੱਚ ਮਹਾਰਾਜ ਨੇ ਕਿਹਾ ਕਿ ਸਾਰੇ ਸੁਣ ਲੈਣ। ਕਹਿਣ ਲੱਗੇ, ਪਿਆਰਿਓ! -

ਰਾਖਯੋ ਸਿੱਖੀ ਬੀਜ ਜਗ ਅੰਗਦ ਗੁਰੂ ਸਮਾਨ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਵੇਂ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਟੈਸਟ ਵਿੱਚੋਂ ਪਾਸ ਹੋ ਕੇ ਸਿੱਖੀ ਦਾ ਬੀਜ ਰੱਖ ਲਿਆ ਸੀ, ਇਸੇ ਤਰ੍ਹਾਂ ਇਨ੍ਹਾਂ ਪੰਜਾਂ ਨੇ ਸਿੱਖੀ ਦਾ ਬੀਜ ਰੱਖ ਲਿਆ।

ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਵੇਂ ਮੈਂ ਤਾਰਦਾ ਹਾਂ ਹੁਣ ਇਹ ਪੰਜ ਜਿਹੜੇ ਨੇ ਸੰਗਤ ਨੂੰ ਤਾਰਨ ਵਾਸਤੇ ਸਮਰੱਥ ਨੇ।

ਜਾਨਹੁ ਮੋਹਿ ਸਮਾਨ ਤਿਨ ਭੇਦ ਰਹਯੋ ਨਹਿਂ ਰੰਚ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਭੋਰਾ ਜਿੰਨਾ ਵੀ ਭੇਦ ਨਹੀਂ ਰਿਹਾ -

ਯਾ ਮੈ ਰੰਚ ਨ ਮਿਥਿਆ ਭਾਖੀ॥
ਪਾਰਬ੍ਰਹਮ ਗੁਰ ਨਾਨਕ ਸਾਖੀ॥ (ਸਰਬ ਲੋਹ ਗ੍ਰੰਥ 'ਚੋਂ)

ਗੁਰੂ ਨਾਨਕ ਨੂੰ ਤੇ ਪਾਰਬ੍ਰਹਮ ਨੂੰ ਅਸੀਂ ਸ਼ਹਾਦਤ ਦੇ ਤੌਰ 'ਤੇ ਪੇਸ਼ ਕਰਕੇ ਕਹਿੰਦੇ ਹਾਂ ਮੈਂ ਜਿਹੜੀ ਗੱਲ ਕਹੀ ਹੈ ਉਹ ਬਿਲਕੁਲ ਸਾਫ ਕਹੀ ਹੈ। ਸੋ ਐਸਾ ਪਦ ਦੇਣ ਤੋਂ ਬਾਅਦ ਆਪ ਨੇ, ਆਪਣਾ ਜੋ ਤੇਜ ਸੀ ਹਵਾਲੇ ਕਰ ਦਿੱਤਾ -

ਧਾਰਨਾ - ਦਿੱਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ।

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥

(ਸਰਬ ਲੋਹ ਗ੍ਰੰਥ 'ਚੋਂ)

ਸੋ ਇਸ ਤਰ੍ਹਾਂ ਦੇ ਨਾਲ ਵਿਸਾਖੀ ਵਾਲੇ ਦਿਨ ਇਹ ਆਦਰਸ਼ ਸੰਸਾਰ 'ਤੇ ਕਲਜੁਗ ਦੇ ਸਮੇਂ ਦੇ ਵਿੱਚ ਪ੍ਰਗਟ ਕਰ ਦਿੱਤਾ। ਸੋ ਬਹੁਤ ਵੱਡੀ ਚੀਜ਼ ਗੁਰੂ ਮਹਾਰਾਜ ਨੇ ਲਿਆਂਦੀ ਤੇ ਨਾਲ ਇਹ ਕਿਹਾ ਕਿ ਮੈਂ ਜਾਣਾ ਨਹੀਂ ਤੁਹਾਡੇ ਵਿਚੋਂ, ਜਿਸ ਵਕਤ ਮਹਾਰਾਜ ਜੀ ਜੋਤੀ ਜੋਤ ਸਮਾਉਣ ਲੱਗੇ, ਉਸ ਵੇਲੇ ਕਨਾਤ ਲਾਈ ਹੋਈ ਸੀ ਉਸ ਵੇਲੇ ਬਹੁਤ ਉਦਾਸ ਹੋ ਗਏ ਸਿੰਘ। ਕਹਿਣ ਲੱਗੇ, ਮੈਂ ਜਾਣਾ ਨਹੀਂ ਹੈ ਪਿਆਰਿਓ! ਮੈਂ ਤੁਹਾਡੀ ਸੰਭਾਲ ਕਰਾਂਗਾ -

ਧਾਰਨਾ - ਕਰਾਂਗਾ ਸੰਭਾਲ ਪਿਆਰੇ ਸਦਾ ਖਾਲਸੇ ਦੀ।

ਪੰਥ ਖਾਲਸਾ ਖੇਤੀ ਮੇਰੀ।
ਕਰੋਂ ਸੰਭਾਲਨਿ ਮੈਂ ਤਿਸ ਬੇਰੀ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੬੪੨

ਮੈਂ ਛੱਡ ਕੇ ਨਹੀਂ ਜਾਂਦਾ ਤੁਹਾਨੂੰ ਕਿਤੇ। ਪਰ ਜਿਹੜਾ ਖਾਲਸਾ ਹੋਏਗਾ ਉਹਦੀ ਰਾਖੀ ਮੈਂ ਹੋਵਾਂਗਾ।

ਮੈਂ ਗੱਲ ਸੁਣਾਉਂਦਾ ਵਿਚਾਲੇ ਹੀ ਛੱਡ ਗਿਆ ਸੀ ਕਿ ਭਾਈ ਰਣਧੀਰ ਸਿੰਘ ਅੰਮ੍ਰਿਤ ਛਕਾਉਣ ਲੱਗੇ, ਬਾਪੂ ਜੀ ਆ ਗਏ ਅੰਮ੍ਰਿਤ ਤਿਆਰ ਹੋ ਗਿਆ। ਉਸ ਤੋਂ ਬਾਅਦ ਬਾਪੂ ਜੀ ਪਹਿਲੇ ਨੰਬਰ 'ਤੇ ਸੀਗੇ, ਜਦੋਂ ਲੜਕਾ ਆਇਆ ਕਰਤਾਰ ਸਿੰਘ ਫਲੇਵਾਲ ਦਾ ਸੀ ਉਹ, ਅੰਮ੍ਰਿਤ ਦੇ ਛਿੱਟੇ ਮਾਰੇ, ਕੇਸਾਂ 'ਚ ਪਾਇਆ, ਚੂਲੀਆਂ ਪਿਲਾਈਆਂ ਜਦੋਂ ਛਿੱਟੇ ਮਾਰਦੇ ਸੀ, ਬਾਪੂ ਜੀ ਨੇ ਧਿਆਨ ਨਾਲ ਉਸ ਵਲ ਦੇਖ ਲਿਆ, ਦੇਖਿਆ ਉਸਦੀ ਉਸੇ ਵੇਲੇ ਸਮਾਧੀ ਲਗ ਗਈ। ਅੱਗੋਂ ਆਵਾਜ਼ ਹੀ ਨਾ ਆਈ, ਸਾਰੇ ਹੈਰਾਨ ਹੋ ਗਏ, ਭਾਈ ਸਾਹਿਬ ਕਹਿਣ ਲੱਗੇ, ਭਾਈ ਸਾਹਿਬ! ਕੀ ਗੱਲ ਹੋ ਗਈ, ਕਹਿੰਦੇ, ਸਾਡੇ ਤੋਂ ਥੋੜ੍ਹੇ ਜਿਹੇ ਜਲਾਲ 'ਚ ਆ ਕੇ ਦੇਖਿਆ ਗਿਆ। ਕਹਿੰਦੇ, ਹੁਣ? ਕਹਿੰਦੇ, ਹੁਣ ਇਹ ੫੬ ਘੰਟੇ ਇਸੇ ਹਾਲਤ 'ਚ ਰਹੇਗਾ, ਅਖੰਡਪਾਠ ਸ਼ੁਰੂ ਕਰਾਂਗਾ ਫੇਰ ਕਿਤੇ ਭੋਗ ਪੈਣ ਵੇਲੇ ਇਹਨੂੰ ਸੁਰਤ ਆਏਗੀ। ਚੁੱਕ ਕੇ ਬੱਚਾ ਇੱਕ ਪਾਸੇ ਬਿਠਾ ਦਿੱਤਾ, ਸਕੂਲ ਦੇ ਬਾਕੀ ਬੱਚਿਆਂ ਨੂੰ ਅੰਮ੍ਰਿਤ ਛਕਾ ਦਿੱਤਾ, ਦਸਵੀਂ ਕਲਾਸ ਦੇ ਬੱਚਿਆਂ ਨੂੰ ਅੰਮ੍ਰਿਤ ਛਕਾ ਕੇ ਭੇਜਦੇ ਹੁੰਦੇ ਸੀ ਸਕੂਲਾਂ ਵਾਲੇ। ਉਸ ਤੋਂ ਬਾਅਦ ਅਖੰਡਪਾਠ ਸਾਹਿਬ ਸ਼ੁਰੂ ਹੋ ਗਿਆ। ਜਦੋਂ ੪੮ ਘੰਟੇ ਲੰਘ ਗਏ, ਆਸਾ ਜੀ ਦੀ ਵਾਰ ਸ਼ੁਰੂ ਹੋ ਗਈ, ਭੋਗ ਪੈਣ ਤੋਂ ਬਾਅਦ, ਕੀਰਤਨ ਭਾਈ ਰਣਧੀਰ ਸਿੰਘ ਜੀ ਕਰ ਰਹੇ ਸੀ। ਉਹ ਬੱਚਾ ਹਿਲਿਆ, ਧਰਤੀ ਤੋਂ ਉੱਚਾ ਉਠਨ ਲੱਗ ਗਿਆ, ਬਾਪੂ

ਜੀ ਉੱਠ ਕੇ ਗਏ, ਐਨੇ ਨੂੰ ਉਹ ਤੈਰਨ ਲੱਗ ਗਿਆ ਸੰਗਤ ਦੇ ਉਤੇ, ਜਿਵੇਂ ਮੱਛੀ ਤੈਰਦੀ ਹੈ। ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਸੀਸ ਦੇ ਉਤੋਂ, ਵਾਜਿਆਂ ਦੇ ਉਤੋਂ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲੰਮਾ ਪੈ ਗਿਆ। ਬਾਪੂ ਜੀ ਆਏ, ਕਹਿੰਦੇ ਭਾਈ ਸਾਹਿਬ! ਲਾਵਾਂ ਦਾ ਕੀਰਤਨ ਕਰੋ, ਇਹਦੀ ਰੂਹ ਇਸ ਵੇਲੇ ਅਕਾਲ ਪੁਰਖ ਦੇ ਦਰ 'ਤੇ ਸੰਜੋਗ ਮੰਗ ਰਹੀ ਹੈ। ਆਪਾਂ ਤਾਂ ਵਿਆਹ ਵਾਸਤੇ ਲਾਵਾਂ ਪੜ੍ਹਦੇ ਹਾਂ, ਲਾਵਾਂ ਹੈਗੀਆਂ ਇਸ ਵਾਸਤੇ। ਉਸ ਵੇਲੇ ਪੜ੍ਹਿਆ ਤੇ ਕੀਰਤਨ ਤੋਂ ਬਾਅਦ ਬੱਚਾ ਧਰਤੀ 'ਤੇ ਪੈਰ ਨਾ ਲੱਗੇ ਉਹਦਾ, ਹੌਲੀ-ਹੌਲੀ ਤੇਜ ਘਟਿਆ ਤਾਂ ਧਰਤੀ 'ਤੇ ਪੈਰ ਲੱਗਣ ਲੱਗਿਆ। ਸੋ ਇਸ ਤਰ੍ਹਾਂ ਦੇ ਨਾਲ ਇਹ ਕੋਈ ਐਵੇਂ ਪਾਣੀ ਨਹੀਂ ਪਿਲਾਇਆ ਜਾਂਦਾ। ਪਰ ਅੱਜ ਦੇ ਸਮੇਂ ਉਸ ਅਵਸਥਾ ਦੇ ਪੰਜ ਪਿਆਰੇ ਲੱਭਣੇ ਮੁਸ਼ਕਲ ਹਨ। ਉਸ ਵੇਲੇ ਇੱਕ ਵਾਰੀ ਅੰਮ੍ਰਿਤ ਛਕਾ ਦਿੰਦੇ ਸੀ, ਅੰਮ੍ਰਿਤ ਛੱਡ ਕੇ ਮੁੜ ਕੇ ਸ਼ਰਾਬ ਤਾਂ ਕੋਈ ਵੀ ਨਹੀਂ ਸੀ ਪੀਂਦਾ, ਪਤਿਤ ਹੁੰਦਾ ਹੀ ਨਹੀਂ ਸੀ। ਹੁਣ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਬੇਮੁਖ ਹੋ ਜਾਣਗੇ, ਗੁਰੂ ਨੂੰ ਜਵਾਬ ਦੇ ਦੇਣਗੇ, ਉਸ ਤੋਂ ਚੰਗਾ ਹੈ ਕਿ ਹਾਲੇ ਇਨ੍ਹਾਂ ਨੂੰ ਹੇਠਲੀ ਸ਼੍ਰੇਣੀ 'ਚ ਹੀ ਰਹਿਣ ਦਿਓ। ਪਤਿਤ ਤਾਂ ਨਹੀਂ ਹੋਣਗੇ। ਖਾਲਸਾ ਕੋਈ ਮਾੜੀ ਮੋਟੀ ਚੀਜ਼ ਨਹੀਂ ਹੈ, ਇਹ ਇੱਕ ਬਹੁਤ ਵੱਡਾ ਆਦਰਸ਼ ਲਿਆਂਦਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਤੇ ਉਸ ਆਦਰਸ਼ ਦੇ ਵਾਸਤੇ ਵਿਸਾਖੀ ਵਾਲੇ ਦਿਨ ਆਪਾਂ ਸਾਰੇ ਇਕੱਠੇ ਹੋ ਕੇ ਇਸ ਆਦਰਸ਼ ਨੂੰ ਦੁਹਰਾਉਂਦੇ ਹਾਂ। ਗੁਰੂ ਮਹਾਰਾਜ ਇਸ ਆਦਰਸ਼ ਦੇ ਨਾਲ ਜਿਹੜੀ ਸਿੱਖਿਆ ਦਿੰਦੇ ਨੇ ਉਹ ਇਹ ਕਹਿੰਦੇ ਨੇ ਕਿ ਤੁਸੀਂ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦਾ ਰੂਪ ਤੱਕਣਾ ਹੈ। ਸੰਸਾਰ ਤੋਂ ਅੱਡ ਨਹੀਂ ਹੋਣਾ, ਕਿਸੇ ਨੂੰ ਬੁਰਾ ਨਹੀਂ ਕਹਿਣਾ। ਜੇ ਬੁਰਾ ਜਾਣਦੇ ਗੁਰੂ ਦਸਵੇਂ ਪਾਤਸ਼ਾਹ ਤਾਂ ਔਰੰਗਜ਼ੇਬ ਨੇ ਤਾਂ ਗੁਰੂ ਮਹਾਰਾਜ ਦੇ ਸਾਹਿਬਜ਼ਾਦੇ ਸ਼ਹੀਦ ਕਰਾ ਦਿੱਤੇ ਤੇ ਗੁਰੂ ਮਹਾਰਾਜ ਕੀ ਕਰਦੇ ਨੇ ਉਹਦੇ ਸ਼ਹਿਜ਼ਾਦਿਆਂ 'ਚ ਲੜਾਈ ਪਈ ਹੈ, ਬਹਾਦਰਸ਼ਾਹ ਨੂੰ ਤਖਤ 'ਤੇ ਬਿਠਾ ਰਹੇ ਨੇ। ਨਹੀਂ ਤਾਂ ਕਹਿੰਦੇ ਕਿ ਮਰਨ ਦਿਓ ਇਨ੍ਹਾਂ ਸਾਰਿਆਂ ਨੂੰ। ਜਿੱਥੇ ਤਾਰੇ ਦੇ ਤੀਰ ਮਾਰਿਆ ਸੀ ਇਕ ਬਹਾਦਰਸ਼ਾਹ ਦੇ ਵੀ ਮਾਰ ਦਿੰਦੇ। ਆਹ ਗੱਲ ਨਹੀਂ ਹੈ। ਜਿਹੜਾ 'ਖਾਲਸਾ' ਹੈ ਉਹਦੀ ਪਦਵੀ ਐਡੀ ਵੱਡੀ ਲਿਖੀ ਹੈ ਕਿ -

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

ਅੰਗ - ੨੭੩

ਪ੍ਰਮੇਸ਼ਰ ਬਣਾ ਦਿੱਤਾ ਇੱਕ ਜੀਵ ਨੂੰ ਚੁੱਕ ਕੇ। ਇਸ ਕਰਕੇ ਨਾਲ ਇਹ ਕਹਿ ਦਿੱਤਾ ਕਿ ਜਿਹੜੀ ਉਹਦੀ ਦ੍ਰਿਸ਼ਟੀ ਹੁੰਦੀ ਹੈ ਉਹ ਸਾਰਿਆਂ ਨੂੰ ਪ੍ਰਮੇਸ਼ਰ ਕਰਕੇ ਦੇਖਦੀ ਹੈ। ਐਸ ਤਰ੍ਹਾਂ ਦੇ ਨਾਲ ਪੜ੍ਹ ਲਓ -

ਧਾਰਨਾ - ਸਾਰੇ ਸੰਸਾਰ ਨੂੰ ਪ੍ਰਭ ਜੀ ਦਾ ਰੂਪ ਜਾਣਿਓ।

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥

(ਜਾਪੁ ਸਾਹਿਬ)

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥

ਅੱਗੇ ਦੇ ਵਿਚੋਂ ਚੰਗਿਆੜੀਆਂ ਨਿਕਲਦੀਆਂ ਨੇ ਉਹ ਫੇਰ ਅੱਗ 'ਚ ਜਾ ਕੇ ਰਲ ਜਾਂਦੀਆਂ ਨੇ।

ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥

ਗਰਦ ਉਡਦੀ ਹੈ ਧਰਤੀ ਉਤੋਂ, ਮੁੜ ਕੇ ਧਰਤੀ ਵਿੱਚ ਹੀ ਸਮਾਅ ਜਾਂਦੀ ਹੈ।

ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥

ਅਕਾਲ ਉਸਤਤਿ

ਪਾਣੀ ਦੇ ਵਿੱਚ ਲਹਿਰਾਂ ਉਠਦੀਆਂ ਨੇ ਲੇਕਿਨ ਲਹਿਰਾਂ ਮੁੜ ਕੇ ਫੇਰ ਪਾਣੀ ਵਿੱਚ ਹੀ ਸਮਾਅ ਜਾਂਦੀਆਂ ਨੇ। ਇਸ ਤਰ੍ਹਾਂ ਪ੍ਰਭੂ ਦੇ ਵਿਚੋਂ ਇਹ ਸਾਕਾਰ ਦੁਨੀਆਂ ਪ੍ਰਗਟ ਹੋਈ ਹੈ, ਉਹਦੇ ਵਿਚੋਂ ਨਿਕਲ ਕੇ ਉਹਦੇ ਵਿਚ ਹੀ ਸਮਾਅ ਜਾਏਗੀ। ਸੋ ਉਸ ਵੇਲੇ ਇਹ ਆਦਿ ਵਿੱਚ ਵੀ ਸੱਚ ਸੀ, ਜੁਗਾਦਿ ਵਿੱਚ ਵੀ ਸੱਚ, ਹੁਣ ਵੀ ਸੱਚ ਤੇ ਅਖੀਰ ਵਿੱਚ ਵੀ ਸੱਚ। ਇੱਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਹੈ ਨਹੀਂ -

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥

ਅੰਗ - ੯੨੨

ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,
ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥
ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,
ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥
ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,
ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥
ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥

ਤ੍ਵਪ੍ਰਸਾਦਿ ਕਬਿੱਤ

ਐ ਪ੍ਰਭੂ! ਮੈਨੂੰ ਤੇਰੇ ਬਿਨਾਂ ਸੰਸਾਰ ਦੇ ਅੰਦਰ ਹੋਰ ਕੋਈ ਨਜ਼ਰ ਨਹੀਂ ਆ ਰਿਹਾ, ਤੂੰ ਹੀ ਹੈਂ ਸੰਸਾਰ ਦੇ ਅੰਦਰ, ਆਪੇ ਹੀ ਖੇਲ੍ਹ ਕਰ ਰਿਹਾ ਹੈਂ ਕਿਤੇ ਨਿਰਗੁਨ ਹੋ ਕੇ, ਕਿਤੇ ਸਰਗੁਨ ਹੋ ਕੇ, ਸੋ ਇਹ ਉਪਦੇਸ਼ ਦੇ ਕੇ ਐਸਾ ਉਸਾ ਉੱਚਾ ਆਦਰਸ਼ ਲਿਆਂਦਾ, ਵਿਸਾਖੀ ਵਾਲੇ ਦਿਨ ਕਿ ਕਾਇਆਂ ਕਲਪ ਕਰਕੇ ਰੱਖ ਦਿੱਤੀ ਸੰਸਾਰ ਦੀ। ਇਹ ਆਦਰਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਹੈ ਸਾਰਾ। ਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਹੀ ਤਰੀਕੇ ਨਾਲ ਮੰਨਾਂਗੇ, ਵਿਚਾਰਾਂਗੇ ਤਾਂ ਖਾਲਸਾ ਪਦ ਸਾਡੇ ਵਿੱਚ ਆ ਜਾਏਗਾ, ਨਹੀਂ ਤਾਂ ਭੇਖ ਨਾਲ ਨਹੀਂ।

ਖਾਲਸਾ ਭਰਮ ਭੇਖ ਤੇ ਰਹੇ ਨਿਆਰਾ।

ਭੇਖ ਦੇ ਵਿੱਚ ਖਾਲਸਾ ਨਹੀਂ ਆਉਂਦਾ ਕਿ ਖਾਸ ਭੇਖ ਧਾਰ ਲਿਆ ਕਿ ਖਾਲਸਾ ਹੈ ਜੀ, ਠੀਕ ਹੈ ਪਰ ਭੇਖੀ ਨੂੰ ਮੰਨਿਆ ਨਹੀਂ।

ਅੰਦਰਲੇ ਗੁਣ ਪੈਦਾ ਕਰੋ, ਗਧੇ ਦੀ ਮਿਸਾਲ ਦੇ ਕੇ ਮਹਾਰਾਜ ਨੇ, ਖੱਲ ਪਾ ਦਿੱਤੀ ਗਧੇ 'ਤੇ ਉਹ ਜਦੋਂ ਗਧਿਆਂ ਵਿੱਚ ਬੋਲਣ ਲੱਗ ਗਿਆ, ਮਹਾਰਾਜ ਕਹਿੰਦੇ, ਦੇਖ ਲਓ ਫੇਰ ਘੁਮਿਆਰ ਨੇ ਫੜ ਲਿਆ। ਭੁਲੇਖਾ ਪਿਆ ਸੀ ਦੁਨੀਆਂ ਨੂੰ, ਭੇਖ ਨੇ ਲੇਕਿਨ ਇਹਨੂੰ ਬਹੁਤ ਬਣਾ ਦਿੱਤਾ ਲੇਕਿਨ ਅੰਦਰ ਓਹੀ ਨਿੰਦਿਆ, ਓਹੀ ਚੁਗਲੀ, ਓਹੀ ਵੈਰ, ਓਹੀ ਵਿਰੋਧ, ਓਹੀ ਰੱਬ ਤੋਂ ਬੇਮੁਖੀ, ਓਹੀ

****

ਭਾਈ ਭਗੀਰਥ ਜੀ ਨੂੰ ਬ੍ਰਹਮੁ ਗਿਆਨ ਦਾ ਉਪਦੇਸ਼

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਧਾਰਨਾ - ਸੰਸਾ ਮੇਰਾ ਜੀ ਉਤਰ ਗਿਆ,
ਪਿਆਰੇ ਜਬ ਦਰਸ਼ਨ ਪਾਇਆ ।
ਠਾਕੁਰ ਤੁਮ੍ ਸਰਣਾਈ ਆਇਆ ॥
ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥
ਅਨਬੋਲਤ ਮੇਰੀ ਬਿਰਥਾ ਜਾਨੀ
ਅਪਨਾ ਨਾਮੁ ਜਪਾਇਆ ॥
ਦੁਖ ਨਾਠੇ ਸੁਖ ਸਹਜਿ ਸਮਾਏ
ਅਨਦ ਅਨਦ ਗੁਣ ਗਾਇਆ ॥ ੧ ॥
ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ
ਬਿਛੁਰਤ ਆਨਿ ਮਿਲਾਇਆ ॥
ਅੰਗ - ੧੨੧੮

ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ,
ਸੰਸਾ ਉਤਰ ਗਿਆ।

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਸਤਿਸੰਗ ਕਰਨ ਦੀ ਜੋ ਪੂਰੀ ਵਿਧੀ ਹੈ, ਉਹਦੇ ਮੁਤਾਬਿਕ ਜੇ ਸਤਿਸੰਗ ਕੀਤਾ ਜਾਵੇ, ਤਾਂ ਬਹੁਤ ਵੱਡਾ ਫਲ ਹੁੰਦਾ ਹੈ, ਜਿੰਨਾ ਚਿਰ ਇਹ ਗੱਲ ਸਾਡੇ ਸਮਝ ਵਿੱਚ ਨਹੀਂ ਆਉਂਦੀ, ਘਰੋਂ ਆ ਜਾਂਦੇ ਹਾਂ, ਕਾਰੋਬਾਰ ਛੱਡਦੇ ਹਾਂ ਪਰ ਪੂਰਾ ਫਲ ਲੈਣ ਤੋਂ ਅਸੀਂ ਅਸਮਰੱਥ ਰਹਿ ਜਾਂਦੇ ਹਾਂ। ਐਉਂ ਸਮਝ ਲਏ ਕਿ ਜੇ ਆਮ ਬੁੱਧੀ ਵਿੱਚ ਗੱਲ ਸਮਝਾਉਣੀ ਹੋਵੇ, ਕੋਈ ਮਸ਼ੀਨ ਹੋਵੇ, ਉਹਦੇ ਵਿੱਚ ਬਹੁਤ ਸਾਰੀਆਂ ਤਾਰਾਂ ਲੱਗੀਆਂ ਹੋਣ, ਥਾਂ-ਥਾਂ ਦੇ ਉਤੇ ਪੇਚਾਂ ਦੇ ਨਾਲ ਲਾ ਕੇ ਇੱਕ ਦੂਜੇ ਨਾਲ ਸਬੰਧ ਕੀਤਾ ਹੋਵੇ ਤੇ ਉਹਦੇ ਵਿੱਚੋਂ ਕੋਈ ਆਵਾਜ਼ ਜਿਵੇਂ ਮੇਰੀ ਜਾ ਰਹੀ ਹੈ, ਇਸ ਤਰ੍ਹਾਂ ਆਵਾਜ਼ ਜਾਂਦੀ ਹੋਵੇ, ਫੇਰ ਪੂਰਾ ਲਾਭ ਪ੍ਰਾਪਤ ਹੁੰਦਾ ਹੈ, ਜੇ ਇੱਕ ਦੋ ਤਾਰਾਂ ਨਾ ਚੱਲਣ ਤਾਂ ਇੱਥੇ ਗੜ-ਗੜ ਹੋਈ ਜਾਏਗੀ। ਸਮਝ 'ਚ ਨਹੀਂ ਆਏਗਾ, ਲਾਊਡ ਸਪੀਕਰ ਨਹੀਂ ਚੱਲੇਗਾ। ਨਾਲ ਗੂੰਜੇਗਾ, ਜਿਵੇਂ ਹੁਣ ਗੂੰਜਦਾ ਹੈ ਕਿਉਂਕਿ ਪੂਰੀ ਵਿਧੀ ਦੇ ਨਾਲ ਨਹੀਂ ਹੁੰਦਾ। ਜਦੋਂ ਪੂਰੀ ਵਿਧੀ ਨਾਲ ਚੀਜ਼ ਨਾ ਹੋਵੇ ਤਾਂ ਪੂਰਾ ਨਤੀਜਾ ਨਹੀਂ ਨਿਕਲਿਆ ਕਰਦਾ। ਇਹਨੂੰ ਜਿੰਨਾ ਸੁਧਾਰਨਾ ਹੈ ਆਦਮੀ ਸੁਧਾਰ ਸਕਦਾ ਹੈ। ਕੋਈ ਐਸੀ ਬਾਤ ਨਹੀਂ ਕਿ ਐਨਾ ਹੀ ਹੈ, ਆਮ ਤੌਰ 'ਤੇ ਚੌਦਾਂ ਗੁਣ ਸਤਿਸੰਗ ਜੋ ਸੁਣਨ ਵਾਸਤੇ ਆਉਂਦੇ ਨੇ, ਉਨ੍ਹਾਂ ਵਿੱਚ ਹੋਣੇ ਜ਼ਰੂਰੀ ਨੇ। ਚੌਦਾਂ ਗੁਣ ਬੋਲਣ ਵਾਲੇ ਵਿੱਚ ਹੋਣੇ ਜ਼ਰੂਰੀ ਨੇ। ਇਹ 28 ਚੀਜ਼ਾਂ ਹੋ ਗਈਆਂ, ਜਦੋਂ ਤੱਕ ਇਹ 28 ਚੀਜ਼ਾਂ ਆਪਸ ਵਿੱਚ ਮੇਲ ਨਹੀਂ ਕਰਦੀਆਂ। ਓਨਾਂ ਚਿਰ ਜੋ ਸਤਿਸੰਗ ਦਾ ਮਹਾਨ-ਮਹਾਨ ਫਲ ਹੈ ਉਹ ਅਸੀਂ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਾਂ। ਥੋੜ੍ਹੀ ਜਿਹੀ ਗੱਲ ਨਾਲ ਥੋੜ੍ਹਾ ਜਿਹਾ ਭੇਤ ਹੈ ਇਸ ਗੱਲ ਦਾ। ਸੋ ਆਪ ਸਾਰੇ ਬਹੁਤ ਦੇਰ ਤੋਂ ਸਤਿਸੰਗ ਕਰ ਰਹੇ ਓਂ। ਪਰ ਜੇ ਸਾਵਧਾਨੀ ਨਾ ਵਰਤੀ ਜਾਵੇ ਜੀਵਨ ਦੇ ਅੰਦਰ ਤਾਂ ਆਦਮੀ ਮਿਹਨਤ ਬਹੁਤ ਕਰਦਾ ਹੈ। ਉਹਦਾ ਨਤੀਜਾ ਓਨਾਂ ਨਹੀਂ ਨਿਕਲਦਾ, ਜਿਸ ਤਰ੍ਹਾਂ ਇੱਕ ਕਿਸਾਨ ਹੈ, ਜ਼ਮੀਨ ਹੈ ਉਹਦੇ ਕੋਲ, ਖੇਤੀ ਕਰਦਾ ਹੈ, ਉਸ ਨੂੰ ਇਹ ਨਾ ਪਤਾ ਹੋਵੇ ਕਿ ਕਿਹੜੀ ਵੱਤਰ ਦੇ ਵਿੱਚ ਕਿੰਨੀ ਡੂੰਘਿਆਈ ਦੇ ਉਤੇ ਦਾਣਾ ਪਾਉਣਾ ਹੈ ਤੇ ਖਾਦ ਕਿਸ ਤਰ੍ਹਾਂ ਦੇ ਨਾਲ ਪਾਉਣੀ ਹੈ, ਦਾਣੇ ਨੂੰ ਛੋਂਹਦਾ ਚਾਹੀਦਾ ਹੈ ਕਿ ਦਾਣੇ ਤੋਂ ਵੱਖਰਾ ਚਾਹੀਦਾ ਹੈ, ਉਸ ਤੋਂ ਬਾਅਦ ਉਹਨੂੰ ਪਤਾ ਹੋਵੇ ਕਿ ਸੁਹਾਗਾ ਕਿੰਨਾ ਕੁ ਮਾਰਨਾ ਹੈ, ਕਿੰਨਾ ਭਾਰਾ ਸੁਹਾਗਾ ਦੇਣਾ ਹੈ, ਪਾਣੀ ਕਦੋਂ ਲਾਉਣਾ ਹੈ, ਖਾਦ ਕਦੋਂ ਪਾਉਣਾ ਹੈ, ਕਿਹੜੇ-ਕਿਹੜੇ ਵੇਲੇ ਇਹਦਾ ਨਦੀਣ ਕੱਢਣਾ ਹੈ, ਪੂਰੀ ਫਸਲ ਲਏਗਾ, ਜਿਹੜੇ ਕਿਸਾਨ ਨੂੰ ਨਾ ਵੱਤ ਦਾ ਪਤਾ ਹੈ, ਨਾ ਖਾਦ ਪਾਉਣ ਦਾ ਪਤਾ ਹੈ, ਨਾ ਹੋਰ ਵੱਤਰਾਂ ਨੂੰ ਜਾਣਦਾ ਹੈ ਕਿ ਪਾਣੀ ਜੇ ਚੇਤ ਦੇ ਮਹੀਨੇ ਕਣਕਾਂ ਨੂੰ ਦੇ ਦਿਓ, ਕਣਕਾਂ ਹਿਲ ਜਾਇਆ ਕਰਦੀਆਂ ਨੇ, ਫਸਲ ਚਾਹੇ ਕਿੱਡੀਓ ਚੰਗੀ ਕਿਉਂ ਨਾ ਹੋਵੇ, ਅੱਧਾ ਦਾਣਾ ਰਹਿ ਜਾਂਦਾ ਹੈ, ਧਾਨਾਂ ਦੀ ਫਸਲ ਹੈ ਇਹਦੇ 'ਚ ਯੂਰੀਆ ਵੱਧ ਪਾ ਦਿੱਤਾ। ਕਾਲਾ ਨਜ਼ਰ ਆਏਗਾ, ਦਿਲ ਬੜਾ ਖੁਸ਼ ਹੋਏਗਾ, ਜਦੋਂ ਫਲ 'ਤੇ ਆਏਗਾ, ਉਸ ਵੇਲੇ ਚੌਥਾ ਹਿੱਸਾ ਫਲ ਵੀ ਨਹੀਂ ਨਿਕਲਦਾ, ਖੜ੍ਹਾ ਝਾਕੀ ਜਾਂਦਾ ਹੈ ਖੇਤ ਵਲ ਕਿ ਕੀ ਹੋ ਗਿਆ ਇਹ। ਸਾਰਿਆਂ ਨਾਲੋਂ ਵਧੀਆ ਮੇਰੀ ਫਸਲ ਸੀ, ਸਾਰੇ ਦੇਖ-ਦੇਖ ਕੇ ਖੜ੍ਹ-ਖੜ੍ਹ ਕੇ ਜਾਂਦੇ ਸੀ, ਫੇਰ ਨਾਲ ਦਾ ਕਮਜ਼ੋਰ ਇਰਾਦੇ ਵਾਲਾ ਕਹਿੰਦਾ ਹੈ ਕਿ ਨਹੀਂ ਬਈ ਤੇਰੀ ਫਸਲ ਤਾਂ ਵਧੀਆ ਸੀ, ਤੂੰ ਇੱਥੇ ਕਾਲੀ ਤੌੜੀ ਨਾ ਬੰਨ੍ਹੀਂ। ਨਜ਼ਰ ਲੱਗ ਗਈ ਕਿਸੇ ਦੀ। ਹੁੰਦਾ ਕੀ ਹੈ ਨਜ਼ਰ ਵਗੈਰਾ ਨਹੀਂ ਲੱਗੀ। ਉਹਨੇ ਯੂਰੀਆ ਬਹੁਤਾ ਪਾ ਦਿੱਤਾ। ਉਹਦੇ ਨਾਲ ਫਸਲ ਇੱਕ ਦਮ ਜ਼ੋਰ ਫੜ ਕੇ ਜਦ ਆਈ ਬੀਜ ਦੇ ਉਤੇ ਉਸ ਵੇਲੇ ਉਹਨੂੰ ਬੀਮਾਰੀ ਲੱਗ ਗਈ। ਸੋ ਮਿਹਨਤ ਵਿੱਚ ਕੋਈ ਕਸਰ ਨਹੀਂ ਹੈ, ਕਸਰ ਕਿਸ ਚੀਜ਼ ਵਿੱਚ ਹੈ ਕਿ ਪੂਰੀ ਵਿਧੀ ਦਾ ਪਤਾ ਨਹੀਂ ਸੀ, ਪੂਰਾ ਗਿਆਨ ਨਹੀਂ ਸੀ, ਸੋ ਇਸੇ ਤਰ੍ਹਾਂ ਸਾਰੇ ਦੁਨੀਆਂ ਦੇ ਕੰਮ, ਕੋਈ ਇੰਡਸਟਰੀ ਲਾ ਲਓ, ਕੋਈ ਟਰਾਂਸਪੋਰਟ ਦਾ ਕੰਮ ਕਰ ਲਓ, ਕੋਈ ਬਿਜ਼ਨਸ ਕਰ ਲਓ, ਜੇ ਪੂਰੀ ਵਿਧੀ ਨਾ ਆਉਂਦੀ ਹੋਵੇ ਨਹੀਂ ਆਦਮੀ ਪੂਰਾ ਨਤੀਜਾ ਕੱਢ ਸਕਦਾ। ਪੈਸਾ ਵੀ ਭਾਵੇਂ ਓਨਾਂ ਹੀ ਲਾ ਦੇਵੇ।

ਇੱਕ ਪ੍ਰੇਮੀ ਮੇਰੇ ਕੋਲ ਆਇਆ ਕਹਿੰਦਾ ਜੀ ਮੈਂ ਕਾਰੀਗਰ

ਬਹੁਤ ਹਾਂ, ਲੋਕ ਇਸ ਗੱਲ ਦੀ ਦਾਤ ਦਿੰਦੇ ਨੇ ਕਿ ਮੇਰੇ ਹੱਥਾਂ ਦਾ ਕੰਮ ਕੀਤਾ ਹੋਇਆ, ਇਹਦੇ ਮੁਕਾਬਲੇ 'ਤੇ ਹੋਰ ਕੋਈ ਨਹੀਂ ਕਰ ਸਕਦਾ। ਪਰ ਫੇਰ ਕੀ ਵਜ੍ਹਾ ਹੈ ਕਿ ਮੇਰੇ ਕੋਲ ਗਾਹਕ ਕਿਉਂ ਘੱਟ ਆਉਂਦੇ ਨੇ, ਅਣਜਾਣ ਬੰਦਿਆਂ ਕੋਲ ਕਿਉਂ ਜ਼ਿਆਦਾ ਜਾਂਦੇ ਨੇ, ਉਹਦੇ ਚਿਹਰੇ ਵੱਲ ਮੈਂ ਦੇਖਿਆ, ਮੈਂ ਕਿਹਾ ਬੇਟਾ! ਸ਼ੁੱਕਰ ਹੈ ਤੇਰੇ ਕੋਲ ਆ ਜਾਂਦੇ ਨੇ, ਤੇਰੇ ਕੋਲ ਤਾਂ ਕੋਈ ਵੀ ਨਹੀਂ ਆਉਣਾ ਚਾਹੀਦਾ। ਕਹਿੰਦਾ, ਕੀ ਗੱਲ? ਮੈਂ ਕਿਹਾ ਤੇਰਾ ਮੱਥਾ ਐਨਾ ਘੁੱਟਿਆ ਹੋਇਆ ਹੈ। ਅੱਖਾਂ ਤੇਰੀਆਂ ਐਨੀਆਂ ਘੁਮੰਡ ਵਿੱਚ ਨੇ ਕਿ ਮੈਂ ਬਹੁਤ ਵੱਡਾ ਕੰਮ ਜਾਣਦਾ ਹਾਂ, ਗਾਹਕ ਤੈਨੂੰ ਦੇਖ ਕੇ ਹੀ ਡਰ ਜਾਂਦਾ ਹੈ। ਫੇਰ ਤੇਰੀਆਂ ਗਾਹਕ ਬੀਬੀਆਂ ਨੇ, ਉਹ ਤਾਂ ਉਈਂ ਨਹੀਂ ਤੇਰੀ ਦੁਕਾਨ 'ਚ ਵੜਨਗੀਆਂ। ਤੂੰ ਆਪਣੇ ਆਪ ਨੂੰ ਠੀਕ ਕਰ, ਖੁਸ਼ਹਾਲ ਚਿਹਰਾ ਰੱਖ। ਗੱਲ ਕਰਨ ਦੀ ਜਾਚ ਸਿੱਖ ਫੇਰ ਤੇਰੇ ਕੋਲ ਸਭ ਕੁਛ ਆ ਜਾਏਗਾ। ਸੋ ਇਸ ਤਰ੍ਹਾਂ ਦੁਨੀਆਂ ਦਾ ਕੋਈ ਕੰਮ ਕਰ ਲਓ, ਭਜਨ ਬੰਦਗੀ ਕਰ ਲਓ, ਸਤਿਸੰਗ ਕਰ ਲਓ, ਇਹਦੇ 'ਚ ਪੂਰੀ ਵਿਧੀ ਹੋਇਆ ਕਰਦੀ ਹੈ। ਜਦੋਂ ਤੱਕ ਪੂਰੀ ਵਿਧੀ ਦੇ ਨਾਲ ਸਤਿਸੰਗ ਨਹੀਂ ਹੁੰਦਾ। ਓਨੀਂ ਦੇਰ ਤੱਕ ਪੂਰਾ ਲਾਹਾ ਨਹੀਂ ਉਠਾਇਆ ਜਾਂਦਾ। ਜਿਹੜੇ ਕਰ ਲੈਂਦੇ ਨੇ, ਉਹ ਬਹੁਤ ਛੇਤੀ ਤਰੱਕੀ ਕਰ ਜਾਂਦੇ ਨੇ। ਸਤਿਸੰਗ ਸੁਣ ਲਿਆ, ਸੁਣ ਕੇ ਮਨ 'ਚ ਨਾ ਵਸਾਇਆ। ਮਹਾਰਾਜ ਕਹਿੰਦੇ-

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ***ਅੰਗ - ੨***

ਦੁੱਖ ਤਾਂ ਇੱਥੇ ਹੀ ਛੱਡ ਜਾਵਾਂਗੇ। ਜੇ ਤਿੰਨੋਂ ਚੀਜ਼ ਕਰ ਲਈਆਂ ਸੁੱਖ ਲੈ ਕੇ ਘਰ ਨੂੰ ਜਾਵਾਂਗੇ, ਜੇ ਨਾਲ ਨਿੰਦਿਆ ਲੈ ਕੇ ਗਏ, ਚੁਗਲੀਆਂ ਲੈ ਕੇ ਗਏ, ਈਰਖਾ ਤੋਂ ਮਨ ਸਾਫ ਨਹੀਂ ਹੋਇਆ, ਇੱਕ ਦੂਜੇ ਦੇ ਨਾਲ ਉਹਨੂੰ ਛੋਟਾ ਕਰਨ ਵਾਸਤੇ, ਕੋਈ ਵਧਿਆ ਹੈ ਪ੍ਰਮੇਸ਼ਰ ਨੇ ਉੱਚਾ ਕਰਿਆ ਹੈ ਤੇ ਉਹਨੂੰ ਗਿਰਾਉਣ ਵਾਸਤੇ ਦਿਲ ਵਿੱਚ ਇਰਾਦੇ ਨੇ ਤਾਂ ਭਾਈ! ਸਤਿਸੰਗ ਨਹੀਂ ਤੂੰ ਅਜੇ ਕਰਿਆ, ਅਜੇ ਤੇਰੇ 'ਤੇ ਅਸਰ ਨਹੀਂ ਹੋਇਆ ਸਤਿਸੰਗ ਦਾ, ਆਉਂਦਾ ਹੈ, ਠੀਕ ਹੈ, ਕੁਛ ਫਲ ਤੈਨੂੰ ਪ੍ਰਾਪਤ ਹੁੰਦਾ ਹੈ ਲੇਕਿਨ ਐਨੀਆਂ ਤੈਹਾਂ ਲੱਗੀਆਂ ਹੋਈਆਂ ਨੇ ਤੇਰੇ ਅੰਦਰ ਮੈਲ ਦੀਆਂ ਕਿ ਤੈਨੂੰ ਅਜੇ ਪ੍ਰਾਪਤੀ ਨਹੀਂ ਹੋ ਸਕਦੀ, ਬਹੁਤ ਲੋੜ ਹੈ ਤਪ ਦੀ, ਤਪਸਿਆ ਦੀ, ਆਪਣੇ ਮਨ ਨੂੰ ਸਾਧਣ ਦੀ, ਕਿਉਂਕਿ ਮਨ ਹੀ ਅਸਲੀ ਚੀਜ਼ ਹੈ। ਜਦੋਂ ਤੱਕ ਮਨ ਨਹੀਂ ਸਾਥ ਦਿੰਦਾ, ਓਨਾਂ ਚਿਰ ਗੱਲ ਨਹੀਂ ਬਣਿਆ ਕਰਦੀ। ਪਹਿਲਾਂ ਮਨ ਨੂੰ ਇਹ ਪਤਾ ਹੋਵੇ ਕਿ ਮੈਂ ਕਾਹਦੇ ਵਾਸਤੇ ਸਤਿਸੰਗ 'ਚ ਜਾਂਦਾ ਹਾਂ। ਜਦੋਂ ਨਿਸ਼ਾਨਾ ਪੂਰਾ ਹੈ, ਉਸ ਵੇਲੇ ਨਿਸ਼ਾਨੇ ਛੋਟੇ ਵੀ ਨੇ, ਵੱਡੇ ਵੀ ਨੇ, ਜਿਹੜਾ ਵੱਡੇ ਨਿਸ਼ਾਨੇ ਲੈ ਕੇ ਆਉਂਦਾ ਹੈ, ਵੱਡੀਆਂ ਪ੍ਰਾਪਤੀਆਂ ਕਰਦਾ ਹੈ, ਜਿਹੜਾ ਛੋਟੇ ਨਿਸ਼ਾਨੇ ਲੈ ਕੇ ਆਉਂਦਾ ਹੈ ਉਹਨੂੰ ਛੋਟੀਆਂ ਪ੍ਰਾਪਤੀਆਂ ਹੁੰਦੀਆਂ ਨੇ। ਸੋ ਨਿਸ਼ਾਨਾ ਸਾਮ੍ਹਣੇ ਹੋਣਾ ਚਾਹੀਦਾ ਹੈ। ਸੋ ਮਨ ਦੀ ਹੀ ਗੱਲ ਹੈ, ਇਸੇ ਕਰਕੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਸਾਧ ਪਿਆਰਿਆ! ਪਹਿਲਾਂ ਮਨ ਆਪਣੇ ਨੂੰ।

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥

ਮਨ ਹੀ ਮਨ ਸਿਉ ਕਹੈ ਕਬੀਰਾ
ਮਨ ਸਾ ਮਿਲਿਆ ਨ ਕੋਇ ॥ ***ਅੰਗ - ੩੪੨***

ਜੇ ਮਨ ਨੂੰ ਸੁਧਾਰ ਲਿਆ ਤਾਂ ਸਿੱਧੀ ਪ੍ਰਾਪਤ ਹੋ ਜਾਏਗੀ। ਮਨ ਬਹੁਤ ਵੱਡਾ ਮਿੱਤਰ ਵੀ ਹੈ, ਬਹੁਤ ਵੱਡਾ ਦੁਸ਼ਮਣ ਵੀ ਹੈ, ਜੇ ਦੁਸ਼ਮਣੀ 'ਤੇ ਆ ਜਾਏ ਤਾਂ ਮਾਨਸ ਜਨਮ ਨੂੰ ਕੌਡੀਆਂ ਦੇ ਭਾਅ ਹਾਰ ਜਾਂਦਾ ਹੈ। ਜੇ ਮਿਤਰਤਾ 'ਤੇ ਆ ਜਾਵੇ, ਗਿਰੇ ਹੋਏ ਮਹਾਂਪਾਪੀ ਨੂੰ ਬੈਕੁੰਠ ਧਾਮ, ਸੱਚਖੰਡ 'ਚ ਪਹੁੰਚਾ ਦਿੰਦਾ ਹੈ। ਇਹ ਸਾਰੀ ਗੱਲ ਮਨ ਦੀ ਹੈ। ਪਹਿਲੀ ਚੀਜ਼ ਹੁੰਦੀ ਹੈ ਮਨ ਦੀ ਵੈਰਾਗ ਧਾਰਨਾ, ਦੁਨੀਆਂ 'ਚ ਰਹਿਣਾ ਨਹੀਂ, ਇਸ ਸੰਸਾਰ ਨੂੰ ਛੱਡ ਜਾਣਾ ਹੈ, ਖਿਨਭੰਗਰ ਸੁੱਖ ਹੈ ਇਸਦਾ। ਖਿੰਨਭੰਗਰ ਉਹਨੂੰ ਕਹਿੰਦੇ ਨੇ ਜਿਹੜਾ ਨਾਸ਼ ਹੋ ਜਾਵੇ, ਸਦਾ ਨਹੀਂ ਰਿਹਾ ਕਰਦਾ। ਕੋਈ ਚੀਜ਼ ਸਦਾ ਨਹੀਂ ਰਹਿੰਦੀ। ਜਿਹਦੀ ਇਹਦੇ ਨਾਲ ਪਕੜ ਪੈ ਜਾਵੇ, ਉਹ ਦੁਖੀ ਹੋ ਜਾਇਆ ਕਰਦਾ ਹੈ। ਦੁਖੀ ਵੀ ਬਹੁਤ ਹੁੰਦਾ ਹੈ, ਕਲਪਣਾ ਆ ਜਾਂਦੀ ਹੈ, ਆਪਣਾ ਮਾਨਸ ਜਨਮ ਹਾਰ ਜਾਂਦਾ ਹੈ। ਸੋ ਸਭ ਤੋਂ ਪਹਿਲਾਂ ਮਨ ਜਿਹੜਾ ਹੈ ਸਾਥ ਜਦੋਂ ਦੇਣ ਲਗ ਜਾਂਦਾ ਹੈ, ਫੇਰ ਵੈਰਾਗ 'ਚ ਆਉਂਦਾ ਹੈ। ਦੁਨੀਆਂ ਦੇ ਸਾਰੇ ਰਸਾਂ ਨੂੰ, ਭੋਗਾਂ ਨੂੰ, ਪ੍ਰਾਪਤੀਆਂ ਨੂੰ ਤੁਛ ਕਰਕੇ ਜਾਣਦਾ ਹੈ ਕਿ ਇਹ ਤਾਂ ਕੁਛ ਵੀ ਨਹੀਂ। ਜਿਨ੍ਹਾਂ ਦੇ ਮਨ ਦੇ ਅੰਦਰ ਵੈਰਾਗ ਜਾਗਿਆ ਹੈ, ਬੜਾ-ਬੜਾ ਤਿਆਗ ਕੀਤਾ ਹੈ।

ਗੋਪੀ ਚੰਦ ਉਜੈਨ ਦਾ ਰਾਜਾ, ਦਸਦੇ ਨੇ ਕਿ ਉਸਦੇ ਰਾਣੀਆਂ ਜਿੰਨੀਆਂ ਸੀ, ਪਦਮਣੀ ਰਾਣੀਆਂ ਸੀ। ਪਦਮਣੀ ਖਾਸ ਜਾਤ ਹੋਇਆ ਕਰਦੀ ਹੈ, ਜਿਵੇਂ ਆਹ ਮੱਝਾਂ-ਗਾਈਆਂ ਨੇ, ਕੋਈ ਮੂਰਾ ਨਸਲ ਦੀ ਹੈ, ਕੋਈ ਕਿਸੇ ਨਸਲ ਦੀ ਹੈ, ਇਸੇ ਤਰ੍ਹਾਂ ਪਦਮਨੀ ਹੋਇਆ ਕਰਦੀ ਸੀ। ਸੋ ਇਸ ਤਰ੍ਹਾਂ ਪਦਮਨੀ ਰਾਣੀਆਂ ਸੀ ਉਸਦੀਆਂ, ਚਿੱਤ ਨੂੰ ਲੁਭਾਉਣ ਵਾਲੀਆਂ, ਬਹੁਤ ਕੋਮਲ ਬੋਲਣ ਵਾਲੀਆਂ, ਆਗਿਆਕਾਰ, ਸਾਥ ਦੇਣ ਵਾਲੀਆ; ਮਾਂ ਨੇ ਇੱਕ ਦਿਨ ਅਚਾਨਕ ਗੋਪੀਚੰਦ ਨੂੰ ਇਸ਼ਨਾਨ ਕਰਦੇ ਦੇਖਿਆ, ਖੁਲ੍ਹੇ ਥਾਂ ਇਸ਼ਨਾਨ ਕਰ ਰਿਹਾ ਸੀ ਵਿਹੜੇ ਵਿੱਚ ਤੇ ਉਤੇ ਮਾਂ ਖੜ੍ਹੀ ਦੇਖ ਰਹੀ ਸੀ, ਵਹਿਣ 'ਚ ਵਹਿ ਗਈ, ਰੁੜ ਗਈ ਵਹਿਣ 'ਚ ਕਿ ਮੇਰਾ ਪੁੱਤਰ ਕਿੰਨਾ ਸੁੰਦਰ, ਕਿੰਨੀ ਸੁੰਦਰ ਦੇਹ, ਕਿਸ ਤਰ੍ਹਾਂ ਸੋਨੇ ਵਰਗਾ ਰੰਗ ਹੈ ਇਹਦਾ ਤੇ ਇੱਕ ਦਿਨ ਆਏਗਾ, ਬਾਲ, ਜੁਆਨੀ, ਬਿਰਧ ਤਿੰਨ ਅਵਸਥਾ ਸਰੀਰ ਦੀਆਂ ਹੋਇਆ ਕਰਦੀਆ ਨੇ, ਹੁਣ ਭਰ ਜੁਆਨੀ ਦੇ ਅੰਦਰ ਹੈ, ਜੁਆਨੀ ਢਲਦੀ ਜਾਣੀ ਹੈ ਤੇ ਇਹਨੂੰ ਰੋਜ਼ ਬੁਢੇਪੇ ਨੇ ਚੱਕ ਮਾਰ ਕੇ ਖਾਣਾ ਸ਼ੁਰੂ ਕਰ ਦੇਣਾ ਹੈ। ਅਖੀਰ ਜਵਾਨੀ ਦਾ ਨਾਮ ਨਿਸ਼ਾਨ ਨਹੀਂ ਰਹਿਣ ਦਿੰਦਾ, ਖਤਮ ਕਰ ਦਿੰਦਾ ਹੈ। ਬਚਪਨ ਨੂੰ ਜਵਾਨੀ ਖਾ ਜਾਂਦੀ ਹੈ, ਜਵਾਨੀ ਨੂੰ ਬੁਢੇਪਾ ਖਾ ਜਾਂਦਾ ਹੈ ਤੇ ਫੇਰ ਇੱਕ ਦਿਨ ਆਉਣਾ ਹੈ ਜਦੋਂ ਇਸ ਨੇ ਸੰਸਾਰ ਤੋਂ ਜਾਣਾ ਹੈ ਤੇ ਇਸ ਦੀ ਅਰਥੀ ਜਾ ਰਹੀ ਹੋਵੇਗੀ ਤੇ ਇਹ ਸੁੰਦਰ ਦੇਹ ਬੜੇ ਪਿਆਰ ਦੇ ਨਾਲ ਮੈਂ ਪਾਲੀ ਹੈ, ਐਸੀ ਬਣਾਉਣ ਦੇ ਵਿੱਚ ਸਹਾਇਤਾ ਕਰੀ ਹੈ, ਇਹ ਅੱਗ ਦੇ ਉਤੇ ਰੱਖੀ ਜਾਣੀ ਹੈ ਤੇ ਅੱਗ ਨੇ ਜਾਲ ਕੇ ਇਹਨੂੰ ਸੁਆਹ ਕਰ ਦੇਣਾ ਹੈ, ਇਹਦਾ ਨਾਮ ਨਿਸ਼ਾਨ ਖਤਮ ਹੋ ਜਾਣਾ ਹੈ। ਆਹ ਗੱਲਾਂ ਜਿੱਥੇ ਦਿਮਾਗ ਦੇ ਅੰਦਰ ਆ ਰਹੀਆਂ ਸੀ, ਮਨ ਦੇ ਅੰਦਰ। ਉਥੇ ਨਾਲ ਹੀ ਉਸਨੂੰ ਉਹਦਾ ਸੀਨ ਦਿਸ ਰਿਹਾ ਸੀ। ਚਿਖਾ ਬਲਦੀ ਨਜ਼ਰ ਆਈ ਤੇ ਭੁੱਲ ਗਈ ਆਪਣਾ ਆਪ, ਉਸੇ ਗੱਲ 'ਚ ਲੀਨ ਹੋ

ਗਈ, ਵੈਰਾਗ ਆਇਆ, ਹੰਝੂਆਂ ਦਾ ਜੋ ਵਹਾਅ ਸੀ ਉਹਨੂੰ ਰੋਕ ਨਾ ਸਕੇ, ਅੱਖਾਂ 'ਚੋਂ ਗਿਰਨ ਲੱਗ ਗਿਆ। ਹੇਠਾਂ ਹੀ ਇਸ਼ਨਾਨ ਕਰਦਾ ਸੀ, ਗਰਮ ਪਾਣੀ ਜਦੋਂ ਉਹਦੀ ਪਿੱਠ 'ਤੇ ਗਿਰਿਆ, ਬਾਰ-ਬਾਰ ਕਤਰੇ ਗਿਰਦੇ ਨੇ ਹੰਝੂਆਂ ਦੇ, ਇਹ ਬੇਸੁੱਧ ਹੋਈ ਬੈਠੀ ਹੈ, ਬਾਲਕੋਨੀ ਤੋਂ ਹੇਠਾਂ ਨੂੰ ਝੁਕੀ ਹੋਈ ਹੈ, ਉਸ ਵੇਲੇ ਗੋਪੀਚੰਦ ਨੇ ਉਪਰ ਨੂੰ ਦੇਖਿਆ ਕਿ ਮਾਂ ਕਿਉਂ ਰੋ ਰਹੀ ਹੈ, ਐਨੇ ਹੰਝੂ ਆ ਰਹੇ ਨੇ ਉਤੋਂ, ਇੱਕ ਦੇ ਪਿੱਛੇ ਦੂਜਾ, ਦੂਜੇ ਦੇ ਪਿੱਛੇ ਤੀਜਾ, ਛੇਤੀ-ਛੇਤੀ ਇਸ਼ਨਾਨ ਕਰਕੇ ਉਤੇ ਗਿਆ। ਮਾਂ ਨੂੰ ਬੁੱਕਲ 'ਚ ਲਿਆ, ਕਹਿਣ ਲੱਗਿਆ, ਮਾਤਾ! ਐਨਾ ਦੁੱਖ ਤੇਰੇ ਅੰਦਰ ਛੁਪਿਆ ਪਿਆ ਹੈ। ਮੇਰੇ ਤੋਂ ਕੀ ਗੁਨਾਹ ਹੋ ਗਿਆ, ਕੋਈ ਗਲਤੀ ਹੋ ਗਈ, ਕਿਸੇ ਰਾਣੀ ਨੇ ਗਲਤੀ ਕਰ ਦਿੱਤੀ। ਕਿਸੇ ਸੇਵਕ ਨੇ ਕਰ ਦਿੱਤੀ। ਮੈਨੂੰ ਦੱਸੋ ਮੈਂ ਛੇਤੀ ਤੋਂ ਛੇਤੀ ਇਸ ਗੱਲ ਦਾ ਨਿਰਣਾ ਕਰਨਾ ਹੈ। ਮਾਂ ਕਹਿੰਦੀ, ਬੇਟਾ! ਕਿਸੇ ਨੇ ਨਹੀਂ ਕੁਛ ਕਿਹਾ, ਫੇਰ ਇਸ ਤਰ੍ਹਾਂ ਹੰਝੂਆਂ ਦੀ ਝੜੀ ਕਿਉਂ ਲੱਗੀ ਹੈ। ਕਹਿੰਦੀ, ਪੁੱਤਰ! ਮੈਂ ਕੀ ਦੱਸਾਂ, ਮੈਂ ਭਵਿੱਖ ਦੇਖ ਰਹੀ ਹਾਂ, ਮਾਨਸ ਜਨਮ ਦੀ ਤੈਨੂੰ ਪ੍ਰਾਪਤੀ ਹੋਈ ਹੈ ਤੇ ਮਾਨਸ ਜਨਮ ਨੂੰ ਸਾਰੇ ਦਸਦੇ ਨੇ ਕਿ –

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ ॥ ਅੰਗ – ੧੩੬੬

ਇਹ ਐਨਾ ਕੀਮਤੀ ਹੈ ਕਿ ਇੱਕ ਵਾਰੀ ਹੱਥੋਂ ਨਿਕਲ ਗਿਆ, ਫੇਰ ਇਹ ਮੁੜ ਕੇ ਮਿਲਦਾ ਨਹੀਂ ਹੈ, ਸਾਰੇ ਧਰਮ ਗ੍ਰੰਥ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਨੇ –

ਧਾਰਨਾ – ਬਾਰ-ਬਾਰ ਨਾ ਮਿਲਣੀ ਮਾਨਸ ਦੇਹੀ-ਮਾਨਸ ਦੇਹੀ। ਮਾਨਸ ਜਨਮ ਦੁਲੰਭ ਹੈ, ਹੋਤ ਨਾ ਬਾਰੰਬਾਰ।

ਬੇਟਾ! ਬਹੁਤ ਮੁਸ਼ਕਲ ਦੇ ਨਾਲ ਚੌਰਾਸੀ ਲੱਖ ਜੂਨਾਂ 'ਚੋਂ ਲੰਘਣ ਤੋਂ ਬਾਅਦ, 83 ਲੱਖ 99 ਹਜ਼ਾਰ 999; ਕਰੋੜਾਂ ਸਾਲ ਦੀਆਂ ਬਹੁਤ ਤਕਲੀਫਾਂ ਤੋਂ ਬਾਅਦ ਇਹ ਮਨੁੱਖ ਦਾ ਜਾਮਾ ਤੇਰੇ ਜੀਵ ਆਤਮਾ ਦੇ ਹੱਥ ਆਇਆ। ਇਹ ਵਾਰੀ ਹੁੰਦੀ ਹੈ ਵਾਹਿਗੁਰੂ ਨੂੰ ਮਿਲਣ ਦੀ –

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ – ੧੨

ਬੇਟਾ! ਭੋਗਾਂ ਦੇ ਅੰਦਰ, ਫੋਕੇ ਰਸਾਂ ਦੇ ਅੰਦਰ ਲੱਗ ਕੇ ਬਤੀਤ ਹੋ ਜਾਂਦੀ ਹੈ ਤੇ ਇੱਕ ਦਿਨ ਬੁਢਾਪਾ ਆ ਜਾਏਗਾ, ਬੁਢਾਪੇ ਤੋਂ ਬਾਅਦ ਇੱਕ ਦਿਨ ਮੌਤ ਆ ਜਾਏਗੀ। ਮੌਤ ਤੋਂ ਬਾਅਦ ਇਹ ਸਾਂਭਿਆ ਹੋਇਆ ਸੋਹਣਾ ਸਰੀਰ, ਇਹ ਵੀ ਨਾਲ ਨਹੀਂ ਜਾਣਾ, ਅੱਗ ਦੇ ਵਿੱਚ ਭਸਮ ਹੋ ਜਾਣਾ ਹੈ, ਦੌਲਤ, ਰਾਣੀਆਂ ਕਿਸੇ ਨੇ ਸਾਥ ਨਹੀਂ ਦੇਣਾ। ਬੇਟਾ! ਕਿੰਨਾ ਸੁੰਦਰ ਸਰੀਰ ਹੈ ਤੇ ਮੈਨੂੰ ਇਹ ਅਨੁਮਾਨ ਹੋਇਆ ਹੈ ਕਿ ਇੱਕ ਦਿਨ ਇਸਨੇ ਖਾਕ ਦੀ ਮੁੱਠੀ ਬਣ ਜਾਣਾ ਹੈ, ਉਹ ਵੀ ਹਵਾ ਨੇ ਉਡਾ ਦੇਣੀ ਹੈ, ਕਿਤੇ ਨਾਮ-ਨਿਸ਼ਾਨ ਨਹੀਂ ਰਹਿਣਾ। ਹੱਡੀਆਂ ਪਾਣੀ ਨੇ ਰੋੜ੍ਹ ਕੇ ਲੈ ਜਾਣੀਆਂ ਨੇ, ਆਹ ਸੁੰਦਰ ਚਿਹਰਾ, ਸੁੰਦਰ ਸਰੀਰ ਮੁੜ ਨਜ਼ਰ ਨਹੀਂ ਆਉਣਾ। ਗੰਭੀਰ ਹੋ ਗਿਆ, ਕਹਿਣ ਲੱਗਿਆ, ਮਾਂ ਫੇਰ ਮੈਂ ਕੀ ਕਰਾਂ? ਕਿਸੇ ਮਹਾਂਪੁਰਸ਼ ਨੂੰ ਮਿਲ, ਪੂਰਨ ਤੱਤ ਬੇਤੇ ਨੂੰ। ਉਸ ਤੋਂ ਜੁਗਤੀ ਪੁੱਛ, ਅਭਿਆਸੀ ਪਦ ਕਿਵੇਂ ਪ੍ਰਾਪਤ ਹੁੰਦਾ ਹੈ, ਜਿੱਥੇ ਜਾ ਕੇ ਦੁਬਾਰਾ ਨਹੀਂ ਬੰਦਾ ਆਇਆ ਕਰਦਾ, ਜਨਮ ਮਰਨ 'ਚ ਤੇ ਸਦਾ ਦੀ ਜ਼ਿੰਦਗੀ ਪ੍ਰਾਪਤ ਕਰਕੇ, ਅਬਿਨਾਸ਼ੀ ਪਦ 'ਤੇ ਪਹੁੰਚ ਕੇ ਮਹਾਨ ਸੁੱਖ ਦੀ ਪ੍ਰਾਪਤੀ ਕਰਦਾ ਹੈ। ਸੋ ਇਹਦੇ ਵਾਸਤੇ ਮਾਨਸ ਜਨਮ ਸਾਨੂੰ ਮਿਲਿਆ ਹੈ, ਸੁਣਦੇ ਸਾਰ ਵੈਰਾਗ ਲੱਗ ਗਿਆ, ਗੱਲ ਸਮਝ ਲਈ। ਉਸੇ ਵੇਲੇ ਮਹਾਤਮਾ ਆਏ ਹੋਏ ਸੀ ਜਲੰਧਰੀ, ਉਨ੍ਹਾ ਦਾ ਨਾਉਂ ਸੀ। ਜਲੰਧਰੀ ਸਿੱਧ ਉਹਦੇ ਕੋਲ ਗਿਆ, ਜਾ ਕੇ ਉਸਨੇ ਜੋਗ ਲਿਆ ਤੇ ਉਸੇ ਵੇਲੇ ਰਾਜ ਭਾਗ ਛੱਡ ਕੇ ਚਲਿਆ ਗਿਆ। ਇਹਨੂੰ ਵੈਰਾਗ ਕਹਿੰਦੇ ਨੇ। ਇਹ ਜ਼ਰੂਰੀ ਨਹੀਂ ਕਿ ਅਸੀਂ ਛੱਡ ਕੇ ਚਲੇ ਜਾਈਏ। ਲੇਕਿਨ ਸਾਡਾ ਮਨ ਮੰਨ ਜਾਵੇ ਕਿ ਦੁਨੀਆਂ ਦੇ ਭੋਗ ਇਹ ਸਾਡੇ ਰਸਤੇ ਦੇ ਅੰਦਰ ਬੜੀ ਭਾਰੀ ਰੁਕਾਵਟ ਨੇ, ਜਦੋਂ ਵੈਰਾਗ ਲਗਦਾ ਹੈ ਫੇਰ ਦੂਸਰੀ ਅਵਸਥਾ ਆਉਂਦੀ ਹੈ ਸੁਣਨ ਦੀ। ਫੇਰ ਪੂਰੇ ਧਿਆਨ ਦੇ ਨਾਲ ਸੁਣਦਾ ਹੈ, ਮਨ ਨੂੰ ਇੱਕ ਸਕਿੰਟ ਵਾਸਤੇ ਵੀ ਇਧਰ ਉਧਰ ਹਿੱਲਣ ਨਹੀਂ ਦਿੰਦਾ ਕਿ ਕਿਤੇ ਕੋਈ ਬਚਨ ਲੰਘ ਨਾ ਜਾਵੇ। ਫੇਰ ਉਹਨੂੰ ਹਿਰਦੇ 'ਚ ਧਾਰਨ ਕਰਦਾ ਹੈ। ਇਹ ਨਹੀਂ ਕਿ ਸੁਣ ਕੇ ਭੁੱਲ ਜਾਂਦਾ ਹੈ। ਭੁੱਲਦਾ ਹੈ ਕੱਚੇ ਬੰਦਿਆਂ ਨੂੰ, ਪੱਕਿਆਂ ਨੂੰ ਨਹੀਂ ਭੁੱਲਿਆ ਕਰਦਾ। ਉਹ ਤਾਂ ਸੋਚੀ ਜਾਂਦੇ ਨੇ ਕਿ ਕੀ ਕੀ ਕਿਹਾ ਸੀ, ਕਿਉਂਕਿ ਗੁਰਬਾਣੀ ਜਿਹੜੀ ਹੈ ਸਾਨੂੰ ਰਸਤਾ ਦਿਖਾਉਂਦੀ ਹੈ। ਫੇਰ ਉਹਨੂੰ ਮੰਨਦੇ ਨੇ, ਜਦੋਂ ਮੰਨਦੇ ਨੇ ਫੇਰ ਗੱਲ ਸ਼ੁਰੂ ਹੋ ਜਾਂਦੀ ਹੈ –

ਮੰਨੈ ਪਾਵਹਿ ਮੋਖੁ ਦੁਆਰੁ ॥
ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰੁ ਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ਅੰਗ – ੩

ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਸਤਿਸੰਗ ਕਰਦੇ ਹਾਂ, ਇਹਦੇ ਵਿੱਚ ਮੈਂ ਜਿਵੇਂ ਬੇਨਤੀ ਕੀਤੀ ਹੈ ਚੌਦਾਂ ਗੁਣ ਹੋਇਆ ਕਰਦੇ ਨੇ ਬੋਲਣ ਵਾਲੇ 'ਚ, ਬੋਲਣ ਵਾਲੇ 'ਚ ਘੱਟ ਹੋਣ ਦਸ ਹੋਣ, ਚਾਰ ਨਾ ਹੋਣ, ਨਹੀਂ ਅਸਰ ਹੋਇਆ ਕਰਦਾ। ਚੌਦਾਂ ਦੇ ਚੌਦਾਂ ਜ਼ਰੂਰੀ ਨੇ। ਜੇ ਇੱਕ ਤਾਰ ਕੰਮ ਨਾ ਕਰੇ, ਉਥੇ ਹੀ ਮਸ਼ੀਨ ਖਰਾਬ ਹੋ ਕੇ ਗੱਲ ਨਹੀਂ ਬਨਦੀ। ਇਵੇਂ ਜਿਵੇਂ ਸਰੋਤੇ ਦੇ ਵਿੱਚ ਚੌਦਾਂ ਗੁਣ ਚਾਹੀਦੇ ਨੇ। ਜਦੋਂ ਤੱਕ ਇਹ 28 ਤਾਰਾਂ ਨਹੀਂ ਜੁੜਦੀਆਂ। ਓਨੀ ਦੇਰ ਤੱਕ ਅਸਰ ਨਹੀਂ ਹੋਇਆ ਕਰਦਾ, ਸੋ ਜਦੋਂ ਇਹ ਜੁੜ ਜਾਂਦੀਆਂ ਨੇ ਉਸ ਵੇਲੇ ਅਸੀਂ ਪੂਰੀ ਤਰ੍ਹਾਂ ਦੇ ਨਾਲ ਸਾਵਧਾਨ ਹੁੰਦੇ ਹਾਂ ਤੇ ਬਾਣੀ ਫੇਰ ਬਾਣ ਮਾਰਦੀ ਹੈ, ਹਿਰਦੇ ਨੂੰ ਘਾਇਲ ਕਰਦੀ ਚਲੀ ਜਾਂਦੀ ਹੈ। ਇਰਾਦੇ ਬਣਦੇ ਜਾਂਦੇ ਨੇ, ਸੋ ਫੇਰ ਸਤਿਸੰਗ ਦਾ ਪੂਰਾ-ਪੂਰਾ ਲਾਹਾ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ, ਅਜੇ ਆਪ ਨੇ ਸੰਸਾਰ ਦਾ ਕੰਮ ਸ਼ੁਰੂ ਨਹੀਂ ਕੀਤਾ ਤੇ ਆਪ ਜੀ ਦਾ ਜੋ ਰੋਜ਼ ਦਾ ਜੀਵਨ ਸੀ

ਉਹ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਉਸ ਤੋਂ ਬਾਅਦ ਵੇਈਂ ਨਦੀ ਦੇ ਕੰਢੇ 'ਤੇ ਹੀ ਜਾ ਕੇ ਆਪ ਨੇ ਸਮਾਧੀ ਸਥਿਤ ਹੋ ਜਾਣਾ, ਦਿਨ ਚੜ੍ਹੇ ਘਰ ਆਉਣਾ, ਕੁਛ ਥੋੜ੍ਹਾ ਬਹੁਤ ਛਕ ਕੇ, ਕਾਰੋਬਾਰ 'ਤੇ ਚਲੇ ਜਾਣਾ ਉਸ ਤੋਂ ਬਾਅਦ ਸਾਰਾ ਦਿਨ ਉਥੇ ਡਿਊਟੀ ਦੇਣੀ ਤੇ ਸ਼ਾਮ ਨੂੰ ਆ ਕੇ ਬਹੁਤ ਸਾਰੇ ਸਾਧੂ ਮਹਾਂਪੁਰਸ਼, ਬੰਦਗੀ ਵਾਲੇ ਜਗਿਆਸੂ, ਦਰਸ਼ਨਾਂ ਨੂੰ ਆਏ ਹੁੰਦੇ ਉਥੇ ਫੇਰ ਆਪ ਨੇ ਕੀਰਤਨ ਕਰਨਾ, ਉਸ ਤੋਂ ਬਾਅਦ ਵਿਚਾਰ ਕਰਨਾ, ਇਸੇ ਤਰ੍ਹਾਂ ਵੱਡੀ ਰਾਤ ਤੱਕ ਬਚਨ ਬਿਲਾਸ ਹੁੰਦੇ ਰਹਿਣੇ ਤੇ ਰੋਜ਼ ਦਾ ਹੀ ਪ੍ਰੋਗਰਾਮ ਇਸ ਤਰ੍ਹਾਂ ਸੀ, ਨਾਲ ਦੀ ਨਾਲ ਆਪ ਜਿਹੜੀਆਂ ਬਿਛੜੀਆਂ ਹੋਈਆਂ ਰੂਹਾਂ ਸੀ, ਉਨ੍ਹਾਂ ਨੂੰ ਪ੍ਰੇਰਨਾ ਕਰਕੇ ਆਪਣੇ ਕੋਲ ਵੀ ਬੁਲਾ ਲੈਂਦੇ ਸੀ ਤੇ ਜਿੱਥੇ ਲੋੜ ਹੁੰਦੀ ਆਪ ਵੀ ਚਲੇ ਜਾਂਦੇ ਸੀ। ਅੱਜ ਆਪ ਅੰਮ੍ਰਿਤ ਵੇਲੇ ਉਠੇ ਤੇ ਇੱਕ ਫਰਿਆਦ ਸੁਣੀ। ਕੋਈ ਵਿਲਕ ਰਹੀ ਹੈ, ਰੋ ਰਹੀ ਹੈ, ਲੇਕਿਨ ਰਸਤਾ ਗਲਤ ਹੈ, ਜੋ ਕੁਛ ਮੰਗਿਆ ਜਾ ਰਿਹਾ ਹੈ, ਉਹ ਚੀਜ਼ ਮਿਲ ਨਹੀਂ ਰਹੀ ਕਿਉਂਕਿ ਧੇਅ ਸਾਮ੍ਹਣੇ ਗਲਤ ਹੈ, ਜਿਹਦੇ ਕੋਲ ਤਾਕਤ ਨਹੀਂ ਹੈ, ਉਸ ਤੋਂ ਜੇ ਕੋਈ ਉਹ ਚੀਜ਼ ਮੰਗੀ ਜਾਵੇ, ਜਿਹੜੀ ਉਹਦੇ ਕੋਲ ਹੈ ਨਹੀਂ ਉਹ ਦੇ ਨਹੀਂ ਸਕਦੇ, ਸੋ ਮਹਾਰਾਜ ਨੇ ਦੇਖਿਆ ਕਿ ਜਗਿਆਸੂ ਪੂਰਾ ਹੈ, ਪਰ ਰਸਤਾ ਨਹੀਂ ਮਿਲਿਆ, ਹਨ੍ਹੇਰੇ ਵਿੱਚ ਹਾਕਾਂ ਮਾਰ ਰਿਹਾ ਹੈ। ਉਸ ਵੇਲੇ ਆਪ ਕਾਰੋਬਾਰ ਤੋਂ ਵਿਹਲੇ ਹੋ ਕੇ ਦੂਸਰੇ ਦਿਨ ਮਲਸੀਹਾਂ ਚਲੇ ਗਏ, ਨੇੜੇ ਹੀ ਸੀਗਾ, ਉਥੇ ਜਾ ਕੇ ਆਪ ਨੇ ਸਤਿਸੰਗ ਕਰਿਆ ਤਾਂ ਉਥੇ ਉਸ ਇਲਾਕੇ ਦਾ ਚੌਧਰੀ ਸੀ, ਜਿਸ ਦਾ ਨਾਮ ਭਗੀਰਥ ਸੀ, ਉਹਨੇ ਵੀ ਸੁਣਿਆ ਕਿ ਮਹਾਂਪੁਰਸ਼ ਆਏ ਨੇ ਤੇ ਉਨ੍ਹਾਂ ਦੇ ਬਚਨਾਂ 'ਚ ਤਾਸੀਰ ਹੈ, ਜੋ ਵੀ ਸੁਣਦਾ ਹੈ ਉਨ੍ਹਾਂ ਦੇ ਬਚਨ ਤੇ ਮਸਤ ਹੋ ਜਾਂਦਾ ਹੈ ਤੇ ਉਹਦੇ ਅੰਦਰ ਕੋਈ ਭਾਵ ਪ੍ਰਗਟ ਹੋ ਜਾਂਦਾ ਹੈ। ਕੋਈ ਨਵਾਂ ਹੀ ਚਿਹਰਾ ਹੋ ਜਾਂਦਾ ਹੈ, ਨਵੀਂਓਂ ਉਹਦੀ ਗੱਲਬਾਤ ਹੋ ਜਾਂਦੀ ਹੈ, ਮੈਨੂੰ ਵੀ ਦਿਨ ਰਾਤ ਲੰਘ ਗਏ ਰੋਂਦੇ ਨੂੰ, ਹੋਵੇ ਨਾ ਤਾਂ ਮੈਂ ਉਨ੍ਹਾਂ ਦੇ ਕੋਲ ਜਾ ਕੇ ਬੇਨਤੀ ਕਰਾਂ ਤੇ ਮੇਰੀ ਉਹ ਸਹਾਇਤਾ ਕਰਨ, ਸ਼ਾਮ ਨੂੰ ਆਪ ਉਥੇ ਆ ਗਏ ਜਿੱਥੇ ਮਹਾਰਾਜ ਜੀ ਠਹਿਰੇ ਹੋਏ ਸੀ। ਉਥੇ ਹੀ ਰਿਹਾ, ਬਚਨ ਸੁਣੇ, ਉਸ ਤੋਂ ਬਾਅਦ ਗਿਆਰ੍ਹਾਂ ਵਜੇ ਸਾਰੇ ਥੋੜ੍ਹੀ ਦੇਰ ਵਾਸਤੇ ਬਿਰਾਜੇ ਤੇ ਡੇਢ ਵਜੇ ਫੇਰ ਉਠ ਖੜ੍ਹੇ। ਉੱਠ ਕੇ ਇਸ਼ਨਾਨ ਕੀਤਾ, ਸੋ ਇਹਦੇ ਵਾਸਤੇ ਇਹ ਨਵੀਂ ਚੀਜ਼ ਸੀ। ਹੁਣ ਤਾਂ ਸਾਡੇ ਵਾਸਤੇ ਵੀ ਨਵੀਂ ਚੀਜ਼ ਹੈ, ਕਿਉਂਕਿ ਅਸੀਂ ਅੰਮ੍ਰਿਤ ਵੇਲੇ ਨੂੰ ਸੰਭਾਲਣ ਤੋਂ ਹਟ ਗਏ ਹਾਂ। ਮਹਾਰਾਜ ਕਹਿੰਦੇ, ਜਿਹੜਾ ਅੰਮ੍ਰਿਤ ਵੇਲਾ ਹੁੰਦਾ ਹੈ, ਜਿੱਥੇ ਵੀ ਹੋਵੇ, ਜਿਸ ਦੇਸ਼ ਵਿੱਚ ਵੀ ਹੋਵੇ, ਉਹ ਐਸਾ ਸਮਾਂ ਹੁੰਦਾ ਹੈ ਕਿ ਉਸ ਵੇਲੇ ਬ੍ਰਹਮਮਹੂਰਤ ਕਹਾਉਂਦਾ ਹੈ ਤੇ ਬਹੁਤ ਸਾਰੇ ਮਹਾਤਮਾ ਇਹ ਕਹਿੰਦੇ ਨੇ ਕਿ ਰੂਹਾਨੀਅਤ ਦੀ ਬਖਸ਼ਿਸ਼ ਦਾ ਦਰਵਾਜ਼ਾ ਅੰਮ੍ਰਿਤ ਵੇਲੇ ਖੁਲ੍ਹਿਆ ਕਰਦਾ ਹੈ –

ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥
ਅੰਗ– ੧੩੮੪

ਜਿਹੜੇ ਜਾਗਦੇ ਨੇ ਉਹ ਦਾਤਾਂ ਲੈ ਲੈਂਦੇ ਨੇ। ਸੋ ਉਨ੍ਹਾਂ ਦੇ ਮਨ ਵਿੱਚ ਚਾਉ ਹੁੰਦਾ ਹੈ।

ਚਉਥੈ ਪਹਰਿ ਸਬਾਹ ਕੈ
ਸੁਰਤਿਆ ਉਪਜੈ ਚਾਉ ॥ ਅੰਗ – ੧੪੬

ਉਨ੍ਹਾਂ ਦੇ ਅੰਦਰ ਉਤਸ਼ਾਹ ਪੈਦਾ ਹੁੰਦਾ ਹੈ, ਫੇਰ ਮੰਜਾ ਚੰਗਾ ਨਹੀਂ ਲਗਦਾ। ਚਾਉ ਹੁੰਦਾ ਹੈ ਕਿ ਛੇਤੀ-ਛੇਤੀ ਉੱਠ ਕੇ ਨਾਮ ਦਾ ਧਨ ਇਕੱਠਾ ਕਰੀਏ। ਪ੍ਰਭੂ ਪਿਆਰ ਦੇ ਵਿੱਚ ਜਾਈਏ। ਸੋ ਉਸ ਵੇਲੇ ਉਨ੍ਹਾਂ ਦੇ ਮਨ ਵਿੱਚ ਚਾਉ ਉਠਦਾ ਹੈ –

ਤਿਨਾ ਦਰੀਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ ॥ ਅੰਗ – ੧੪੬

ਉਨ੍ਹਾਂ ਦਾ ਪਿਆਰ ਪੈਂਦਾ ਹੈ ਦਰਿਆਵਾਂ ਨਾਲ। ਦੋ ਕਿਸਮ ਦੇ ਦਰਿਆ ਹੁੰਦੇ ਨੇ, ਇੱਕ ਤਾਂ ਜਿਸ ਥਾਂ ਦੇ ਉਤੇ ਜਾ ਕੇ ਇਸ਼ਨਾਨ ਕੀਤਾ ਜਾ ਸਕੇ। ਦੂਸਰਾ ਦਰਿਆ ਹੁੰਦਾ ਹੈ ਜਿਵੇਂ ਤੁਸੀਂ ਬੈਠੇ ਓਂ, ਇਹ ਸਤਿਸੰਗ ਰੂਪੀ ਦਰਿਆ ਵਹਿ ਰਿਹਾ ਹੈ। ਇਹਦੇ ਵਿੱਚ ਮਨ ਦਾ ਇਸ਼ਨਾਨ ਹੁੰਦਾ ਹੈ, ਦੂਸਰੇ ਦਰਿਆ 'ਚ ਪਾਣੀ ਦੇ ਵਿਚ ਸਰੀਰ ਦਾ ਇਸ਼ਨਾਨ ਹੁੰਦਾ ਹੈ। ਸੋ ਦੋਵੇਂ ਮਨ ਦਾ ਤੇ ਸਰੀਰ ਦਾ ਇਸ਼ਨਾਨ ਜ਼ਰੂਰੀ ਹੋਇਆ ਕਰਦਾ ਹੈ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ – ੩੦੫

ਅੰਮ੍ਰਿਤਸਰ ਦੇ ਅੰਦਰ, ਸਤਿਸੰਗ ਦੇ ਸਰੋਵਰ ਦੇ ਅੰਦਰ, ਮਨ ਦਾ ਇਸ਼ਨਾਨ ਕਰਾਉਣਾ ਹੈ ਤੇ ਪਾਣੀ ਦੇ ਨਾਲ ਤਨ ਦਾ ਇਸ਼ਨਾਨ ਕਰਾਉਣਾ ਹੈ। ਸੋ ਉਸ ਵੇਲੇ ਦੇ ਬਾਬਤ ਇਸ ਤਰ੍ਹਾਂ ਦੇ ਨਾਲ ਫੁਰਮਾਨ ਆਉਂਦਾ ਹੈ –

ਧਾਰਨਾ – ਅੰਮ੍ਰਿਤ ਵੇਲੇ ਓ ਕੌਣ ਜਾਗਦੇ,
ਕੋਈ ਜਾਗਦੇ ਨੇ ਰਾਮ ਪਿਆਰੇ।
ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਅੰਗ – ੪੫੯

ਸਾਰਾ ਵਾਤਾਵਰਣ ਸ਼ਾਂਤ ਹੈ, ਕੋਈ ਰੌਲਾ-ਗੌਲਾ ਨਹੀਂ। ਕੌਣ ਜਾਗਦੇ ਨੇ ਜਿਨ੍ਹਾਂ ਦੇ ਹਿਰਦੇ ਨੂੰ ਪਿਆਰ ਨੇ ਵਿੰਨ੍ਹ ਦਿੱਤਾ। ਦੂਸਰੇ ਨਹੀਂ ਜਾਗਦੇ –

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ
ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ।

ਸੋ ਇਸ ਤਰ੍ਹਾਂ ਦੇ ਨਾਲ, ਅੰਮ੍ਰਿਤ ਵੇਲੇ ਦੀ ਜਾਗ ਉਸੇ ਨੂੰ ਆਉਂਦੀ ਹੈ ਜਿਹਦੇ ਮਨ ਵਿੱਚ ਪ੍ਰਭੂ ਦਾ ਪਿਆਰ ਹੋਇਆ ਕਰਦਾ ਹੈ। ਖਿੱਚ ਹੋਇਆ ਕਰਦੀ ਹੈ। ਦੂਸਰੇ ਨੂੰ ਨਹੀਂ ਆਇਆ ਕਰਦੀ। ਸੋ ਅੰਮ੍ਰਿਤ ਵੇਲੇ ਉਠੇ, ਹੋਰ ਵੀ ਜਿਹੜੇ ਪ੍ਰੇਮੀ ਮਹਾਰਾਜ ਕੋਲ ਜਾਇਆ ਕਰਦੇ ਸੀ, ਸਾਰੇ ਉਠੇ ਤੇ ਉਸ ਵੇਲੇ ਸਮਾਧੀ ਸਥਿਤ ਹੋ ਗਏ ਇਸ਼ਨਾਨ ਕਰਨ ਤੋਂ ਬਾਅਦ। ਦਿਨ ਚੜ੍ਹਿਆ ਤੇ ਉਸ ਵੇਲੇ ਮਹਾਰਾਜ ਜੀ ਨੇ ਬਚਨ ਕੀਤੇ।

ਜੋ ਸਤਿਸੰਗ ਹੋਇਆ ਕਰਦੀ ਹੈ ਸਾਧਸੰਗਤ ਜੀ! ਉਥੇ

ਝੁੰਜਲਾਹਟ ਦੀ ਗੱਲ ਨਹੀਂ ਹੋਇਆ ਕਰਦੀ, ਉਥੇ ਟਿਕਵੀਆਂ ਬਾਤਾਂ ਹੋਇਆ ਕਰਦੀਆਂ ਨੇ। ਮਨ ਜਿਹੜਾ ਹੈ ਆਪਣੇ ਘਰ ਨੂੰ ਵਾਪਸ ਜਾਇਆ ਕਰਦਾ ਹੈ। ਬਾਹਰੋਂ ਨੱਠਣਾ ਭੱਜਣਾ ਛੱਡ ਕੇ ਅਨੰਦ ਦੇ ਵਿੱਚ ਲੀਨ ਹੋਇਆ ਕਰਦਾ ਹੈ। ਐਸਾ ਫੁਰਮਾਨ ਹੈ ਕਿ ਉਥੇ ਜੋ ਸਭ ਤੋਂ ਉੱਤਮ ਚੀਜ਼ ਹੈ ਜਿਸਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ, ਉਸ ਸਤਿਸੰਗ ਦੇ ਵਿੱਚ ਵੰਡਿਆ ਜਾਂਦਾ ਹੈ ਤੇ ਲੈਂਦੇ ਕੌਣ ਨੇ, ਕਹਿੰਦੇ ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਕ੍ਰਿਪਾ ਹੋਵੇ। ਉਹ ਆਉਂਦੇ ਨੇ, ਉਠ ਕੇ ਆ ਕੇ ਸਤਿਸੰਗ ਕਰਦੇ ਨੇ, ਖੇਚਲਾਂ ਸਹਿ ਕੇ। ਉਸ ਅੰਮ੍ਰਿਤ ਨੂੰ ਆਪਣੀ ਸ਼ਰਧਾ ਰੂਪ ਝੋਲੀ 'ਚ ਪੁਆ ਕੇ ਉਸ ਦਾ ਅਨੰਦ ਲੈਂਦੇ ਨੇ ਇਸ ਤਰ੍ਹਾਂ ਫੁਰਮਾਨ ਪੜ੍ਹ ਲਓ -

ਧਾਰਨਾ - ਸਤਿਸੰਗ ਵਿੱਚ ਓ ਅੰਮ੍ਰਿਤ ਵਰਸੇ,
ਪੀਂਦੇ, ਭਾਗ ਜਿਨ੍ਹਾਂ ਦੇ ਪੂਰੇ।
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥

ਅੰਗ - ੧੪੬

ਸਤਿਸੰਗ ਦੇ ਅੰਦਰ ਅੰਮ੍ਰਿਤ ਨਾਮ ਰੂਪੀ ਅੰਮ੍ਰਿਤ, ਗਿਆਨ ਰੂਪੀ ਅੰਮ੍ਰਿਤ, ਇਹ ਵੰਡਿਆ ਜਾਂਦਾ ਹੈ। ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਨਦਰ ਹੋਵੇ, ਉਹ ਇਸ ਅੰਮ੍ਰਿਤ ਨੂੰ ਆਪਣੇ ਹਿਰਦੇ 'ਚ ਗ੍ਰਹਿਣ ਕਰਦੇ ਨੇ। ਉਥੇ ਜਿਹੜੀਆਂ ਸਰੀਰ ਦੀਆਂ ਆਪ-ਹੁਦਰੀਆਂ ਆਦਤਾਂ ਨੇ, ਮਨ ਦੀਆਂ ਆਪ-ਹੁਦਰੀਆਂ ਆਦਤਾਂ ਨੇ ਉਨ੍ਹਾਂ ਨੂੰ ਕੱਸਿਆ ਜਾਂਦਾ ਹੈ, ਜਿਵੇਂ ਆਹ ਢੋਲਕ ਕਸਦੇ ਨੇ। ਢਿੱਲਾ ਨਹੀਂ ਬੋਲਦਾ ਹੈ, ਸਿੱਧਾ ਕਸਦੇ ਨੇ। ਜੇ ਨਦਰ ਹੋ ਗਈ ਫੇਰ ਉਹ ਜੰਮਣ ਮਰਨ ਦੇ ਦੁੱਖ ਵਿੱਚ ਨਹੀਂ ਆਉਂਦਾ। ਕਹਿੰਦੇ, ਸੱਤਾਂ ਪਹਿਰਾਂ 'ਚ ਸਾਰਿਆਂ ਨਾਲੋਂ ਭਲੀ ਗੱਲ ਇਹ ਹੈ ਕਿ ਪੜ੍ਹਿਆਂ ਕੋਲ ਬੈਠੋ। ਕਹਿੰਦੇ, ਜੀ, ਪੜ੍ਹੇ ਹੋਏ ਤਾਂ ਉਲਟੀਆਂ ਗੱਲਾਂ ਕਰਦੇ ਨੇ, ਨਿੰਦਿਆ ਕਰਦੇ ਨੇ, ਚੁਗਲੀਆਂ ਕਰਦੇ ਨੇ; ਮਹਾਰਾਜ ਕਹਿੰਦੇ ਨਾ -

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

ਅੰਗ - ੧੪●

ਉਨ੍ਹਾਂ ਪੜ੍ਹਿਆਂ ਕੋਲ ਨਹੀਂ ਬੈਠਣਾ ਜਿਨ੍ਹਾਂ ਦੇ ਅੰਦਰ ਲੋਭ ਹੈ, ਮੋਹ ਹੈ, ਅਹੰਕਾਰ ਹੈ, ਨਿੰਦਿਆ ਹੈ, ਚੁਗਲੀ ਹੈ, ਈਰਖਾ ਹੈ, ਵਖੀਲੀ ਹੈ; ਗਲਤ ਗੱਲਾਂ ਨੇ ਜਿਨ੍ਹਾਂ ਦੇ ਮਨਾਂ ਦੇ ਅੰਦਰ; ਉਥੇ ਨਹੀਂ ਬੈਠਣਾ -

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ
ਜਿਸੁ ਰਾਮ ਨਾਮੁ ਗਲਿ ਹਾਰੁ ॥ ਅੰਗ - ੯੩੮

ਜਿਹੜਾ ਸੁਆਸ-ਸੁਆਸ ਪ੍ਰਮੇਸ਼ਰ ਦਾ ਨਾਮ ਜਪਦਾ ਹੈ ਕਹਿੰਦੇ ਉਹ ਪੜ੍ਹਿਆ ਹੋਇਆ ਹੈ। ਕਹਿੰਦੇ, ਮਹਾਰਾਜ! ਉਹਦਾ ਦਰਜਾ ਕੀ ਹੁੰਦਾ ਹੈ। ਜਿਵੇਂ ਇੱਥੇ ਪੜ੍ਹਿਆ ਹੋਇਆ ਦੁਨਿਆਵੀ ਪੜ੍ਹਾਈ, ਪ੍ਰੋਫੈਸਰ ਲੱਗ ਜਾਂਦਾ ਹੈ, ਕੋਈ ਡਾਕਟਰ ਲੱਗ ਜਾਂਦਾ ਹੈ, ਇਸ ਪੜ੍ਹਾਈ ਦਾ ਪੜ੍ਹਿਆ ਹੋਇਆ ਕੀ ਹੁੰਦਾ ਹੈ, ਮਹਾਰਾਜ ਕਹਿੰਦੇ-

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

ਅੰਗ - ੩੧੯

ਕਹਿੰਦੇ ਪੂਰੇ ਮਹਾਤਮਾ ਹੁੰਦੇ ਨੇ, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤੇ, ਕਿਉਂਕਿ ਉਹ ਪੜ੍ਹੇ ਹੋਏ ਓਹੀ ਹੋਏ, ਬਾਕੀ ਸੰਸਾਰ ਤਾਂ ਅਨਪੜ੍ਹ ਤੁਰਿਆ ਫਿਰਦਾ ਹੈ। ਕਿਉਂਕਿ ਇਹ ਪੜ੍ਹਾਈ ਕਿਸੇ ਕੰਮ ਨਹੀਂ ਹੁੰਦੀ।

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ
ਸਾਥ ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ
ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ
ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਅੰਗ - ੪੬੭

ਜਿਨ੍ਹਾਂ ਨੂੰ ਸੰਸਾਰ ਪੜ੍ਹਿਆ ਕਹਿੰਦੇ ਨੇ, ਇਹ ਤਾਂ ਹਉਮੈ ਦੀ ਝੱਖਣਾ ਝਾਖ ਵਿੱਚ ਪਏ ਹੋਏ ਨੇ। ਪੜ੍ਹੇ ਓਹੀ ਨੇ, ਚਾਹੇ ਇੱਕ ਅੱਖਰ ਨਹੀਂ ਜਾਣਦਾ, ਜਿਨ੍ਹਾਂ ਨੂੰ ਆਤਮਕ ਵਿਦਿਆ ਆ ਗਈ, ਆਪਣੇ ਸਰੂਪ ਦਾ ਗਿਆਨ ਹੋ ਗਿਆ, ਸਰੂਪ ਦੀ ਪ੍ਰਾਪਤੀ ਹੋ ਗਈ ਤੇ ਪ੍ਰਮੇਸ਼ਰ ਦੀ ਸੋਝੀ ਜਿਹਦੇ ਹਿਰਦੇ 'ਚ ਬੈਠ ਗਈ ਕਿ ਉਹ ਅੰਦਰ ਬਾਹਰ ਇੱਕ -

ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥
ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥

ਅਕਾਲ ਉਸਤਤਿ

ਆਹ ਇੱਕੋ ਗੱਲ ਕਹਿੰਦੇ ਜਿਹਨੇ ਪੜ੍ਹ ਲਈ, ਉਹਨੇ ਸਭ ਕੁਛ ਪੜ੍ਹ ਲਿਆ। ਕਹਿੰਦੇ ਉਨ੍ਹਾਂ ਦੀ ਸੰਗਤ 'ਚ ਬੈਠੋ। ਕੀ ਹੋਏਗਾ ਮਹਾਰਾਜ ਉਨ੍ਹਾਂ ਕੋਲ? ਕਹਿੰਦੇ, ਉਥੇ ਮਾੜੀਆਂ ਗੱਲਾਂ ਛੁਡਾ ਦਿੱਤੀਆਂ ਜਾਣਗੀਆਂ। ਪਾਪ ਪੁੰਨ ਦਾ ਨਿਰਣਾ ਹੋ ਜਾਏਗਾ -

ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥

ਅੰਗ - ੧੪੧੪

ਦੱਸ ਦੇਣਗੇ ਕਿ ਇਹ ਪਾਪ ਵੀ ਬੇੜੀ ਹੈ ਤੇ ਪੁੰਨ ਵੀ ਬੇੜੀ ਹੈ। ਨਿਸ਼ਕਾਮ ਕਰਮ ਕਰਨ। ਉਹਦੇ ਨਾਲ ਤੇਰੇ ਅੰਤਸ਼ਕਰਣ ਦੀ ਮੈਲ ਦੂਰ ਹੋਏਗੀ। ਪਾਪਾਂ ਦੀ ਰਾਸ ਅੰਦਰੋਂ ਘਟਣੀ ਸ਼ੁਰੂ ਹੋ ਜਾਏਗੀ। ਝੂਠ ਦੀ ਰਾਸ ਹਿਰਦੇ 'ਚੋਂ ਨਿਕਲ ਕੇ ਹਿਰਦਾ ਮਲੀਨ ਤੋਂ ਪਵਿੱਤਰ ਹੋ ਜਾਏਗਾ, ਮੈਲ ਲਹਿ ਜਾਏਗੀ, ਜਦੋਂ ਪਵਿੱਤਰ ਹੋ ਗਿਆ, ਉਹਦੇ ਵਿੱਚ ਝਾਕੇਂਗਾ, ਤੈਨੂੰ ਆਪਣਾ ਆਪ ਨਜ਼ਰ ਆ ਜਾਏਗਾ। ਪ੍ਰਮੇਸ਼ਰ ਨਜ਼ਰ ਆ ਜਾਏਗਾ ਤੇਰੇ ਅੰਦਰੋਂ ਹੀ। ਲੇਕਿਨ ਉਥੇ ਜਿਹੜੇ ਖੋਟੇ ਨੇ ਉਹ ਨਹੀਂ ਉਥੇ ਪਹੁੰਚ ਸਕਦੇ, ਸੁੱਟ ਦਿੱਤੇ ਜਾਂਦੇ ਨੇ -

ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥

ਅੰਗ - ੧੪੬

ਪਾਖੰਡ ਕਰਨ ਵਾਲੇ, ਧੋਖੇ ਦੇਣ ਵਾਲੇ, ਦੂਜਿਆ ਦਾ ਮਾਲ ਦੱਬਣ ਵਾਲੇ, ਫੇਰ ਧਰਮੀ ਕਹਾਉਣ ਵਾਲੇ; ਕਹਿੰਦੇ ਉਹ ਇੱਥੇ

ਧਰਮੀ ਕਹਾ ਸਕਦੇ ਨੇ, ਭੇਖ ਦੀ ਆੜ ਲੈ ਕੇ; ਲੇਕਿਨ ਦਰਗਾਹ 'ਚ ਤਾਂ ਉਹਨੂੰ ਵਗਾਹ ਕੇ ਬਾਹਰ ਮਾਰਿਆ ਜਾਂਦਾ ਹੈ ਕਿਉਂਕਿ ਖੋਟੇ ਸਿੱਕੇ ਨੇ –

ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥
ਅੰਗ – ੧੪੯

ਵਾਹਿਗੁਰੂ ਆਪ ਹੀ ਜਾਣਦਾ ਹੈ ਕਿ ਜੇ ਦੁੱਖ ਆ ਗਿਆ, ਸੁੱਖ ਆ ਗਿਆ ਕਿਉਂ ਮਨੁੱਖਾਂ ਦੀ ਓਟ ਲੈਂਦਾ ਹੈ ਤੂੰ ਵਾਹਿਗੁਰੂ ਕੋਲ ਅਰਦਾਸ ਕਰ ਤੇਰਾ ਰਾਖਾ ਹੈ, ਸਾਰੇ ਦੁੱਖਾਂ ਦਾ ਖਾਤਮਾ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਮਹਾਰਾਜ ਦੀ ਹੋਵੇ ਸੰਗਤ, ਸਾਧਸੰਗਤ ਜੀ! ਆਪੇ ਹੀ ਅੰਦਾਜ਼ਾ ਲਾਓ, ਕਿਵੇਂ ਅੰਮ੍ਰਿਤ ਦੀਆਂ ਨਦੀਆਂ ਵਹਿੰਦੀਆਂ ਹੋਣੀਆਂ ਨੇ, ੩੩ ਕਰੋੜ ਦੇਵਤਾ, ਗੁਰੂ ਨਾਨਕ ਦੀ ਸੰਗਤ ਵਿੱਚ ਆ ਕੇ ਬਿਰਾਜਮਾਨ ਹੋਇਆ ਕਰਦਾ ਸੀ, ਹੋਰ ਵੀ ਬੇਅੰਤ ਮੁਕਤ ਆਤਮਾਵਾਂ ਖੰਡਾਂ, ਬ੍ਰਹਿਮੰਡਾਂ 'ਚ ਸੱਚਖੰਡ ਦੀਆਂ, ਸਰਮਖੰਡ ਦੀਆ, ਗਿਆਨਖੰਡ ਦੀਆਂ, ਧਰਮਖੰਡ ਦੀਆਂ ਆਤਮਾਵਾਂ ਸਾਰੀਆਂ ਗੁਰੂ ਦੀ ਸੰਗਤ ਨੂੰ ਲੋਚਦੀਆਂ ਸੀ। ਸੋ ਇਨ੍ਹਾਂ ਦੇ ਕੋਲ ਕਿਉਂਕਿ ਇਹ ਚੀਜ਼ ਹੈ ਨਹੀਂ, ਸਤਿਸੰਗ ਜੇ ਹੈ ਤਾਂ ਇੱਥੇ ਹੀ ਹੈ। ਅੱਗੇ ਜਾ ਕੇ ਨਹੀਂ ਮਿਲਣਾ ਅੱਗੇ ਤਾਂ ਭੋਗ ਜੂਨੀਆਂ ਨੇ, ਪਦਾਰਥ ਬੇਅੰਤ ਹੋਣਗੇ, ਸੁੱਖ ਬੇਅੰਤ ਹੋਏਗਾ, ਪਰ ਆਤਮ ਰਸ ਉਥੇ ਨਹੀਂ ਹੈ, ਆਤਮ ਰਸ ਤਾਂ ਜੇ ਕਿਸੇ ਨੇ ਇਕੱਠਾ ਕਰਨਾ ਹੈ ਇੱਥੇ ਹੀ ਹੈ ਹੋਰ ਨਹੀਂ ਕਿਤੇ ਮਿਲਦਾ। ਸੋ ਸਾਰੇ ਦੇਵਤੇ ਉਸ ਥਾਂ ਦੇ ਉਤੇ ਆ ਕੇ ਸੇਵਾ ਕਰਿਆ ਕਰਦੇ ਸੀ ਆ ਕੇ। ਜਿਹੜੇ ਪੂਰੇ ਮਹਾਂਪੁਰਸ਼ ਨੇ ਉਨ੍ਹਾਂ ਦੀ ਸੇਵਾ ਕਰਨ ਤਾਂ ਵਾਹਿਗੁਰੂ ਆਪ ਆਉਂਦਾ ਹੈ –

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥ ਅੰਗ – ੭੮੩

ਆਪ ਆਉਂਦਾ ਹੈ ਕੰਮ ਕਰਨ ਵਾਸਤੇ, ਜਿੱਥੇ ਪ੍ਰਮੇਸ਼ਰ ਆਏਗਾ ਸਭ ਤੋਂ ਵੱਡਾ, ਉਥੇ ਫੇਰ ਦੇਵੀ ਦੇਵਤਿਆਂ ਦਾ ਆਉਣਾ ਤਾਂ ਇੱਕ ਸੁਭਾਵਿਕ ਗੱਲ ਹੈ।

ਗੁਰੂ ਦਸ਼ਮੇਸ਼ ਪਿਤਾ ਦਾ ਦੀਵਾਨ ਲੱਗਿਆ ਹੋਇਆ ਸੀ। ਆਹੀ ਬਚਨ ਕਰ ਰਹੇ ਸੀ। ਇੱਕ ਸਿੰਘ ਖੜ੍ਹਾ ਹੋ ਗਿਆ ਕਹਿਣ ਲੱਗਿਆ, ਪਾਤਸ਼ਾਹ! ਅਸੀਂ ਬੜੀ ਵਾਰ ਸੁਣਦੇ ਹਾਂ ਕਿ ਦੇਵਤੇ ਹੁੰਦੇ ਨੇ, ਆਉਂਦੇ ਨੇ। ਮਹਾਰਾਜ ਕਹਿੰਦੇ ਹਾਂ, ਬਾਣੀ ਵਿੱਚ ਤਾਂ ਇਸ ਤਰ੍ਹਾਂ ਹੀ ਫੁਰਮਾਨ ਆਉਂਦਾ ਹੈ –

ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧਸੰਗਤਿ ਬੈਕੁੰਠੈ ਆਹਿ ॥ ਅੰਗ – ੩੨੫

ਜਿੱਥੇ ਸਾਧੂ ਦੀ ਸੰਗਤ ਹੁੰਦੀ ਹੋਏਗੀ, ਪੂਰਨ ਪੁਰਖ ਦੀ ਉਹ ਬੈਕੁੰਠ ਧਾਮ ਹੁੰਦਾ ਹੈ ਤੇ ਉਥੇ ਵਾਹਿਗੁਰੂ ਜੀ ਆਪ ਆ ਜਾਇਆ ਕਰਦੇ ਨੇ। ਐਸੀ ਇੱਕ ਸਾਖੀ ਆਉਂਦੀ ਹੈ ਕਿ ਨਾਰਦਮੁਨੀ ਨੇ ਇੱਕ ਵਾਰੀ ਵਰਤ ਰੱਖਿਆ, ਉਹਦੇ ਮਨ 'ਚ ਫੁਰਨਾ ਆਇਆ ਕਿ ਮੈਂ ਬੈਕੁੰਠ ਧਾਮ 'ਚ ਜਾ ਕੇ ਵਿਸ਼ਨੂੰ ਜੀ ਦੇ ਪਾਸ ਜਾ ਕੇ ਵਰਤ ਉਪਾਰਨ ਕਰਾਂਗਾ। ਯਾਨਿ ਕੁਛ ਜਲ ਛਕਾਂਗਾ ਚੂਲੀ ਲੈ ਕੇ। ਵਰਤ ਤੋੜਾਂਗਾ ਉਥੇ। ਸੋ ਆਪਣੇ ਫੁਰਨੇ ਦੇ ਮੁਤਾਬਿਕ ਇਹ ਜੋ ਰਿਸ਼ੀ ਹੈ ਇਹਦੇ ਬਾਰੇ ਇਸ ਤਰ੍ਹਾਂ ਦੱਸਿਆ ਜਾਂਦਾ ਹੈ ਕਿ ਜਿੱਥੇ ਫੁਰਨਾ ਕਰੇ, ਇਹਦੇ ਮੂਹਰੇ ਕੋਈ ਸਫਰ ਨਹੀਂ ਹੈ। ਇਧਰੋਂ ਫੁਰਨਾ ਕਰਿਆ ਉਥੇ ਪਹੁੰਚ ਜਾਂਦਾ ਹੈ। ਬੈਕੁੰਠ ਧਾਮ 'ਚ ਪਹੁੰਚ ਗਿਆ। ਇਰਾਦਾ ਕਰਿਆ ਕਿ ਭਗਵਾਨ ਨੂੰ ਜਾ ਕੇ ਨਮਸ਼ਕਾਰ ਕਰੀਏ। ਅੱਗੇ ਦੇਖਿਆ, ਪਤਾ ਲੱਗਿਆ ਕਿ ਭਗਵਾਨ ਤਾਂ ਇੱਥੇ ਹੈ ਨਹੀਂ। ਲੱਛਮੀ ਜੀ ਨੂੰ ਪੁੱਛਿਆ ਕਿ ਕਿੱਥੇ ਚਲੇ ਗਏ, ਕਹਿੰਦੇ ਦੱਸ ਕੇ ਨਹੀਂ ਗਏ। ਕਿਸੇ ਭਗਤ ਦੇ ਪਾਸ ਗਏ ਹੋਣੇ ਨੇ। ਕਿਉਂਕਿ ਭਗਤ ਇੱਥੇ ਟਿਕਣ ਨਹੀਂ ਦਿੰਦੇ ਸਿੰਘਾਸ਼ਨ 'ਤੇ, ਉਨ੍ਹਾਂ ਨੂੰ। ਖਿੱਚਦੇ ਹੀ ਰਹਿੰਦੇ, ਖਿੱਚਦੇ ਹੀ ਰਹਿੰਦੇ ਨੇ ਤੇ ਉਨ੍ਹਾਂ ਨੂੰ ਜਾਣਾ ਪੈਂਦਾ ਹੈ।

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥ ਅੰਗ – ੪੦੩

ਧਾਉਂਦੇ ਨੇ, ਦੌੜ ਕੇ ਜਾਂਦੇ ਨੇ। ਕਹਿੰਦੇ, ਤੁਸੀਂ ਸਰਬੱਗ ਪੁਰਸ਼ ਓਂ, ਦੇਖ ਲਓ ਸਾਰੇ। ਉਸ ਵੇਲੇ ਉਹਨੇ ਧਿਆਨ ਮਾਰਿਆ ਪਹਿਲਾਂ ਮੰਦਰਾਂ 'ਚ, ਵੱਡਿਆਂ-ਵੱਡਿਆਂ 'ਚ। ਨਾ ਨਜ਼ਰ ਆਇਆ, ਪਹਾੜਾਂ 'ਤੇ ਦੇਖਿਆ, ਰਿਸ਼ੀਆਂ ਦੇ ਹਿਰਦਿਆਂ 'ਚ ਦੇਖਿਆ, ਸਮੁੰਦਰ 'ਚ ਦੇਖਿਆ, ਹੋਰ ਹਰੇਕ ਥਾਂ ਜਿੱਥੇ ਦੇਖ ਸਕਦਾ ਸੀ ਦੇਖਿਆ, ਪਰ ਕਿਤੇ ਨਜ਼ਰ ਨਾ ਆਇਆ। ਉਸ ਵੇਲੇ ਅਰਦਾਸ ਕਰੀ ਹੇ ਭਗਵਨ! ਕ੍ਰਿਪਾ ਕਰੋ ਤੁਸੀਂ ਹੀ ਮੈਨੂੰ ਦੱਸੋ ਕਿ ਤੁਸੀਂ ਕਿੱਥੇ ਓਂ? ਕਿਉਂਕਿ ਮੇਰੀ ਨਿਗ੍ਹਾ ਉਥੇ ਪਹੁੰਚਦੀ ਨਹੀਂ ਜਿੱਥੇ ਤੁਸੀਂ ਚਲੇ ਗਏ। ਉਸ ਵੇਲੇ ਆਵਾਜ਼ ਆਈ ਨਾਰਦ ਫਲਾਣੇ ਥਾਂ ਦੇ ਉਤੇ ਸਾਧੂਆਂ ਦੀ ਸੰਗਤ ਹੋ ਰਹੀ ਹੈ, ਉਥੇ ਆ ਜਾਓ। ਫੁਰਨਾ ਕਰਨਾ ਸੀ, ਉਥੇ ਪਹੁੰਚਿਆ ਕੀ ਦੇਖਦਾ ਹੈ, ਭਗਵਾਨ ਸਾਰਿਆਂ ਨਾਲੋਂ ਪਿੱਛੇ ਬੈਠੇ ਨੇ। ਆਲੇ ਦੁਆਲੇ ਕੌਣ ਬੈਠੇ ਨੇ, ਗਰੀਬ ਜਨਤਾ ਬੈਠੀ ਹੈ, ਪੈਸਿਆਂ ਵਾਲੇ ਨਹੀਂ ਬੈਠੇ ਕਿਉਂਕਿ ਪੈਸੇ ਵਾਲਾ ਜਿਹੜਾ ਹੁੰਦਾ ਹੈ ਉਹਦੇ 'ਚ ਅਭਿਮਾਨ ਹੋਣ ਕਰਕੇ, ਉਹਦਾ ਮਨ ਦੂਸ਼ਿਤ ਹੁੰਦਾ ਹੈ, ਉਹਦਾ ਮਨ ਨੀਵਾਂ ਨਹੀਂ ਹੁੰਦਾ। ਪੈਸੇ ਵਾਲਾ ਤਾਂ ਕੋਈ ਵਿਰਲਾ ਪੁਰਸ਼ ਹੈ ਜਿਹਦੇ ਉਤੇ ਵਾਹਿਗੁਰੂ ਦੀ ਕ੍ਰਿਪਾ ਹੋਵੇ ਤੇ ਸਤਿਸੰਗ 'ਚ ਆਵੇ। ਨਹੀਂ ਤਾਂ ਪੈਸੇ ਵਾਲਾ ਨਹੀਂ ਆਇਆ ਕਰਦਾ। ਇਹ ਗਰੀਬਾਂ ਦਾ ਥਾਂ ਹੈ, ਈਸਾ ਜੀ ਕਹਿੰਦੇ ਨੇ ਕਿ ਹਾਥੀ ਨੂੰ ਜੇ ਸੂਈ ਦੇ ਨੱਕੇ 'ਚੋਂ ਲੰਘਾ ਦੇਈਏ, ਤਾਂ ਹੋ ਸਕਦਾ ਹੈ ਕਿ ਕਿਸੇ ਤਰੀਕੇ ਨਾਲ ਲੰਘ ਜਾਵੇ। ਪਰ ਜਿਹੜਾ ਅਭਿਮਾਨੀ ਪੁਰਸ਼ ਹੈ, ਧਨੀ ਪੁਰਸ਼ ਹੈ, ਜੇ ਕਹੋ ਕਿ ਇਹ ਖੁਦਾ ਦੇ ਦਰ 'ਤੇ ਜਾ ਪਹੁੰਚੇਗਾ ਤਾਂ ਬਿਲਕੁਲ ਨਾ-ਮੁਮਕਿਨ ਹੈ। ਇਹ ਪਹੁੰਚ ਹੀ ਨਹੀਂ ਸਕਦਾ, ਕਿਉਂਕਿ ਇਹਦਾ ਅਭਿਮਾਨ ਜਿਹੜਾ ਹੈ ਇਹ ਛੋਟਾ ਨਹੀਂ ਹੈ, ਉਹ ਤਾਂ ਅਕਾਸ਼ਾਂ ਤੋਂ ਵੀ ਵੱਡਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦੇਖਿਆ ਕਿ ਗਰੀਬ ਆਦਮੀ ਬੈਠੇ ਨੇ। ਥੱਲੇ ਵਾਲੇ ਤਪੜ ਵੀ ਜਿਹੜੇ ਨੇ ਉਹ ਗੰਢ ਤੁਪ ਕੇ ਜੋੜੇ ਜੜਾਏ ਨੇ। ਕੋਈ ਬਹੁਤੇ ਸੋਹਣੇ ਕੱਪੜਿਆਂ ਵਾਲੇ ਨਹੀਂ ਬੈਠੇ, ਕੋਈ ਦੇਖ ਦਿਖਾਵਾ ਨਹੀਂ ਹੈ, ਕੋਈ ਖੁਸ਼ਬੂਆਂ ਨਹੀਂ ਛਿੜਕੀਆਂ ਜਾ ਰਹੀਆਂ, ਕੋਈ ਸੋਨੇ ਦਾ ਮੰਦਰ ਨਹੀਂ ਜਿੱਥੇ ਬੈਠੇ ਨੇ, ਸਾਧਾਰਨ ਸਤਿਸੰਗ ਸਾਧੂ ਕਰ ਰਹੇ ਨੇ, ਮਹਾਂਪੁਰਸ਼ਾਂ ਦੇ ਬਚਨ ਆ ਰਹੇ ਨੇ ਤੇ ਉਥੇ ਬੈਠੇ ਸਾਰੇ ਸੁਣ ਰਹੇ ਨੇ ਪਿੱਛੇ ਬੈਠੇ ਨੇ। ਕਹਿੰਦੇ ਭਗਵਾਨ! ਤੁਸੀਂ ਇੱਥੇ? ਕਹਿੰਦੇ ਹਾਂ, ਨਾਰਦਮੁਨ। ਇਹ ਮੇਰਾ ਘਰ ਹੈ, ਲੋਕ ਕਹਿੰਦੇ ਨੇ ਲਾ-ਮੁਕਾਮ ਹੈ, ਘਰ ਨਹੀਂ ਰੱਬ ਦਾ ਕੋਈ ਤੇ ਰੱਬ ਦਾ ਕੋਈ ਪੁੱਤਰ ਨਹੀਂ ਹੈ, ਕੋਈ ਮਾਂ ਨਹੀਂ, ਕੋਈ ਪਿਉ ਨਹੀਂ। ਪਰ ਇਸ ਸੰਸਾਰ ਨੂੰ ਪਤਾ ਨਹੀਂ ਹੈ ਕਿ ਮੇਰਾ ਘਰ, ਮੇਰਾ realtion, ਮੇਰੇ ਪਿਆਰੇ; ਇਹ ਸਾਰੇ ਸਤਿਸੰਗ 'ਚ ਹੋਇਆ ਕਰਦੇ ਨੇ। ਸੋ

ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ। ਕਹਿੰਦੇ, ਸੱਚੇ ਪਾਤਸ਼ਾਹ! ਲਿਖਿਆ ਤਾਂ ਜ਼ਰੂਰ ਹੈ ਜੇ ਤੁਸੀਂ ਸਮਰੱਥ ਓਂ, ਜੇ ਇੱਕ ਵਾਰੀ ਨਜ਼ਾਰਾ ਹੀ ਦਿਖਾ ਦਿਓਂ ਤਾਂ ਠੀਕ ਹੋਵੇ। ਉਸੇ ਵੇਲੇ ਮਹਾਰਾਜ ਨੇ ਕ੍ਰਿਪਾ ਕਰ ਦਿੱਤੀ, ਦ੍ਰਿਸ਼ਟੀ ਖੋਲ੍ਹ ਦਿਤੀ -

ਸਰਬ ਭੂਤ ਆਪ ਵਰਤਾਰਾ।
ਸਰਬ ਨੈਨ ਆਪੁ ਪੇਖਨਹਾਰਾ।

ਇਸ ਤਰ੍ਹਾਂ ਕਹਿ ਕੇ ਹੱਥ ਮਾਰਿਆ ਸਾਰਿਆਂ ਦੇ ਅਨੁਭਵੀ ਨੇਤਰ ਖੋਲ੍ਹ ਦਿੱਤੇ। ਦੇਖਿਆ ਤਾਂ ਜਗਮਗ-ਜਗਮਗ ਹੋ ਰਹੀ ਹੈ, ਬੜੇ ਹੀ ਪ੍ਰਸੰਨ ਹੋਏ ਸਾਰੇ, ਕਿ ਹੈਂ ਇੱਥੇ ਤਾਂ ਸਾਰੇ ਹੀ ਦੇਵੀ ਦੇਵਤਾ ਇਥੇ ਆ ਕੇ ਨਿਵਾਸ ਕਰਦੇ ਨੇ। ਜਿੱਥੇ ਹਰੀ ਦੀ ਕਥਾ ਹੁੰਦੀ ਹੈ -

ਹਰਿ ਕੀ ਕਥਾ ਹੋਤ ਹੈ ਜਹਾਂ,
ਗੰਗਾ ਭੀ ਚਲ ਆਵਤ ਤਹਾਂ।

ਅਠਾਹਠ ਤੀਰਥਾਂ ਦੇ ਅਭਿਮਾਨੀ ਦੇਵਤਾ ਵੀ ਉਥੇ ਆ ਕੇ ਬਜ਼ਾਰ ਜਿਵੇਂ ਲਾਉਂਦੇ ਨੇ ਐਸ ਤਰ੍ਹਾਂ ਬੈਠ ਜਾਂਦੇ ਨੇ ਕਿ ਮੰਗੋ ਸਾਡੇ ਤੋਂ ਕੋਈ ਚੀਜ਼ ਤੇ ਅਸੀਂ ਦੇਈਏ। ਮੰਗਣਾ ਕੀ ਹੈ -

ਤੀਰਥ ਕੀਏ ਏਕ ਫਲ
ਸੰਤ ਮਿਲੇ ਫਲ ਚਾਰ।
ਗੁਰੂ ਮਿਲੇ ਫਲ ਅਨੇਕ ਹੈਂ
ਕਹਤ ਕਬੀਰ ਵਿਚਾਰ।

ਜੇ ਗੁਰੂ ਮਿਲ ਜਾਵੇ ਫਲਾਂ ਦੀ ਕੋਈ ਗਿਣਤੀ ਹੀ ਨਹੀਂ ਰਹਿੰਦੀ ਤੇ ਗੁਰੂ ਤੋਂ ਹੀ ਮੰਗੋ, ਉਨ੍ਹਾਂ ਤੋਂ ਕਿਉਂ ਮੰਗਣੇ ਨੇ। ਸੋ ਇਸ ਤਰ੍ਹਾਂ ਦੇ ਨਾਲ ਸਾਰੇ ਦੇਵਤਾ ਵੱਡੇ-ਵੱਡੇ ਜਿਹੜੇ ਨੇ, ਉਹ ਸਾਰੇ ਆਉਂਦੇ ਨੇ, ਸੰਤਾਂ ਦੇ ਦਰਸ਼ਨ ਕਰਨ ਵਾਸਤੇ। ਇਸ ਤਰ੍ਹਾਂ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ -

ਧਾਰਨਾ - ਸ਼ਿਵਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

ਅੰਗ - ੨੭੩

ਹੁਣ ਵਾਹਿਗੁਰੂ ਦੇ ਦਰਸ਼ਨ ਬ੍ਰਹਮਗਿਆਨੀ 'ਚੋਂ ਹੋ ਜਾਂਦੇ ਨੇ। ਵੈਸੇ ਨਹੀਂ ਹੁੰਦੇ, ਇਨ੍ਹਾਂ ਨੂੰ ਦਰਸ਼ਨ ਵਾਹਿਗੁਰੂ ਦੇ ਨਹੀਂ ਹੁੰਦੇ। ਕਿਉਂਕਿ ਐਸਾ ਮਹਾਰਾਜ ਦਾ ਫੁਰਮਾਨ ਹੈ -

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

ਅੰਗ - ੭

ਵਾਹਿਗੁਰੂ ਤਾਂ ਦੇਖ ਰਿਹਾ ਹੈ ਸਾਰੇ ਦੇਵਤਿਆਂ ਨੂੰ, ਪਰ ਵਾਹਿਗੁਰੂ ਜੀ ਨਜ਼ਰ ਨਹੀਂ ਆ ਰਹੇ ਇਨ੍ਹਾਂ ਨੂੰ। ਹੁਣ ਨਜ਼ਰ ਕਿੱਥੇ ਆਉਂਦੇ ਨੇ, ਉਹਦੇ ਪਿਆਰਿਆਂ ਵਿਚੋਂ ਨਜ਼ਰ ਆਉਂਦੇ ਨੇ, ਕਿਉਂਕਿ ਪਿਆਰਿਆਂ ਦਾ ਤੇ ਪ੍ਰਮੇਸ਼ਰ ਦਾ ਫਰਕ ਨਹੀਂ ਹੋਇਆ ਕਰਦਾ, ਇਸ ਤਰ੍ਹਾਂ ਨਾਲ ਫੁਰਮਾਨ ਹੈ -

ਧਾਰਨਾ - ਸਾਂਈ ਹੀ ਵਰਗੇ ਨੇ,
ਵਿਸਰੇ ਨਾ ਨਾਮ ਜਿਨ੍ਹਾਂ ਨੂੰ।

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥

ਅੰਗ - ੩੯੭

ਜਿਨ੍ਹਾਂ ਨੂੰ ਸਵਾਸ ਗਿਰਾਸ ਨਾਮ ਨਹੀਂ ਵਿਸਰਦਾ, ਹਰ ਵਕਤ ਪ੍ਰਭੂ ਦੇ ਵਿਚ, ਅਭੇਦ ਅਵਸਥਾ 'ਚ ਲੀਨ ਰਹਿੰਦੇ ਨੇ, ਉਹ ਕਿਹੋ ਜਿਹੇ ਨੇ? ਮਹਾਰਾਜ ਕਹਿੰਦੇ -

ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥

ਅੰਗ - ੩੯੭

ਉਹ ਵਾਹਿਗੁਰੂ ਵਰਗੇ ਨੇ -

ਸੰਤ ਅਨੰਤਹਿ ਅੰਤਰੁ ਨਾਹੀ ॥ *ਅੰਗ - ੪੮੬*

ਸੰਤ ਦੇ ਵਿੱਚ ਅਤੇ ਵਾਹਿਗੁਰੂ ਦੇ ਵਿੱਚ ਕਹਿੰਦੇ ਕੋਈ ਫਰਕ ਨਹੀਂ ਹੈ।

ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥

ਸਰਬ ਲੋਹ ਗ੍ਰੰਥ 'ਚੋਂ

ਜਿਸਨੇ ਆਤਮਾ ਦੇ ਰਸ ਨੂੰ ਅਨੁਭਵ ਕਰ ਲਿਆ, ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ ਕਿ ਮੇਰੇ ਵਿੱਚ, ਵਾਹਿਗੁਰੂ ਵਿੱਚ ਤੇ ਉਹਦੇ ਵਿੱਚ ਕੋਈ ਫਰਕ ਨਹੀਂ ਹੋਇਆ ਕਰਦਾ, ਅਸੀਂ ਇੱਕ ਰੂਪ ਹੋ ਜਾਂਦੇ ਹਾਂ। ਇਹ ਗੱਲ ਗਿਆਨ ਦੀ ਹੈ, ਜਿਨ੍ਹਾਂ ਦੇ ਨੇਤਰ ਖੁਲ੍ਹੇ ਨੇ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਇਹ ਗੱਲ ਠੀਕ ਹੈ। ਸੋ ਇਸ ਤਰ੍ਹਾਂ ਇੱਕ ਵਾਰੀ ਦੀ ਗੱਲ ਸ਼ਿਵ ਜੀ ਮਹਾਰਾਜ ਤੇ ਪਾਰਬਤੀ, ਸੰਸਾਰ ਦੇ ਇਸ planet ਦਾ ਭਰਮਣ ਕਰਦੇ-ਕਰਦੇ, ਇੱਕ ਐਸੇ ਥਾਂ 'ਤੇ ਚਲੇ ਗਏ, ਜਿੱਥੇ ਜਾ ਕੇ ਉੱਚਾ ਜਿਹਾ ਥਾਂ ਹੈ, ਝਾੜੀਆਂ ਖੜ੍ਹੀਆਂ ਨੇ, ਸ਼ਿਵ ਜੀ ਮਹਾਰਾਜ ਨੇ ਨਮਸ਼ਕਾਰ ਕੀਤੀ, ਮੱਥਾ ਟੇਕ ਦਿੱਤਾ। ਪਾਰਬਤੀ ਦੇਖਣ ਲੱਗ ਗਈ ਕਿ ਇੱਥੇ ਤਾਂ ਕੁਛ ਨਜ਼ਰ ਨਹੀਂ ਆਉਂਦਾ। ਨਾ ਕੋਈ ਦੇਹੁਲਾ ਹੈ, ਨਾ ਕੋਈ ਮਹਾਤਮਾ ਹੈ, ਇੱਥੇ ਮੱਥਾ ਟੇਕਣ ਦਾ ਕੀ ਕੰਮ। ਪੁੱਛਿਆ ਮਹਾਰਾਜ! ਮੈਨੂੰ ਨਹੀਂ ਸਮਝ 'ਚ ਪਈ ਕਿ ਆਪ ਨੇ ਕਿਸ ਚੀਜ਼ ਨੂੰ ਮਸਤਕ ਨਿਵਾਇਆ ਹੈ। ਕਹਿਣ ਲੱਗੇ ਪਾਰਬਤੀ! ਆਹ ਜਿਹੜੀ ਠੇਰੀ ਹੈ, ਉੱਚਾ ਥਾਂ ਹੈ, ਕਿਸੇ ਸਮੇਂ ਦੇ ਅੰਦਰ ਇੱਥੇ ਇੱਕ ਮਹਾਤਮਾ ਰਿਹਾ ਕਰਦੇ ਸੀ। ਉਹ ਮਹਾਤਮਾ ਨੇ ਜੀਵਨ ਆਪਣਾ ਪ੍ਰਭੂ 'ਚ ਲੀਨ ਹੋ ਕੇ ਇੱਕ ਰੂਪ ਹੋ ਕੇ ਇੱਥੇ ਗੁਜ਼ਾਰਿਆ ਸੀ ਤੇ ਉਨ੍ਹਾਂ ਦੀ ਛੋਹ ਸੀ ਇਸ ਧਰਤੀ ਨੂੰ, ਉਹ ਕਣ-ਕਣ ਦੇ ਵਿੱਚ ਸਮਾਅ ਗਈ ਤੇ ਅੱਜ ਤੱਕ ਰਸ ਦਿੰਦੀ ਹੈ। ਹਜ਼ਾਰਾਂ ਸਾਲ ਤੋਂ ਬਾਅਦ। ਕਹਿੰਦੇ ਇਹ ਵੀ ਹੋ ਸਕਦਾ ਹੈ ਮਹਾਰਾਜ। ਕਹਿੰਦੇ, ਹਾਂ, ਜਿਵੇਂ ਘਿਉ ਵਾਲਾ ਘੜਾ ਹੋਵੇ, ਉਹ ਟੁੱਟ ਜਾਵੇ ਤੇ ਠੀਕਰੀਆਂ ਸੈਂਕੜੇ ਸਾਲਾਂ ਦੀਆਂ ਹੋ ਜਾਣ ਤੇ ਉਸ ਤੋਂ ਬਾਅਦ ਸੂਰਜ ਦੀ ਗਰਮੀ ਪੈਂਦੀ ਹੋਵੇ ਤਾਂ ਉਨ੍ਹਾਂ ਠੀਕਰੀਆਂ ਦੇ ਵਿਚੋਂ ਥੰਦਿਆਈ ਨਿਕਲ ਕੇ ਸੂਰਜ ਦੀ ਚਮਕ ਉਹਦੇ ਵਿੱਚੋਂ ਪਰਤਵੀਂ ਨਜ਼ਰ ਆਉਂਦੀ ਹੈ, ਸੂਰਜ ਨਜ਼ਰ ਆਉਂਦਾ ਹੈ ਉਹਦੇ ਵਿਚ। ਕਹਿੰਦੇ, ਇਵੇਂ ਜਿਵੇਂ ਜਿਹੜਾ ਪਰਮੇਸ਼ਰ ਦਾ ਪਿਆਰਾ ਹੁੰਦਾ ਹੈ, ਜਿੱਥੇ ਭਜਨ ਹੋ ਜਾਵੇ, ਉਸ ਥਾਂ ਦੇ ਉਤੇ ਪਵਿੱਤਰਤਾ ਛਾ ਜਾਂਦੀ ਹੈ ਤੇ ਉਸ ਦੀ ਸੁਗੰਧੀ, ਜਿਵੇਂ ਕੋਈ ਅਤਰ ਵਾਲਾ ਭਾਂਡਾ ਟੁੱਟ ਵੀ ਜਾਵੇ, ਦੇਰ ਹੋ ਜਾਵੇ, ਲੇਕਿਨ ਉਹਦੇ ਵਿਚੋਂ ਸੁਗੰਧੀ ਨਹੀਂ ਜਾਇਆ ਕਰਦੀ, ਇਸੇ ਤਰ੍ਹਾਂ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਕੀਤੀ ਹੋਈ ਧਰਤੀ, ਸੁਹਾਵੀ ਰਹਿੰਦੀ ਹੈ। ਭਜਨ ਕਰਨ ਨੂੰ ਜੀਅ ਕਰਦਾ ਹੈ ਤੇ ਮਹਾਂ ਪਵਿੱਤਰ ਹੁੰਦੀ ਹੈ।

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਅੰਗ - ੩੧੯

ਉਹ ਸੁਹਾਵਾ ਥਾਨ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿਣ ਲੱਗੇ ਕਿ ਇਸ ਤਰ੍ਹਾਂ ਭਾਈ ਗੁਰਮੁਖੋ! ਜਿਥੇ ਪ੍ਰਮੇਸ਼ਰ ਦਾ ਸਤਿਸੰਗ ਹੁੰਦਾ ਹੋਵੇ, ਉਥੇ ਸਾਰੇ ਦੇਵਤੇ ਚੱਲ ਕੇ ਆ ਜਾਂਦੇ ਨੇ ਤੇ ਜਿੱਥੇ ਗੁਰੂ ਨਾਨਕ ਪਾਤਸ਼ਾਹ ਆਪ ਸਤਿਸੰਗ ਕਰਦੇ ਹੋਣ, ਉਥੇ ਕੀ ਹੋਵੇ। ਕਿਉਂਕਿ ਆਪ ਨਿਰੰਕਾਰ ਦਾ ਸਾਕਾਰ ਰੂਪ ਸੀ। ਨਿਰਾਕਾਰ ਪ੍ਰਮੇਸ਼ਰ, ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ, ਜੋ ਸਾਕਾਰ, ਕਰੋੜਾਂ ਸ਼ਕਤੀਆਂ ਨੇ ਪ੍ਰਮੇਸ਼ਰ 'ਚ; ਅਰਬਾਂ ਖਰਬਾਂ ਕਹਿਣਾ ਹੀ ਗਲਤ ਹੈ, ਨਾਉਂ ਲੈਣਾ ਹੀ ਗਲਤ ਹੈ। ਬੇਅੰਤ-ਬੇਅੰਤ ਕਹੀਏ ਤਾਂ ਠੀਕ ਬਣਦਾ ਹੈ ਤੇ ਉਨ੍ਹਾਂ 'ਚੋਂ ਜੋ ਸੁਪਰੀਮ ਸ਼ਕਤੀ ਹੈ ਉਸਦਾ ਰੂਪ ਗੁਰੂ ਜੋਤੀ ਜਿਸਨੂੰ ਆਖਦੇ ਨੇ, ਉਹ ਪ੍ਰਮੇਸ਼ਰ ਆਪ ਹੀ ਹੋਇਆ ਕਰਦਾ ਹੈ ਕਿਉਂਕਿ ਭੇਦ ਨਹੀਂ ਹੋਇਆ ਕਰਦਾ -

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ ॥ ਅੰਗ - ੪੪੨

ਕਹਿੰਦੇ ਸਮੁੰਦਰ ਨੂੰ ਜਿਵੇਂ ਰਿੜਕਿਆ ਜਾਂਦਾ ਹੈ, ਐਉਂ ਅਸੀਂ ਇਸ ਸਰੀਰ ਦੇ ਵਿੱਚ ਦੇਖਿਆ, ਉਪਮਾ ਤੋਂ ਰਹਿਤ ਇਹਦੇ ਅੰਦਰ ਇੱਕ ਚੀਜ਼ ਦੇਖੀ ਤੇ ਉਹਦੇ ਨਾਲ ਸਾਡੇ ਸਾਰੇ ਭਰਮ ਮਿਟ ਗਏ। ਕਹਿੰਦੇ ਕੀ?

ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥
ਅੰਗ - ੪੪੨

ਗੁਰੂ ਤੇ ਗੋਬਿੰਦ ਵਿੱਚ ਕੋਈ ਭੇਦ ਨਹੀਂ ਹੁੰਦਾ। ਸੋ ਜੋ ਅਕਾਲ ਪੁਰਖ ਦਾ ਰੂਪ ਹੈ ਉਹ ਸਭ ਤੋਂ ਫੇਰ ਵੱਡਾ ਹੋਇਆ, ਸ੍ਰੇਸ਼ਟ ਹੋਇਆ ਤੇ ਭਾਈ ਭਗੀਰਥ ਬੈਠੇ ਗੁਰੂ ਨਾਨਕ ਦੇਵ ਜੀ ਦੇ ਦਰ 'ਤੇ ਨੇ, ਅਜੇ ਪੁਰਾਣੇ ਸੰਸਕਾਰ ਨਾ ਮਿਟਣ ਕਰਕੇ ਦੇਵੀ ਦਾ ਧਿਆਨ ਧਰਿਆ ਕਰਦੇ ਸੀ। ਕਿਸੇ ਸਾਕਤ ਨੇ, ਪ੍ਰਭੂ ਪ੍ਰੇਮ 'ਚ ਲਾਉਣ ਦੀ ਥਾਂ ਦੇ ਉਤੇ ਸ਼ਕਤੀ ਦੀ ਪੂਜਾ ਵਿੱਚ ਲਾ ਦਿੱਤਾ। ਸੋ ਮਹਾਰਾਜ ਕਹਿੰਦੇ, ਇੱਕ ਤਾਂ ਵਾਹਿਗੁਰੂ ਦੀ ਪੂਜਾ ਹੁੰਦੀ ਹੈ, ਇੱਕ ਵਾਹਿਗੁਰੂ ਦੇ ਬਣਾਇਆਂ ਹੋਇਆਂ ਦੀ ਪੂਜਾ ਹੁੰਦੀ ਹੈ, ਦੇਵੀ ਦੇਵਤਿਆਂ ਦੀ। ਇਹ ਮੁਕਤੀ ਨਹੀਂ ਦੇ ਸਕਦੇ।

ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥ ਅੰਗ - ੮੭੪

ਨਾਮਦੇਵ ਜੀ ਨੇ ਪੁੱਛਿਆ ਕਿ ਤੈਨੂੰ ਆਦਿ ਭਵਾਨੀ ਕਹਿੰਦੇ ਨੇ, ਜਦੋਂ ਮੁਕਤੀ ਮੰਗਦੇ ਨੇ ਫੇਰ ਕਿਉਂ ਛੁਪ ਜਾਂਦੀ ਹੈਂ। ਕਹਿੰਦੀ ਭਗਤ ਜੀ! ਮੇਰੇ ਕੋਲ ਮੁਕਤੀ ਨਹੀਂ ਹੈ, ਮੇਰੇ ਜਿਹੜੇ ਸੇਵਕ ਨੇ ਉਹ ਗਲਤ ਨੇ। ਮੇਰੇ ਕੋਲ ਬਿਭੂਤੀਆਂ ਹੈਗੀਆਂ, ਮਾਇਆ ਹੈਗੀਆਂ, ਉਹ ਮਾਇਆ ਹੀ ਮੰਗਦੇ ਨੇ, ਮੁਕਤੀ ਤਾਂ ਮੇਰੇ ਤੋਂ ਕੋਈ ਮੰਗਦਾ ਨਹੀਂ ਹੈ, ਨਾ ਮੈਂ ਮੁਕਤੀ ਦੇਣ ਨੂੰ ਸਮਰੱਥ ਹਾਂ, ਨਾ ਹੀ ਮੈਂ ਆਪ ਮੁਕਤ ਹਾਂ ਕਿਉਂਕਿ ਸਾਡੇ ਅੰਦਰ ਭਰਮ ਨੇ, ਭਰਮ ਹਟਦੇ ਨਹੀਂ। ਐਸਾ ਫੁਰਮਾਨ ਹੈ ਮਹਾਰਾਜ ਦਾ -

ਧਾਰਨਾ - ਮਾਇਆ ਵਿੱਚ ਭਰਮਦੇ,
ਸੁਰਿ ਨਰ ਸਭ ਦੇਵੀ ਦੇਵਾ।

ਸਾਰੇ ਹੀ ਜਿੰਨੇ ਨੇ ਦੇਵੀ ਦੇਵਤਾ, ਇਹ ਸਾਰੇ ਮਾਇਆ ਵਿਚੋਂ ਪੈਦਾ ਹੋਏ ਨੇ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਅੰਗ - ੭

ਮੁੱਖੀ ਦੇਵਤਾ ਜਿਹੜੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ; ਇਹ ਮਾਇਆ ਦੇ ਪੁੱਤਰ ਨੇ। ਸੋ ਇਹ ਭਰਮ ਦੇ ਵਿੱਚ ਪਏ ਹੋਏ ਨੇ।

ਭਰਮੇ ਸੁਰਿ ਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥ ਅੰਗ - ੨੫੮

ਕਹਿੰਦੇ, ਭਰਮ ਨਹੀਂ ਟੁੱਟਦਾ, ਵਾਹਿਗੁਰੂ ਦੀ ਪਛਾਣ ਨਹੀਂ ਆਉਂਦੀ।

ਭਰਮਿ ਭਰਮਿ ਮਾਨੁਖ ਡਹਕਾਏ ॥
ਦੁਤਰ ਮਹਾ ਬਿਖਮ ਇਹ ਮਾਏ ॥ ਅੰਗ - ੨੫੮

ਕਹਿੰਦੇ ਮਾਇਆ ਐਨੀ ਔਖੀ ਹੈ ਤਰਨੀ ਕਿ ਮਨੁੱਖ ਤਾਂ ਭਰਮਦਾ ਹੀ ਹੈ, ਦੇਵੀ ਦੇਵਤਾ ਵੀ ਇਹਦੇ ਵਿੱਚ ਭਰਮੀ ਜਾਂਦੇ ਨੇ। ਉਹ ਵੀ ਨਹੀਂ ਲੰਘ ਸਕਦੇ। ਸੋ ਕਲਿਆਨ ਕਰਾਉਣ ਵਾਸਤੇ ਈਸ਼ਵਰ ਰੂਪ ਜੋ ਗੁਰੂ ਹੁੰਦੇ ਨੇ ਉਹਦੇ ਦਰ 'ਤੇ ਆ ਕੇ ਜਿਵੇਂ ਅਸੀਂ ਸੇਵਾ ਕਰਨ ਜਾਂਦੇ ਹਾਂ, ਇਸ ਤਰ੍ਹਾਂ ਹੀ ਸੇਵਾ ਕਰਦੇ ਨੇ। ਇਹਦੇ ਅੰਦਰ ਭਗੀਰਥ ਦੇ, ਬਾਰ-ਬਾਰ ਆਪਣੇ ਧੇਅ ਦਾ ਧਿਆਨ ਆਉਂਦਾ ਹੈ, ਦੇਵੀ ਦਾ ਤੇ ਨੇਤਰ ਖੋਲ੍ਹੇ, ਕੀ ਦੇਖਦਾ ਹੈ ਇੱਕ ਬਹੁਤ ਸੁੰਦਰ ਬੀਬੀ, ਲੇਕਿਨ ਆਹ ਬੀਬੀਆਂ ਵਰਗੀ ਨਹੀਂ ਹੈ। ਅਸ਼ਟਭੁਜੀ ਹੈ, ਅੱਠ ਬਾਹਾਂ ਵਾਲੀ। ਹੱਥ ਵਿੱਚ ਝਾੜੂ ਹੈ, ਝਾੜੂ ਦੇ ਰਹੀ ਹੈ। ਕਹਿਣ ਲੱਗਿਆ, ਮਾਤਾ! ਤੂੰ ਕੌਣ ਹੈਂ, ਕਹਿਣ ਲੱਗੀ ਮੈਂ ਉਹ ਹਾਂ ਜਿਹਦੀ ਤੂੰ ਉਪਾਸਨਾ ਕਰਦਾ ਹੈਂ। ਕਹਿੰਦੇ, ਤੂੰ ਇੱਥੇ ਝਾੜੂ ਦੇ ਰਹੀ ਹੈਂ? ਕਹਿੰਦੀ, ਇਹ ਨਿਰਗੁਨ ਬ੍ਰਹਮ ਨੇ, ਆਪ ਪ੍ਰਮੇਸ਼ਰ ਦਾ ਸਰੂਪ ਨੇ ਤੇ ਅਸੀਂ ਸਾਰੀਆਂ ਸ਼ਕਤੀਆਂ ਪ੍ਰਭੂ ਤੋਂ ਲੈਂਦੇ ਹਾਂ। ਕਹਿਣ ਲੱਗੇ, ਫੇਰ ਮੈਂ ਤਾਂ ਤੁਹਾਨੂੰ ਹੀ ਮੰਨਦਾ ਹਾਂ। ਕਹਿਣ ਲੱਗੀ, ਬੇਟਾ! ਤੂੰ ਵੀ ਇਨ੍ਹਾਂ ਨੂੰ ਹੀ ਮੰਨ ਗੁਰੂਆਂ ਨੂੰ। ਜਿਨ੍ਹਾਂ ਤੋਂ ਅਸੀਂ ਸ਼ਕਤੀ ਲੈਂਦੇ ਹਾਂ, ਮੇਰੇ ਕੋਲ ਬਿਭੂਤੀਆਂ ਨੇ, ਰਿੱਧੀਆਂ-ਸਿੱਧੀਆਂ ਨੇ, ਪੈਸਾ-ਟਕਾ ਹੈ ਇਹ ਮੈਂ ਦੇ ਸਕਦੀ ਹਾਂ, ਲੇਕਿਨ ਜਿਹੜੀ ਚੀਜ਼ ਅਸਲੀ ਹੈ, ਪਰਮ ਪਦ ਉਥੇ ਤਾਂ ਅਸੀਂ ਵੀ ਨਹੀਂ ਪਹੁੰਚੇ ਹੋਏ, ਉਹ ਤਾਂ ਗੁਰੂ ਨਾਨਕ ਦੇ ਕੋਲ ਹੀ ਹੈ। ਐਨਾ ਕਹਿਣ ਦੀ ਦੇਰ ਸੀ ਤੜੱਕ ਦੇ ਕੇ ਅੱਖਾਂ ਖੁੱਲ੍ਹ ਗਈਆਂ ਕਿ ਹੈਂ ਮੇਰੀ ਸਾਰੀ ਜ਼ਿੰਦਗੀ ਐਸ ਤਰ੍ਹਾਂ ਦੇ ਨਾਲ ਹੀ ਲੰਘ ਗਈ, ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ। ਕਹਿੰਦੀ, ਪੂਰੇ ਨੇ ਇਹ, ਆਪ ਨਿਰੰਕਾਰ ਆਕਾਰ ਧਾਰ ਕੇ ਦਰਗਾਹ ਵਿਚੋਂ ਗੁਰੂ ਰੂਪ ਵਿੱਚ ਪ੍ਰਗਟ ਹੋਏ ਨੇ ਤੇ ਨਾਨਕ ਨਾਮ ਰਖਾਇਆ ਹੈ। ਚਰਨ ਸ਼ਰਨ ਪ੍ਰਾਪਤ ਕਰ ਬੇਟਾ। ਇਥੋਂ ਹੀ ਤੈਨੂੰ ਸਭ ਕੁਛ ਮਿਲਣਾ ਹੈ। ਸਾਰੀ ਜ਼ਿੰਦਗੀ ਦੀ ਮਿਹਨਤ ਤੋਂ ਬਾਅਦ ਜੇ ਉਹਦਾ ਧੇਅ ਇਹ ਗੱਲ ਕਹਿ ਦੇਵੇ ਫੇਰ ਤਾਂ ਬਹੁਤ ਵੱਡੀ ਬਾਤ ਹੈ। ਉਸੇ ਵੇਲੇ ਗੁਰੂ ਨਾਨਕ ਨਾਲ ਸੌਦਾ ਕਰ ਲਿਆ, ਤਨ ਵੀ ਦੇ ਦਿੱਤਾ, ਮਨ ਵੀ ਦੇ ਦਿੱਤਾ, ਧਨ ਵੀ ਦੇ ਦਿੱਤਾ, ਸਭ ਕੁਛ ਦੇ ਦਿੱਤਾ ਕਹਿਣ ਲੱਗੇ, ਐਡੇ ਵੱਡੇ! ਮਹਾਰਾਜ ਵੀ ਫੁਰਮਾਨ ਕਰਦੇ ਨੇ ਕਿ ਸਾਰੇ ਸੰਸਾਰ ਦੇ ਦੇਵਤੇ ਨੇ ਇਹ ਵੀ ਜਿਵੇਂ ਆਪਾਂ ਪ੍ਰਭੂ ਦਾ ਜਸ ਗਾਉਂਦੇ ਹਾਂ, ਇਸੇ ਤਰ੍ਹਾਂ ਇਹ ਵੀ ਪ੍ਰਭੂ ਦਾ ਜਸ ਗਾ ਰਹੇ ਨੇ -

ਧਾਰਨਾ - ਈਸ਼ਰ ਬ੍ਰਹਮਾ ਦੇ ਸਮੇਤ ਦੇਵੀ ਦੇਵਤੇ,
ਤੇਰਾ ਜਸ ਗਾਉਣ ਮਾਲਕਾ।
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਅੰਗ - ੬

ਸਾਰੇ ਜਸ ਗਾਉਂਦੇ ਨੇ, ਸਾਰੇ ਹੀ ਸਿਫਤ ਕਰਦੇ ਨੇ ਜਿੰਨੇ ਵੀ ਵੱਡੇ-ਵੱਡੇ ਨੇ ਪ੍ਰਮੇਸ਼ਰ ਦੀ। ਸੋ ਜਦੋਂ ਉਸ ਨੇ ਇਹ ਕੌਤਕ

ਦੇਖਿਆ ਸਾਧਸੰਗਤ ਜੀ! ਉਸੇ ਵੇਲੇ ਗੁਰੂ ਦਾ ਹੋ ਗਿਆ। ਮਾੜਾ ਮੋਟਾ ਨਹੀਂ ਹੋਇਆ, ਤਨ ਮਨ ਧਨ ਸਭ ਗੁਰੂ ਨੂੰ ਅਰਪਣ ਕਰ ਦਿੱਤਾ। ਸੋ ਜਦੋਂ ਮਹਾਰਾਜ ਜੀ ਨੇ ਸਤਿਸੰਗ ਦੀ ਸਮਾਪਤੀ ਕੀਤੀ ਤਾਂ ਉਸ ਵੇਲੇ ਇਸਨੇ ਬੇਨਤੀ ਕਰੀ ਕਿ ਪਾਤਸ਼ਾਹ! ਮੈਂ ਆਪਣਾ ਜਨਮ ਤਾਂਤਰਿਕ ਸਾਧਨਾ ਦੇ ਵਿੱਚ ਗੁਆ ਚੁੱਕਿਆ ਹਾਂ। ਮੈਨੂੰ ਨਹੀਂ ਸੀ ਸਮਝ ਕਿ ਆਤਮ ਪ੍ਰਾਪਤੀ ਹੋ ਚੀਜ਼ ਹੁੰਦੀ ਹੈ, ਮੈਂ ਸਮਝਦਾ ਸੀ ਕਿ ਇੱਥੋਂ ਹੀ ਪ੍ਰਾਪਤ ਹੋ ਜਾਏਗੀ। ਇੱਥੋਂ ਹੀ ਮੇਰੇ ਸਰੂਪ ਦਾ ਗਿਆਨ ਹੋ ਜਾਏਗਾ। ਇੱਥੋਂ ਹੀ ਮੈਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਏਗੀ। ਇਹਦੇ ਵਾਸਤੇ ਮੈਂ ਬੜੇ ਕਰੜੇ ਸਾਧਨ, ਬਿਖੜੇ ਸਾਧਨ, ਬਹੁਤ ਵਰਤ ਰੱਖੇ। ਪਾਤਸ਼ਾਹ! ਹੁਣ ਮੈਂ ਦੋ ਦਿਨ ਤੋਂ ਲਗਾਤਾਰ ਰੋ ਰਿਹਾ ਸੀ, ਨਾ ਮੈਂ ਪ੍ਰਸ਼ਾਦ ਪਾਣੀ ਛਕਿਆ, ਕੁਛ ਨਹੀਂ ਛਕਿਆ, ਇਸ ਲਈ ਮੈਂ ਇਰਾਦਾ ਕਰ ਲਿਆ ਕਿ ਜਦੋਂ ਤੱਕ ਮੈਨੂੰ ਦਰਸ਼ਨ ਨਹੀਂ ਹੁੰਦੇ ਉਸ ਵੇਲੇ ਤੱਕ ਮੈਂ ਕੁਛ ਨਹੀਂ ਖਾਣਾ ਪੀਣਾ ਤੇ ਕਿਉਂਕਿ ਮੈਂ ਸੰਤਾਂ ਦੀ ਸੰਗਤ ਕਰਕੇ ਮੈਂ ਸੁਣ ਲਿਆ ਸੀ ਕਿ ਸਭ ਤੋਂ ਵੱਡਾ ਜੋ ਪਦ ਹੈ ਉਹਨੂੰ ਅਬਿਨਾਸ਼ੀ ਪਦ ਕਹਿੰਦੇ ਨੇ।

ਅਬਿਨਾਸੀ ਖੇਮ ਚਾਹਹਿ
ਜੇ ਨਾਨਕ ਸਦਾ ਸਿਮਰਿ ਨਾਰਾਇਣ ॥

ਅੰਗ - ੭੧੪

ਪਾਤਸ਼ਾਹ! ਮੈਂ ਕੌਤਕ ਦੇਖਿਆ, ਸਾਰਾ ਕੌਤਕ ਵਰਨਣ ਕੀਤਾ ਤਾਂ ਉਸ ਵੇਲੇ ਕਹਿਣ ਲੱਗੇ, ਹੇ ਪ੍ਰਭੂ! ਮੇਰੇ ਉਤੇ ਕ੍ਰਿਪਾ ਕਰੋ। ਮੈਨੂੰ ਰਸਤਾ ਦੱਸੋ ਕਿਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦਾ ਮੇਲ ਹੁੰਦਾ ਹੈ। ਕ੍ਰਿਪਾ ਕਰੋ। ਸੋ ਉਸ ਵੇਲੇ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਦੇਖੋ ਗੱਡਾ ਚਲਦਾ ਹੈ ਇਹਦੇ ਦੋ ਪਹੀਏ ਹੁੰਦੇ ਨੇ, ਜਾਨਵਰ ਉਡਦਾ ਹੈ ਉਹਦੇ ਦੋ ਫੰਘ ਹੋਇਆ ਕਰਦੇ ਨੇ। ਸੋ ਦੋ ਚੀਜ਼ਾਂ ਤੂੰ ਪਹਿਲਾਂ ਦਿਲ ਵਿੱਚ ਧਾਰਨ ਕਰ। ਇੱਕ ਤਾਂ ਇਹ ਕਰ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ, ਉਹ ਸਭ ਕੁਛ ਅੰਦਰ ਬਾਹਰ ਦੀ ਗੱਲ ਜਾਣਦਾ ਹੈ। ਉਹਦੇ ਭੈ ਵਿੱਚ ਰਹਿ। ਹਰ ਵਕਤ ਯਾਦ ਰੱਖ ਕਿ ਮੈਨੂੰ ਦੇਖ ਰਿਹਾ ਹੈ ਤੇ ਉਹਦੇ ਭੈ ਵਿੱਚ ਰਹਿ। ਦੂਸਰੀ ਚੀਜ਼ ਹੈ ਉਹ ਇਹ ਹੈ ਕਿ ਉਹ ਐਨਾ ਚੰਗਾ ਹੈ ਕਿ ਬਿਨਾਂ ਹੀ ਮੰਗਿਆਂ ਸੰਸਾਰ ਨੂੰ ਦਿੰਦਾ ਰਹਿੰਦਾ ਹੈ।

ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥ ਅੰਗ - ੨

ਜਿਵੇਂ ਮਾਂ ਬਾਪ ਬੱਚੇ ਨੂੰ ਪਾਲਦੇ ਨੇ ਇਸ ਤਰ੍ਹਾਂ ਪਾਲਦਾ ਹੈ, ਸਾਡੇ ਸਰੀਰ ਦੀ ਬਣਤਰ ਉਸ ਨੇ ਬਣਾਈ। ਖਾਣ-ਪੀਣ ਦਾ ਇੰਤਜ਼ਾਮ ਉਹ ਸਾਨੂੰ ਕਰਦਾ ਹੈ, ਅਸੀਂ ਤਾਂ ਕੁਛ ਨਹੀਂ ਕਰਿਆ, ਧਰਤੀ 'ਚੋਂ ਚੀਜ਼ਾਂ ਪੈਦਾ ਕਰ ਦਿੱਤੀਆਂ ਜਿਹਨੂੰ ਖਾ ਕੇ ਅਸੀਂ ਜੀਉਂਦੇ ਰਹਿ ਸਕਦੇ ਹਾਂ ਤੇ ਜ਼ਿੰਦਗੀ ਦਾ ਸਫਰ ਅਸੀਂ ਕੱਟ ਸਕਦੇ ਹਾਂ, ਫੇਰ ਉਹ ਦਿਆਲੂ ਹੈ ਕ੍ਰਿਪਾਲੂ ਹੈ, ਬਖਸ਼ਿੰਦ ਹੈ, ਪਤਿਤਾਂ ਦਾ ਉਧਾਰ ਕਰਦਾ ਹੈ। ਮਹਾਂ-ਪਾਪੀਆਂ ਨੂੰ ਤਾਰਨ ਵਾਲਾ ਹੈ। ਉਸ ਸਭ ਕੁਛ ਹੈ, ਉਹ ਕਦੇ ਸਾਥ ਨਹੀਂ ਛੱਡਦਾ। ਦੁਨੀਆਂ ਸਾਥ ਛੱਡ ਦਿੰਦੀ ਹੈ, ਜਿਨ੍ਹਾਂ ਨਾਲ ਤੂੰ ਮੇਲ ਕੀਤਾ ਹੈ, ਇਹ ਸਾਰੇ ਹੀ ਸਾਥ ਛੱਡ ਦਿੰਦੇ ਨੇ। ਜੇ ਕੋਈ ਨਿਭਦਾ ਹੈ ਤਾਂ ਪ੍ਰਭੂ ਹੀ ਨਾਲ ਨਿਭਦਾ ਹੈ, ਇੱਥੇ ਵੀ ਜਦੋਂ ਨਾਲ ਰਹਿੰਦਾ ਹੈ ਤੇ ਜਿੱਥੇ ਜਾਵਾਂਗੇ ਉਥੇ ਵੀ ਨਾਲ -

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥

ਅੰਗ - ੬੭੭

ਉਹ ਦੂਰ ਨਹੀਂ ਕਦੇ ਵੀ ਹੁੰਦਾ ਤੇ ਦਿਆਲੂ ਕ੍ਰਿਪਾਲੂ ਪਿਤਾ ਦੇ ਨਾਲ ਤੂੰ ਪਿਆਰ ਆਪਣੇ ਹਿਰਦੇ 'ਚ ਪੈਦਾ ਕਰ। ਸੋ ਜਦੋਂ ਦੋ ਚੀਜ਼ਾਂ ਹੋ ਜਾਣਗੀਆਂ। ਇਨ੍ਹਾਂ ਦਾ ਸ਼ਿੰਗਾਰ ਕਰ ਲਏਂਗਾ ਆਪਣੇ ਮਨ ਦੇ ਅੰਦਰ। ਉਸ ਵੇਲੇ ਪ੍ਰਮੇਸ਼ਰ ਦੀ ਨਿਗ੍ਹਾ ਤੇਰੇ 'ਤੇ ਆ ਜਾਏਗੀ। ਜੇ ਸ਼ਿੰਗਾਰ ਨਹੀਂ ਕਰਦਾ ਤਾਂ ਭੇਖ ਕੁਛ ਨਹੀਂ ਸਾਰਿਆ ਕਰਦਾ। ਕਿੰਨੇ ਹੀ ਕਰਮ ਕਰ ਲੈ ਕਿਉਂਕਿ -

ਇਹੁ ਤਨੁ ਮਾਇਆ ਪਾਹਿਆ ਪਿਆਰੇ
ਲੀਤੜਾ ਲਬਿ ਰੰਗਾਏ ॥
ਮੇਰੈ ਕੰਤ ਨ ਭਾਵੈ ਚੋਲੜਾ
ਪਿਆਰੇ ਕਿਉ ਧਨ ਸੇਜੈ ਜਾਏ ॥ ਅੰਗ - ੭੨੨

ਅੱਗੇ ਲਿਖਦੇ ਨੇ ਮਹਾਰਾਜ -

ਇਆਨੜੀਏ ਮਾਨੜਾ ਕਾਇ ਕਰੇਹਿ ॥
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥
ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ
ਸੀਗਾਰੋ ॥

ਅੰਗ - ੭੨੨

ਭੈ ਦੇ ਸੁਰਮੇ ਨੂੰ ਨੇਤਰਾਂ 'ਚ ਪਾ, ਜਿਹੜੇ ਵਸਤਰ ਪਹਿਨਦਾ ਹੈਂ, ਸੋਨੇ ਦਾ ਸ਼ਿੰਗਾਰ ਕਰਦਾ ਹੈਂ, ਚੰਗੇ-ਚੰਗੇ ਵਸਤਰਾਂ ਦਾ ਕਰਦਾ ਹੈਂ ਉਹ ਤੂੰ ਪਿਆਰ ਦਾ ਸ਼ਿੰਗਾਰ ਕਰ। ਜਦੋਂ ਪਿਆਰ ਦਾ ਸ਼ਿੰਗਾਰ ਕਰੇਂਗਾ, ਉਸ ਵੇਲੇ ਇਹੀ ਸਰੀਰ ਇਹੀ ਜਿਹੜਾ ਜੀਵ ਆਤਮਾ ਹੈ ਇਹ ਪ੍ਰਮੇਸ਼ਰ ਨੂੰ ਭਾਅ ਜਾਇਆ ਕਰਦਾ ਹੈ। ਐਸਾ ਫੁਰਮਾਨ ਕਰਦੇ ਨੇ -

ਧਾਰਨਾ - ਭੈ ਤੇ ਪ੍ਰੇਮ ਦਾ ਸ਼ਿੰਗਾਰ ਅੰਦਰ ਕਰ ਲੈ,
ਮੇਲ ਹੋ ਜਾਊ ਰਾਮ ਪਿਆਰੇ ਦਾ।

ਜਦੋਂ ਆਹ ਸੰਸਾਰ 'ਚ ਹੁੰਦੇ ਹਾਂ ਮਹਾਰਾਜ ਕਹਿੰਦੇ ਬਿਲਕੁਲ ਅਨਜਾਣ ਨੇ -

ਪੇਵਕੜੈ ਧਨ ਖਰੀ ਇਆਣੀ ॥
ਤਿਸੁ ਸਹ ਕੀ ਮੈ ਸਾਰ ਨ ਜਾਣੀ ॥ ੧ ॥
ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥
ਨਦਰਿ ਕਰੇ ਮੇਲਾਵਾ ਹੋਈ ॥ ੧ ॥ ਰਹਾਉ ॥
ਸਾਹੁਰੜੈ ਧਨ ਸਾਚੁ ਪਛਾਣਿਆ ॥ ਅੰਗ - ੩੫੭

ਜਦੋਂ ਇੱਥੋਂ ਗਏ ਫੇਰ ਪਤਾ ਲੱਗ ਗਿਆ, ਸੱਚ ਦੀ ਪਛਾਣ ਦਾ -

ਸਹਜਿ ਸੁਭਾਇ ਅਪਨਾ ਪਿਰੁ ਜਾਨਿਆ ॥ ੨ ॥
ਗੁਰ ਪਰਸਾਦੀ ਐਸੀ ਮਤਿ ਆਵੈ ॥
ਤਾਂ ਕਾਮਣਿ ਕੰਤੈ ਮਨਿ ਭਾਵੈ ॥ ਅੰਗ - ੩੫੭

ਚਲਦਾ..........'।



GURU GOBIND SINGH VIDYA MANDIR SENIOR SECONDARY SCHOOL
RATWARA SAHIB

Impressions

Dec. 2010 VOL.II



Guru Gobind Singh Vidya Mandir Sr. Sec. School Ratwara Sahib was established by his Holiness Sant Baba Waryam Singh Ji Maharaj and Honourable Mata Ranjit Kaur Ji. It was inaugurated on 8th April, 2001. It is an English medium co-educational school affiliated to CBSE , New Delhi. School has a huge four-storey building in the lap of nature. School Campus is spread in 10 acres with lush green lawns and spacious play ground. The main aim of the school is to uplift the rural children and to provide excellent educational facilities with modern equipments to facilitate learning process. School is accountable to faster superior values in students to acquire dynamic personalities to make them professionals and respectable citizens of our country.

Under the guidance of His Holiness Sant Baba Waryam Singh Ji, chairperson of School Sant Mata Ranjit Kaur Ji, school has been able to achieve significance milestones year after year.

Message

"Optimism is the faith that leads to Excellence and Achievements".

Students optimistic approach helped them excel in their respective field of interest.

Optimism is the brighter view towards anything we do. It is kindled by strong motivation and interest lying in the deep cave of our heart and mind.

The strong motivation gives birth to Enthusiasm and Students with an optimistic approach are always committed, sincere and dutiful. They are always solution oriented and well planned to answer for challenges that come up. Difficulties and disappointment never corrode their steady commitment and dreams to accomplish.

Dear Children, have the passion to plunge in and with the commitment to cruise over to scale the lofty peaks with your positive bent of mind you can change your approach to life from 'Can I' with an optimistic approach 'I can'. The important thing in life is not to run away from the difficulties and mental dilemma but to march ahead to achieve the goals. Life is a struggle and it rewards only the risk takers.

"Life is either a daring adventure or nothing at all".
So keep your dreams and aspirations alive.

"Think Success and Reap Success"

Mrs. Leena Varma
Principal

Dream & Desire of Babaji Being Fulfilled


GGSVM adopted Children to give free education

A private school of rural area has taken lead for helping the needy children. The school provides free education to them and all the requirements like stationery, transport, and uniform provided to them shall be at par with the curriculum of other school.

Multifarious Activities :

1) Baisakhi Festival was celebrated in the Campus with zeal and indusiam . Students prepared cards and kites and decorated them on this important ocassion.
2) Students participated in 'Bal Gurmat Samagam' held at Bhawan No : 6 Phase 3-A SAS Nagar (Mohali). Students recited Path of Japji Sahib, Sukhmani Sahib and Rehras Sahib.
3) Keeping in view the depleting condition of ozone Layer and its effects on our Planet Earth, School has celebrated Earth Day by planting a plant and giving a motivation to students that they must plant trees instead of cutting them to keep our Environment Pollution free.
4) English paragraph writing competition to improve English of the students, which is today's need.
5) Card making competition regarding Mother's Day was held. Giving respect to mother, English poem 'The Mother's and Hindi Song 'Ma, Main Tera Ladla' was sung by students as competition.
6) Mehandi and Rangoli Competition was held from Classes V to VI.
7) Various festive activities have been organized on Festive Occasions.
8) Thali Decoration regarding Raksha Bandhan competition is held in the school.
9) Turban Tying Competition was held in the School, telling the students the importance of Turban in Sikhism.
10) Students gave their participation in Women's Day Celebration held at Shivalik Public School 'Mohali'.
11) On Dusshera, School students participated in Shabad, Group Dance and Bhangra in Punjab University and they were **Honoured by Vice Chancellor Mr. R. C. Sobti**.
12) Not only in Chandigarh our students gave their best performance by participation in Dushera held at Baddi in Himachal also.
13) Slogan writing competition on topic awareness about corruption was held between classes 9th and 10th.
14) Gurbani Kanth and Solo Shabad Competition was organized by Divinity department in the school to make students learn religious values.
15) Horse Riding : Students are given professional training for horse riding in the campus to make students self confident.
16) NSS : National Social Service is introduced in the school, to make our students sociable .
17) Scout and Guide Camp was organized at Tara Devi and 15 students attended the camp.







Balance in Academics & other Activities

An individual with a well balanced personality, international outlook and positive attitude is the demand of this fast changing modern world. It is said that a Person who wraps into himself makes a small package so to make a big package we have broken the outlook of the child so that he may become a perfect human being.

This year school has touched new height by winning a large no. of prizes in sports and other co-curricullar activities.

1) 75 students participate in all India table soccee tournament held at Golden Bell Public School Sec-77 Mohali and brought laurels to the school winning 15 Gold, 5 Silver and 10 Bronze Medals.
2) Four girls gave their participation in throw ball **National Level** competition held at Bhopal. Which was a big achievement for Rural area girls.
3) Under 14, 17 and 19 Football, Volley Ball and Hand ball team participated at Zone level and brought Ist & IInd position respectively.
4) Table Tennis team got selected for District level.
5) 13 Gold Medals, 18 Silver Medals and 17 Bronze Medals won by students at Rajiv Gandhi Memorial National Table Soccer Championship held at DAV School Tournament at Parwanoo (H.P.)

Our Performance in District Level Rural Tournament




Relay : 3rd Position by Boys.
2nd Position by Girls


Long Jump :

Varunjeet Kaur 10th A : 2nd Position
Taranjit Kaur : 10th A : 3rd Position
Inderjeet Singh +2 - 3rd Position

Discuss Throw : Harkirat Kaur +2 - 3rd Position
Shotput : Harkirat Kaur +2 - 3rd Position
KHO KHO Team : Girls : 1st Position
HAND BALL TEAM : Girls : 1st Position
KABADDI TEAM : Girls : Ist Position
FOOTBALL TEAM : Boys : 2nd Position

6) Harkirat Kaur and Simranjit Kaur brought Awards to the schools by winning Gold Medal in Punjab School State level weight Lifting tournament held at Jallandhur.
7) 3 Silver Medal and one Bronze Medal won by the Girls in Weight Lifting held at Guru Nanak Stadium Ludhiana organized by Punjab State Rural Games Girls.
8) Harkirat Kaur and Simranjit Kaur got gold at **National Level** weight lifting at Maharastra.



A Glimpse of our Achievements

2010 was an action packed year with incredible achievements with student fairing exceptionally well in the field of Sports, Arts, Academic and Co-curricular activities.



March : 'Aks' a stage show was conceptualized , where young student's celebrated empowerment that comes with education. Sometimes memories get confused with dreams. Well, that's as it should be. Because every kid of GGSVM is hero, Just the need is to take out their hidden talent. The participants were applauded by Mr. Ravneet Singh Bittu (M.P.) of Mohali, Honourable Chief Guest and NRI's. They heartily thanked the Management and the Principal for fulfilling the dream of their Reverned Baba Ji





April : An applauding achievement of the school resulting in around 500 new admissions due to the ardent efforts by the principal, staff and Higher Authorities. The school has not only spread it'swing's in Chandigarh, Mohali and other Cities and Villages of Punjab but also in Himachal Pradesh. We had got near about 200 admissions from Baddi, which strengthened school's standing.

May : Principal Mrs Leena Varma was honoured with Award of Appreciation on World Red Cross Day 8th May by Governor General Mr. Shivraj Patil and Health Minister Mrs. Lakshmi Kant Chawla.



A student of 6th Class Varinda Vashisht got award by scoring 3rd position in painting competition organized by Red Cross Society. She was also awarded by Mr. Shivraj Patil, Governor General.

Investure ceremony was conducted in school for the selection of head boy and head girl and four captains for four houses were elected through elections.

Head Boy : Mr. Paramveer Singh +2 (Non-Medical) Head Girl "Jaspreet Kaur" (+2 Art)

Our students on World Health Organisation Tobacco Day at Shivalik Public School Mohali gave their dance item and a poem was recited by Amrit Kaur of Class X A on topic drug. Two of the students also shared their views regarding Drugs.

June :

1.) **100% Board Results 10th & +2.**

2.) 8 girls along with one councellor gave their participation in the camp organized by Red Cross Society Chandigarh at Tara Devi from 1st June to 7th June. The students participated with Enthusiasm in all the activities and brought laurels to the School.





August : Sewing centre at Village Chaharmajra was inaugurated by S. Kulwant Singh Gill, Director of School to help the needy, and poor girls of nearby villages so that they can learn sewing free of cost and become indepenent, as per the desire of baba ji.

September : National Youth Exchange Programme from 23rd September to 30th September 2010 was held at G.G.S.V.M. Ratwara Sahib organized by Red Cross Society Chandigarh Branch.



14 Teams from different States participated in this Camp. Inaugurations of the Camp by Flag Hoisting by Mr. V.K. Puri Secretary of Red Cross Society Pb. Chandigarh Branch and the function was inaugurated by Health Minister Lakshmi Kant Chawla and on the closing ceremony Mr. Ravneet Singh Bittu (M.P.) gave away he prizes to the winning teams.

November : A big achievement of GGSVM, Savya Varma of +1 Commerce got selected for Red Cross Society Japan, to attend 15 days **'International Youth Exchange Programme"** at Japan. He visited various schools and institutes in Tokyo and had an opportunity to share self-experience about Red Cross Activities, Team Work and mutual understanding.








Academics :

Academics are the main area of the focus of the school curriculum.

The School Class X and XII result in the CBSE Board Exam of 2010 was outstanding. **Karamwant Singh of Class X scored 90% marks in Science, Maths and English and overall scored 90% marks. Pavneet Kaur of XII (Medical) scored overall 92% and above 95% in Chemistry**. She brought awards to the School. To strengthen academics the following steps have been taken :-

- Students learn by practical way
- Time to time seminars are conducted to improve the teaching skills of the teachers.
- To make the students more creative, project work has been introduced from Class III .
- Knowledge is like a fire which must be first kindled by some external agent but will afterwards always propagate.
- Regular rechecking of note books is done by co-ordinators.
- Personality, Brain development classes and career counseling workshops are introduced.
- Special classes for weak students are put up to uplift their IQ Level.
- Worksheets, Assignments are given regularly.
- Moral Education is provided to inculcate the moral values and to build up strong character.
- Two way communication system has been installed in the school, to help in improving the class room teaching.
- More stress is given on Spoken English. Special conversation classes are held to enhance the speaking and conversational skill's of the student's.
- Parents orientation programme's are organized time to time.


Cherishable Moments
Smiling Flowers tender and bright
Make you feel humble and light
GURU GOBIND SINGH VIDYA MANDIR
SENIOR SECONDARY SCHOOL
RATWARA SAHIB, Distt. Mohali
Tel. : 0160-2255003, email : ggsvmschool@yahoo.com

ਕਿਵ ਕੂੜੈ ਤੁਟੈ ਪਾਲਿ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਸ਼ਾਨ..।

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਧਾਰਨਾ - ਲਾਡ ਲਡਾਇਆ, ਤੇਰੇ ਭਰੋਸੇ ਮੈਂ - ੨, ੨.
ਤੇਰੇ ਭਰੋਸੇ ਮੈਂ ਲਾਡ ਲਡਾਇਆ॥
ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥
ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ
॥ ੧ ॥ ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ
॥੧॥ ਰਹਾਉ ॥ ਹਉ ਮਾਣੁ ਤਾਣੁ ਕਰਉ ਤੇਰਾ ਹਉ
ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ
॥ ੨ ॥ ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ
॥
ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥
ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ਅੰਗ - ੫੧-੫੨

ਧਾਰਨਾ - ਸੁਣ ਮਨ ਮਿਤਰ ਪਿਆਰਿਆ,
ਮਿਲ ਵੇਲਾ ਹੈ ਇਹ - ੨, ੨.

ਸਾਧਸੰਗਤ ਜੀ, ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ ਵਾਹਿਗੁਰੂ'। ਦੁਨਿਆਵੀ ਕਾਰਜਾਂ ਤੋਂ ਵਿਹਲੇ ਹੋ ਕੇ, ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਸਦਕੇ, ਆਪ ਸਾਰੇ ਸਤਿਸੰਗ ਸਮਾਗਮ ਵਿਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਇਸ ਜਲਦੇ ਬਲਦੇ ਕਲਿਜੁਗ ਦੇ ਵਿਚ ਇਕ ਸ਼ਾਂਤ ਨਦੀ, ਸੀਤਲ ਜਲ ਦੀ ਨਦੀ, ਜਿਥੇ ਅੰਮ੍ਰਿਤ ਦੀ ਵਰਸ਼ਾ ਹੋ ਰਹੀ ਹੈ, ਉਹਦੇ ਵਿਚ ਆਪ ਨੂੰ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਗੁਰੂ ਨਾਨਕ ਪਾਤਸ਼ਾਹ - ਸੰਸਾਰ ਦੀ ਯਾਤਰਾ ਚਾਰ ਉਦਾਸੀਆਂ ਦੇ ਰੂਪ ਵਿਚ ਕਰਨ ਤੋਂ ਬਾਅਦ ਕਰਤਾਰਪੁਰ ਸਾਹਿਬ ਸੰਗਤਾਂ ਨੂੰ ਤਾਰ ਰਹੇ ਨੇ। ਦੂਰ-ਦਰਾਜ ਤੋਂ ਸੰਗਤਾਂ ਆਉਂਦੀਆਂ ਨੇ। ਉਸੇ ਸਮੇਂ ਆਪ ਦੀ ਸੋਅ ਦੂਰ-ਦੂਰ ਤੱਕ ਫੈਲੀ। ਜਗਿਆਸੂ ਮਨਾਂ ਤਕ ਖਬਰ ਪਹੁੰਚੀ। ਬਹੁਤ ਸਾਰੇ ਜਗਿਆਸੂ ਮਨਾਂ ਵਿਚ ਹਲਚਲ ਹੋਈ ਕਿ ਕੋਈ ਐਸਾ ਸੰਸਾਰ ਤੇ ਆ ਗਿਆ ਹੈ ਜੋ ਇਸ ਜੀਵ ਨੂੰ ਪ੍ਰਮੇਸ਼ਰ ਦੇ ਨਾਲ ਜੋੜ ਸਕਦਾ ਹੈ, ਤੇ ਉਨ੍ਹਾਂ ਵਿਚੋਂ ਭਾਈ ਲਹਿਣਾ - ਆਪ ਦੇ ਮਨ ਵਿਚ ਵੀ ਪ੍ਰੇਰਨਾ ਹੋਈ ਕਿ ਹਰ ਸਾਲ ਦੇਵੀ ਦੇ ਸੰਗ ਨੂੰ ਜਾਂਦੇ ਹਾਂ, ਧੁਨਾਂ ਗਾਉਂਦੇ ਜਾਦੇ ਹਾਂ ਲੇਕਿਨ ਇਹ ਜੋ ਅਕਾਲ ਪੁਰਖ ਦੀ ਬਾਤ ਹੈ, ਇਹਦੀ ਸਾਨੂੰ ਸਮਝ ਹੀ ਨਹੀਂ ਪਈ, ਤੇ ਹੋਵੇ ਨਾ ਤਾਂ ਇਸ ਵਾਰੀ ਜਦੋਂ ਜਾਈਏ ਤਾਂ ਜ਼ਰੂਰ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੀਏ। ਸੰਗ ਚਲਦਾ ਚਲਦਾ ਉਥੇ ਆ ਗਿਆ। ਆਪ ਘੋੜੇ ਤੇ ਸਵਾਰ ਹੋ ਕੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਵੱਲ ਨੂੰ ਚੱਲ ਪਏ। ਰਸਤੇ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਪੈਦਲ ਘਰ ਨੂੰ ਆ ਰਹੇ ਨੇ। ਜਦੋਂ ਮਿਲੇ ਤਾਂ ਕਹਿਣ ਲੱਗੇ, "ਬਾਬਾ ਜੀ! ਕ੍ਰਿਪਾ ਕਰਕੇ ਮੈਨੂੰ ਇਹ ਤਾਂ ਦੱਸੋ ਕਿ ਏਥੇ ਕਿੱਥੇ ਗੁਰੂ ਨਾਨਕ ਰਹਿੰਦੇ ਨੇ, ਤੇ ਮੈਂ ਉਨ੍ਹਾਂ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ; ਕੀ ਉਹ ਮਿਲ ਜਾਇਆ ਕਰਦੇ ਨੇ - ਇਸ ਤਰ੍ਹਾਂ ਦੇ ਨਾਲ, ਤੇ ਉਨ੍ਹਾਂ ਦਾ ਘਰ ਕਿੱਥੇ ਹੈ? ਕ੍ਰਿਪਾ ਕਰਕੇ ਮੈਨੂੰ ਉਹ ਸੇਧ ਦੱਸੋ ਤਾਂ ਕਿ ਮੈਂ ਉਸ ਪਾਸੇ ਨੂੰ ਆਪਣੇ ਘੋੜੇ ਦਾ ਰੁੱਖ ਮੋੜਾਂ ਤੇ ਉਥੇ ਪਹੁੰਚਾਂ।"

ਗੁਰੂ ਨਾਨਕ ਪਾਤਸ਼ਾਹ ਮੁਸਕਰਾਏ ਤੇ ਕਹਿਣ ਲੱਗੇ, "ਪੁਰਖਾ! ਗੁਰੂ ਨਾਨਕ ਦੇ ਦਰ ਤੇ ਕਿਸੇ ਨੂੰ ਆਉਣ ਜਾਣ ਦੇ ਵਿਚ ਹਟਕ ਨਹੀਂ ਹੈ। ਉਹ ਦਰ ਸਦਾ ਹੀ ਖੁਲ੍ਹਾ ਹੈ - ਪ੍ਰੇਮ ਤੇ ਪਿਆਰ ਵਾਲਿਆਂ ਵਾਸਤੇ। ਆ ਜਾ ਮੇਰੇ ਪਿੱਛੇ-ਪਿੱਛੇ, ਮੈਂ ਤੈਨੂੰ ਉਸ ਘਰ ਵਿਚ ਪਹੁੰਚਾ ਦੇਵਾਂਗਾ। ਅੱਗੇ-ਅੱਗੇ ਗੁਰੂ ਨਾਨਕ ਪਾਤਸ਼ਾਹ ਤੇ ਪਿੱਛੇ-ਪਿੱਛੇ ਲਹਿਣਾ ਜੀ ਘੋੜੇ ਤੇ ਸਵਾਰ ਹਨ, ਰਸਤੇ ਵਿੱਚ ਬਹੁਤ ਸਾਰੇ ਬਚਨ ਕਰਦੇ ਚਲੇ ਜਾ ਰਹੇ ਨੇ। ਅੰਦਾਜ਼ਾ ਲਗਾਉਣ ਦੀ ਕੋਸਿਸ਼ ਕਰਦੇ ਨੇ ਕਿ ਇਹ ਤਾਂ ਪੁਰਸ਼ ਬਹੁਤ ਉੱਚਾ ਹੈ ਕੋਈ। ਕਿਤੇ ਮੈਂ ਗੁਸਤਾਖੀ ਤਾਂ ਨਹੀਂ ਕਰ ਰਿਹਾ ਕਿ ਇਹ ਪੈਦਲ ਤੁਰੇ ਜਾ ਰਹੇ ਨੇ, ਤੇ ਮੈਂ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਹਾਂ। ਕਈ ਵਾਰੀ ਅੰਦਰ ਖਿਆਲ ਆਉਂਦਾ ਹੈ ਕਿ ਮੈਂ ਵੀ ਬਰਾਬਰ ਘੋੜਾ ਫੜ ਕੇ ਤੁਰ ਪਵਾਂ। ਲੇਕਿਨ ਕਈ ਵਾਰੀ ਐਸਾ ਹੁੰਦਾ ਹੈ ਕਿ ਆਦਮੀ ਬਾਵਜੂਦ ਇਸ ਦੇ ਕਿ ਖਿਆਲ ਵੀ ਆਵੇ, ਤਾਂ ਵੀ ਕਈ ਗੱਲਾਂ ਕਰਿਆ ਨਹੀਂ ਕਰਦਾ। ਕਹਿਣ ਲੱਗੇ, "ਪੁਰਖਾ! ਐਥੇ ਘੋੜਾ ਬੰਨ੍ਹ ਦੇ। ਔਹ ਜਲ ਪਿਆ ਹੈ, ਆਪਣੇ ਹੱਥ ਪੈਰ, ਮੂੰਹ ਧੋ ਲੈ, ਗਰਦ ਉਤਰ ਜਾਏਗੀ ਤੇ ਐਸ ਦਰਵਾਜ਼ੇ, ਇਹ ਜਿਹੜਾ ਸਾਮ੍ਹਣੇ ਨਜ਼ਰ ਆਉਂਦਾ ਹੈ, ਏਥੇ ਤੂੰ ਵਿਹਲਾ ਹੋ ਕੇ ਆ ਜਾਵੀਂ ਤੇ ਜਿਹਨੂੰ ਤੂੰ ਮਿਲਣਾ ਹੈ, ਉਹ ਮਿਲ ਜਾਏਗਾ।"

ਗੁਰੂ ਨਾਨਕ ਪਾਤਸ਼ਾਹ, ਦੂਸਰੇ ਪਾਸੇ ਤੋਂ, ਪੰਜ ਇਸ਼ਨਾਨਾ ਕਰਕੇ, ਚਰਨਾਂ ਤੋਂ ਧੂੜ ਆਦਿ ਲਾਹ ਕੇ ਬਿਰਾਜ ਜਾਂਦੇ ਨੇ ਤੇ ਉਥੇ ਜਾ ਕੇ ਉਹ ਦੇਖਦੇ ਨੇ ਕਿ ਇਹ ਤਾਂ ਓਹੀ ਨੇ ਜਿਨ੍ਹਾਂ ਦੇ ਨਾਲ ਮੈਂ ਘੋੜੇ ਤੇ ਚੜ੍ਹ ਕੇ ਆਇਆ ਹਾਂ। ਕਹਿਣ ਲੱਗੇ, "ਬਾਬਾ ਜੀ! ਗੁਰੂ ਨਾਨਕ ਪਾਤਸ਼ਾਹ ਇੱਥੇ ਆਉਣਗੇ?"

ਕਹਿਣ ਲੱਗੇ, "ਜਿਹਨੂੰ ਤੂੰ ਮਿਲਣਾ ਹੈ, ਉਹ ਤੇਰੇ ਸਾਮ੍ਹਣੇ ਹੀ ਬੈਠਾ ਹੈ।" ਉਸ ਵੇਲੇ ਆਪ ਦੇ ਮਨ ਦੇ ਅੰਦਰ ਬਹੁਤ ਅਸਰ ਹੋਇਆ, ਮੁਆਫੀ ਮੰਗੀ ਕਿ ਪਾਤਸ਼ਾਹ, ਮੈਂ ਤਾਂ ਆਪ

ਦੇ ਦਰਸ਼ਨ ਕਰਨ ਵਾਸਤੇ ਆਇਆ ਸੀ - ਬਹੁਤ ਦੂਰ ਤੋਂ। ਮੈਂ ਦੇਰ ਤੋਂ ਆਪ ਦੇ ਬਾਰੇ ਸੁਣਦਾ ਸੀ ਪਰ ਮੇਰੇ ਭਾਗ ਨਹੀਂ ਸੀ ਬਣ ਸਕੇ। ਪਹਿਲਾਂ ਮੇਰੀ ਭੁੱਲ ਮੁਆਫ ਕਰੋ ਕਿ ਮੈਂ ਆਪ ਨੂੰ ਇਕ ਸਾਧਾਰਨ ਬੰਦਾ ਸਮਝ ਕੇ, ਘੋੜੇ ਤੇ ਚੜ੍ਹ ਕੇ ਆਪ ਦੇ ਨਾਲ ਬੜੀ ਭਾਰੀ ਬੇਅਦਬੀ ਕੀਤੀ ਹੈ, ਇਸ ਬੇਅਦਬੀ ਦੀ ਮੁਆਫੀ ਦਿਉ। ਗੁਰੂ ਨਾਨਕ ਪਾਤਸ਼ਾਹ ਮੁਸਕਰਾਏ ਤੇ ਕਹਿਣ ਲੱਗੇ, "ਪੁਰਖਾ! ਜਿਨ੍ਹਾਂ ਨੇ ਕੁਛ ਦੇਣਾ ਹੁੰਦਾ ਹੈ, ਉਹ ਪੈਦਲ ਹੀ ਚਲਿਆ ਕਰਦੇ ਨੇ; ਜਿਨ੍ਹਾਂ ਨੇ ਲੈਣਾ ਹੁੰਦਾ ਹੈ, ਲਹਿਣੇਦਾਰ ਹਮੇਸ਼ਾਂ ਘੋੜਿਆਂ ਤੇ ਚੜ੍ਹ ਕੇ ਆਇਆ ਕਰਦੇ ਨੇ।" ਉਸ ਵੇਲੇ ਇਕੋ ਬਚਨ ਦੇ ਨਾਲ ਸੌਦਾ ਹੋ ਗਿਆ, ਦਿਲਾਂ ਦਾ ਵਟਾਅ ਹੋ ਗਿਆ। ਕੁਛ ਪੁੱਛਣ ਦੀ ਲੋੜ ਹੀ ਨਾ ਰਹੀ। ਦ੍ਰਿਸ਼ਟੀ ਜੋ ਪਈ ਪਿਆਰ ਦੀ, ਉਹਨੇ ਅੰਦਰ-ਏ-ਅੰਦਰ ਸਾਰਾ ਕੁਛ ਲਹਿਣਾ ਜੀ ਦਾ ਆਪਣਾ ਬਣਾ ਲਿਆ। ਉਸ ਵੇਲੇ ਮਹਾਰਾਜ ਬੜੇ ਹੀ ਪਿਆਰ ਦੇ ਵਿੱਚ ਆ ਕੇ ਆਪਣੇ ਮਨ ਨੂੰ ਕਹਿ ਰਹੇ ਨੇ, ਵਜਦ ਵਿਚ ਆ ਕੇ ਕਹਿਣ ਲੱਗੇ ਕਿ -

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥
ਅੰਗ - ੨੦

ਮਿਤਰਾ ਪਿਆਰਿਆ, ਹੁਣ ਸਮਾਂ ਆ ਗਿਆ ਹੈ - ਮਿਲਣ ਦਾ -

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥
ਅੰਗ - ੨੦

ਜਿੰਨਾਂ ਚਿਰ ਜੋਬਨ ਹੈ, ਜੁਆਨੀ ਹੈ, ਓਨਾਂ ਚਿਰ ਇਹ ਤਨ ਦਾ ਸੁਆਦ ਹੈ, ਇਹ ਦੇਹ ਤੇਰੇ ਕਹੇ ਵਿਚ ਚੱਲੇਗੀ - ਜਿੰਨਾਂ ਚਿਰ ਜੋਬਨ ਤੇ ਸੁਆਸ ਨੇ। ਏਥੇ ਬੁਢਾਪੇ ਦਾ ਜ਼ਿਕਰ ਨਹੀਂ ਕਰਿਆ ਕਿਉਂਕਿ ਬੁਢਾਪਾ ਰੋਗ ਹੋਇਆ ਕਰਦਾ ਹੈ -

ਜਬ ਲਗੁ ਜਰਾ ਰੋਗੁ ਨਹੀ ਆਇਆ॥ ਅੰਗ - ੧੧੫੯

ਤੇ ਜਿਹਨੇ ਮਿਲਣਾ ਹੈ, ਉਹ ਜੋਬਨ ਦੇ ਵਿਚ ਹੀ ਕੋਸ਼ਿਸ਼ ਕਰ ਲਵੇ ਤਾਂ ਵੱਡੇ-ਵੱਡੇ ਕੰਮ ਕਰ ਸਕਦਾ ਹੈ। ਇਰਾਦਾ ਮਜ਼ਬੂਤ ਹੁੰਦਾ ਹੈ। ਬੁਢਾਪੇ ਵਿੱਚ ਆ ਕੇ ਇਰਾਦਾ ਖਿੰਡ ਜਾਂਦਾ ਹੈ। ਬਹੁਤ ਸਾਰੀਆਂ ਦਿੱਕਤਾਂ ਆਉਂਦੀਆਂ ਨੇ, ਸਰੀਰ ਸਾਥ ਨਹੀਂ ਦਿੰਦਾ, ਕਿਸੇ ਦੇ ਗੋਡੇ ਦੁਖਦੇ ਨੇ, ਕਿਸੇ ਦਾ ਸਿਰ ਦੁਖਦਾ ਹੈ, ਕਿਸੇ ਤੋਂ ਉੱਠ ਨਹੀਂ ਹੁੰਦਾ, ਕਿਸੇ ਤੋਂ ਅੰਮ੍ਰਿਤ ਵੇਲੇ ਇਸ਼ਨਾਨ ਨਹੀਂ ਕਰ ਹੁੰਦਾ। ਇਹ ਮਨ ਜਿਹੜਾ ਹੈ, ਇਹ ਫੈਲ ਜਾਂਦਾ ਹੈ ਪੁੱਤਾਂ ਵਿਚ, ਪੋਤਰਿਆਂ ਵਿਚ, ਬਿਜਨਸ ਵਿਚ, ਘਾਟਿਆਂ ਵਿਚ, ਵਾਧਿਆਂ ਵਿਚ, ਸ਼ੰਕਿਆਂ ਵਿਚ, ਅੰਦੇਸ਼ਿਆਂ ਦੇ ਅੰਦਰ, ਆਸ਼ਾਵਾਂ ਦੇ ਅੰਦਰ - ਬਹੁਤ ਫੈਲ ਜਾਂਦਾ ਹੈ। ਸਾਰੀ ਜ਼ਿੰਦਗੀ ਦਾ ਫੈਲਾਇਆ ਹੋਇਆ ਮਨ ਬੁਢਾਪੇ ਵਿਚ ਆ ਕੇ ਬਹੁਤ ਦੁਖੀ ਕਰਦਾ ਹੈ, ਤੰਗ ਕਰਦਾ ਹੈ। ਇਹਨੂੰ ਸੰਕੋਚਣਾ ਬਹੁਤ ਵੱਡੇ ਸੂਰਮੇ ਦਾ ਕੰਮ ਹੈ; ਮਾੜਾ ਮੋਟਾ ਇਹਨੂੰ ਸੰਕੋਚ ਨਹੀਂ ਸਕਦਾ, ਫੈਸਲਾ ਨਹੀਂ ਕਰ ਸਕਦਾ। ਅੰਦਰ ਐਨਾ ਕੂੜ-ਕਬਾੜ ਭਰਿਆ ਹੁੰਦਾ ਹੈ ਕਿ ਉਹਨੂੰ ਕੱਢ ਕੇ ਬਾਹਰ ਨਹੀਂ ਸੁੱਟ ਸਕਦਾ। ਗੁਰੂ ਦੇ ਸ਼ਬਦ ਨੂੰ ਥਾਂ ਨਹੀਂ ਦੇ ਸਕਦਾ ਕਿਉਂਕਿ ਬਹੁਤ ਧਾਰਨਾਵਾਂ ਪੈ ਚੁੱਕੀਆਂ ਨੇ।

ਜਿਵੇਂ ਖੂਹ ਹੁੰਦਾ ਹੈ; ਉਹਦੇ ਵਿਚੋਂ ਲੱਜ ਦੇ ਨਾਲ ਅਸੀਂ ਪਾਣੀ ਕੱਢਦੇ ਹਾਂ। ਪੁਰਾਣਿਆਂ ਜ਼ਮਾਨਿਆਂ ਦੇ ਅੰਦਰ ਖੂਹਾਂ ਵਿਚੋਂ ਡੋਲ ਦੇ ਨਾਲ ਪਾਣੀ ਕੱਢਿਆ ਕਰਦੇ ਸੀ ਤੇ ਉਹ ਲੱਜਾਂ ਲੱਗ ਲੱਗ ਕੇ ਮੌਣ ਦੇ ਨਾਲ ਘਾਸੇ ਪਾ ਲੈਂਦੀਆਂ ਸਨ ਤੇ ਜੇ ਲੱਜ ਨੂੰ ਬਾਹਰ ਰੱਖਣ ਦਾ ਯਤਨ ਕਰੋ ਤਾਂ ਇਕ ਦਮ ਉਹਦੇ ਵਿਚ ਗਿਰ ਜਾਂਦੀ ਹੈ। ਇਸ ਤਰ੍ਹਾਂ ਦੇ ਨਾਲ ਜਦ ਉਮਰ ਕੱਟ ਕੇ ਆਦਮੀ ਬੁਢਾਪੇ ਦੇ ਵਿਚ ਦਾਖਲ ਹੁੰਦਾ ਹੈ, ਉਸ ਵੇਲੇ ਬਚਪਨ ਤੇ ਜੁਆਨੀ ਨੂੰ ਇਹ ਅਵਸਥਾ ਖਾ ਜਾਇਆ ਕਰਦੀ ਹੈ; ਨਾ-ਨਿਸ਼ਾਨ ਨਹੀਂ ਰਹਿਣ ਦਿੰਦੀ। ਪਛਤਾਵਾ ਮਨ ਵਿਚ ਰਹਿ ਜਾਂਦਾ ਹੈ। ਜਵਾਨਾਂ ਨੂੰ ਦੇਖਦਾ ਹੈ, ਸੁੰਦਰ ਬੰਦਿਆਂ ਨੂੰ ਦੇਖਦਾ ਹੈ, ਜੋਬਨਵੰਤਾਂ ਨੂੰ ਦੇਖਦਾ ਹੈ, ਹੌਕਾ ਲੈਂਦਾ ਹੈ - ਕਦੇ ਮੈਂ ਵੀ ਐਹੋ ਜਿਹਾ ਸੀ, ਮੈਂ ਵੀ ਇਸੇ ਤਰ੍ਹਾਂ ਛਾਲਾਂ ਮਾਰਦਾ ਸੀ, ਐਂ ਉਡਾਰੀਆਂ ਲੈਂਦਾ ਸੀ, ਮੇਰੇ ਵੀ ਬੜੇ ਬੜੇ ਇਰਾਦੇ ਸਨ। ਆਪਣੇ ਸਰੀਰ ਵੱਲ ਦੇਖਦਾ ਹੈ - ਸਾਥ ਨਹੀਂ ਦਿੰਦਾ, ਝੁਰੜੀਆਂ ਪੈ ਗਈਆਂ। ਉਤਸ਼ਾਹ ਉਹੀ ਹੈ ਮਨ ਦੇ ਅੰਦਰ ਪਰ ਸਰੀਰ ਸਾਥ ਨਹੀਂ ਦੇ ਰਿਹਾ ਤੇ ਖਿੰਡਿਆ ਹੋਇਆ ਐਸਾ ਜ਼ਬਰਦਸਤ ਹੈ ਕਿ ਭਜਨ ਕਰਨ ਲਗਦਾ ਹੈ - ਭਜਨ ਕਿਸੇ ਪਾਸੇ ਰਹਿ ਗਿਆ, ਜ਼ਿੰਦਗੀ ਭਰ ਦੀਆਂ ਯਾਦਾਂ, ਜ਼ਿੰਦਗੀ ਭਰ ਦੇ ਜੋ ਤਜਰਬੇ ਨੇ, ਉਹ ਸਾਮ੍ਹਣੇ ਆ ਜਾਂਦੇ ਨੇ। ਨਹੀਂ ਨਿਕਲਣ ਦਿੰਦੇ, ਜਿਲ੍ਹਣ 'ਚ ਫਸ ਜਾਂਦਾ ਹੈ ਮਨ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ, "ਪੁਰਖਾ! ਤੂੰ ਜਵਾਨ ਹੈਂ, ਇਹ ਵੇਲਾ ਮਿਲਣ ਦਾ ਹੈ ਜਿਹੜੇ ਵੇਲੇ ਤੂੰ ਆਇਆ ਹੈਂ। 'ਜਬ ਲਗੁ ਸਾਸੁ ਹੈ ਤਬਲਗੁ ਇਹੁ ਤਨੁ ਦੇ॥' ਜਿੰਨਾਂ ਚਿਰ ਜੋਬਨ ਹੈ, ਇਹ ਦੇਹ ਤੇ ਤਨ ਤੇਰਾ ਸਾਥ ਦੇਣਗੇ; ਜੇ ਬੁਢਾਪਾ ਆ ਗਿਆ, ਫੇਰ ਇਹ ਤਨ ਨੇ ਸਾਥ ਨਹੀਂ ਦੇਣਾ। ਸੋ ਹੁਣ ਵੇਲਾ ਹੈ।

ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥
ਅੰਗ - ੨੦

ਜੇ ਇਹਦੇ ਵਿਚ ਪ੍ਰਮੇਸ਼ਰ ਦਾ ਗੁਣ ਪੈਸਾ ਨਾ ਹੋਇਆ, ਵਾਹਿਗੁਰੂ ਇਹਦੇ ਵਿਚ ਪ੍ਰਗਟ ਨਾ ਹੋਇਆ ਤਾਂ ਇਹ ਢੇਰੀ ਬਣ ਜਾਣੀ ਹੈਂ, ਖੇਹ ਬਣ ਜਾਣੀ ਹੈ।

ਮੇਰੇ ਮਨ ਲੈ ਲਾਹਾ ਘਰਿ ਜਾਹਿ॥ ਅੰਗ - ੨੦

ਐ ਮੇਰੇ ਪਿਆਰੇ ਭਾਈ - ਉਸ ਵੇਲੇ ਤਕੀਆ ਕਲਾਮ ਹੋਇਆ ਕਰਦਾ ਸੀ। ਕਿਸੇ ਸ੍ਰੇਸ਼ਟ ਪੁਰਸ਼ ਦੇ ਨਾਲ ਜੇ ਮਿਲਣਾ ਹੋਵੇ, ਜਿਹਦਾ ਆਦਰ ਦਿਲ ਵਿਚ ਹੋਵੇ, ਉਸ ਵੇਲੇ ਆਮ ਬੰਦੇ ਵੀ 'ਮੇਰੇ ਰਾਮ' ਕਹਿ ਕੇ ਬੁਲਾਇਆ ਕਰਦੇ ਸੀ - 'ਮੇਰੇ ਰਾਮ ਜੀ, ਆਹ ਬਾਤ ਹੈ।' ਸੋ ਆਪ ਫੁਰਮਾਉਂਦੇ ਨੇ ਕਿ -

ਮੇਰੇ ਮਨ ਲੈ ਲਾਹਾ ਘਰਿ ਜਾਹਿ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥
ਅੰਗ - ੨੦

ਗੁਰਮੁਖ ਦੇ ਰਾਹੀਂ ਨਾਮ ਦੀ ਪ੍ਰਾਪਤੀ ਕਰਕੇ ਤੂੰ ਉਸ ਪ੍ਰਮੇਸ਼ਰ ਨੂੰ, ਜੋ ਪਰੀਪੂਰਨ ਹੈ, ਉਹਦੀ ਸਲਾਹੁਤਾ ਕਰ, ਜਸ ਕਰ। ਕਲਿਜੁਗ ਦੇ ਅੰਦਰ ਉਹਦਾ ਜਸ ਕਰਨਾ ਹੀ ਸਭ ਤੋਂ ਸ੍ਰੇਸ਼ਟ ਹੈ -

ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥ ਅੰਗ - ੧੦੭੫

ਨਤੀਜਾ ਕੀ ਹੋਏਗਾ? ਜਦ ਧਿਆਨ ਦੇ ਨਾਲ ਜਪੇਂਗਾ, ਗਾਏਂਗਾ, ਪਹਿਲਾਂ ਤਾਂ ਫਲ ਹੋਏਗਾ -

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥
ਅੰਗ - ੫੪੬

ਫੇਰ ਦੂਸਰਾ ਫਲ ਹੋਏਗਾ -

ਆਪਿ ਤਰੈ ਸਗਲੇ ਕੁਲ ਤਾਰੇ...........॥
ਅੰਗ - ੧੦੭੬

ਆਪ ਵੀ ਤਰ ਜਾਏਂਗਾ ਅਤੇ ਕੁਲਾਂ ਦਾ ਵੀ ਉਧਾਰ ਕਰ ਜਾਏਂਗਾ।

..........ਹਰਿ ਦਰਗਹ ਪਤਿ ਸਿਉ ਜਾਇਦਾ॥
ਅੰਗ - ੧੦੭੬

ਉਥੇ ਬੇਇਜ਼ਤ ਹੋ ਕੇ ਨਹੀਂ ਜਾਏਂਗਾ। ਜਦ ਦਰਗਾਹ ਵਿਚ ਜਾਏਂਗਾ, ਉਸ ਵੇਲੇ -

ਧੰਨਿ ਧੰਨਿ ਕਹੈ ਸਭੁ ਕੋਇ॥
ਮੁਖ ਊਜਲ ਹਰਿ ਦਰਗਹ ਸੋਇ॥ ਅੰਗ - ੨੮੩

ਹਰ ਥਾਂ ਦੇ ਉਤੇ 'ਧੰਨ ਧੰਨ' ਹੋਏਗੀ, ਮੁਖ ਉਜਲਾ ਹੋਏਗਾ, ਮਾਤਾ ਨੂੰ ਅਸੀਸਾਂ ਦੇਣਗੇ - ਧੰਨ ਹੈ ਮਾਂ, ਜਿਸਨੇ ਐਸਾ ਪੁੱਤਰ ਪੈਦਾ ਕਰਿਆ ਹੈ। ਤੂੰ ਧੰਨ ਹੈਂ ਜਿਸ ਨੇ ਸੰਸਾਰ ਦਾ ਉਧਾਰ ਕਰ ਦਿਤਾ, ਕੁਲਾਂ ਦਾ ਉਧਾਰ ਕਰ ਦਿਤਾ। ਸੋ ਹਉਮੈ ਦੀ ਜਿਹੜੀ ਅੱਗ ਲੱਗੀ ਹੋਈ ਹੈ, ਕਹਿੰਦੇ, ਇਹ ਖਤਮ ਹੋ ਜਾਂਦੀ ਹੈ - ਗੁਰਮੁਖ ਦੇ ਰਾਹੀਂ ਨਾਮ ਸਲਾਹੁਣ ਨਾਲ।

ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰ॥
ਅੰਗ - ੨੦

ਪਰ ਮਹਾਰਾਜ ਨੇ ਇਕ ਵਾਰਨਿੰਗ ਦਿੱਤੀ ਹੈ ਕਿ ਸੁਣ ਸੁਣ ਕੇ ਆਦਮੀ ਇਰਾਦੇ ਬਣਾਈ ਜਾਂਦਾ ਹੈ, ਕਿਤਾਬਾਂ ਪੜ੍ਹ-ਪੜ੍ਹ ਬੁੱਝਣਾ ਚਾਹੁੰਦਾ ਹੈ, ਲੇਕਿਨ ਇਹ ਇਸ ਤਰ੍ਹਾਂ ਨਹੀਂ ਹੁੰਦਾ। ਜਦ ਤਕ ਅਨੁਭਵ ਨਹੀਂ ਪ੍ਰਾਪਤ ਹੁੰਦਾ, ਅਭਿਆਸ ਨਹੀਂ ਕਰਦਾ, ਤਤਿਕਸ਼ਾ ਨਹੀਂ ਕਰਦਾ, ਬਾਣੀ ਦੀ ਵਿਚਾਰ ਨਹੀਂ ਕਰਦਾ, ਓਨਾਂ ਚਿਰ -

ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥
ਅੰਗ - ੨੦

ਸੁਣ ਤਾਂ ਲਿਆ ਤੇ ਪੜ੍ਹ ਵੀ ਲਿਆ ਕਿ ਇਹ ਸਾਰੇ ਆਤਮਾ ਹੀ ਹੈ; ਮੈਂ ਵੀ ਆਤਮਾ ਹਾਂ, ਮੈਂ ਸਰੀਰ ਨਹੀਂ ਹਾਂ, ਮੈਂ ਸਰੀਰ ਦੇ ਅੰਦਰ 'ਸੂਖਸ਼ਮ ਸਰੀਰ ਨਹੀਂ ਹਾਂ, ਮੈਂ ਉਹਦੇ ਅੰਦਰ 'ਕਾਰਨ ਸਰੀਰ' ਨਹੀਂ ਹਾਂ। ਮੈਂ ਤਾਂ ਇਨ੍ਹਾਂ ਤਿੰਨਾਂ ਤੋਂ ਪਰ੍ਹੇ 'ਆਤਮ ਸਰੂਪ' ਹਾਂ। ਪਰ ਕਹਿੰਦੇ, ਗੰਢਣ ਗੰਢਦਾ ਹੈ ਦਿਮਾਗੀ ਤੌਰ ਤੇ, ਅਸਲੀ ਨਹੀਂ ਇਹਨੂੰ ਪਤਾ ਲਗਦਾ, ਉਨਮਨ ਦੇ ਦੇਸ ਵਿਚ ਪਹੁੰਚ ਨਹੀਂ ਸਕਦਾ। ਤ੍ਰਿਸ਼ਨਾ ਦੀ ਅੱਗ ਵਿੱਚ ਦਿਨ ਰਾਤ ਜਲਦਾ ਰਹਿੰਦਾ ਹੈ। ਹਉਮੈ ਨੇ ਬੇਅੰਤ ਰੋਗ ਤੇ ਵਿਕਾਰ ਇਹਦੇ ਵਿਚ ਪੈਦਾ ਕਰ ਦਿੱਤੇ -

ਓਹੁ ਵੇਪਰਵਾਹੁ ਅਤੋਲਵਾ
ਗੁਰਮਤਿ ਕੀਮਤਿ ਸਾਰੁ ॥ ੨ ॥
ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ
ਬਿਨੁ ਨਾਵੈ ਦੂਖ ਸੰਤਾਪੁ ॥ ਅੰਗ - ੨੦

ਲੱਖਾਂ ਹੀ ਸਿਆਣਪਾਂ, ਲੱਖਾਂ ਹੀ ਮੰਤਕਾਂ, ਲੱਖਾਂ ਹੀ ਫਿਲਾਸਫੀਆਂ; ਮਹਾਰਾਜ ਕਹਿੰਦੇ, ਇਹ ਕਿਸੇ ਕੰਮ ਨਹੀਂ ਆਉਂਦੀਆਂ ਪ੍ਰੇਮੀਆਂ! ਇਹ ਤਾਂ ਜਿੰਨੀ ਦੇਰ ਤੱਕ ਤੇਰੇ ਅੰਦਰ ਨਾਮ ਨਹੀਂ ਪ੍ਰਗਟ ਹੁੰਦਾ, ਦੁੱਖ ਤੇ ਸੰਤਾਪ ਖਤਮ ਨਹੀਂ ਹੋਣਗੇ। ਸੋ ਸਾਧੂ ਦੀ ਸੰਗਤ ਵਿਚ ਜਾਹ, ਅਨੁਭਵੀ ਪੁਰਸ਼ਾਂ (realised souls) ਦੀ ਸੰਗਤ ਕਰ, ਗੁਰਮੁਖ ਪਿਆਰੇ ਦੀ ਸੰਗਤ ਕਰ, ਉਹਦੇ ਬਗੈਰ ਨਹੀਂ ਇਹ ਚੀਜ਼ਾਂ ਦੂਰ ਹੋਣਗੀਆ -

ਬਿਨੁ ਸੰਗਤਿ ਸਾਧ ਨ ਧ੍ਰਾਪੀਆ
ਬਿਨੁ ਨਾਵੈ ਦੂਖ ਸੰਤਾਪੁ ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥
ਅੰਗ - ੨੦

ਜਦ ਗੁਰਮੁਖ ਦੇ ਰਾਹੀਂ ਅਸੀਂ ਆਪਣਾ ਆਪ ਚੀਨਾਂਗੇ - ਚੀਨਣਾ ਕਹਿੰਦੇ ਨੇ ਖੋਜਣਾ - ਪੜਤਾਲ ਕਰਾਂਗੇ - ਹੁਣ ਦੁਨੀਆਂ ਦੀ ਤਾਂ ਅਸੀਂ ਪੜਤਾਲ ਕਰਦੇ ਹਾਂ, ਖੋਜ ਕਰਦੇ ਹਾਂ ਕਿ ਇਹ ਬੰਦਾ ਫਲਾਣਾ ਆਇਆ ਹੈ, ਫਲਾਣੇ ਥਾਂ ਰਹਿੰਦਾ ਹੈ, ਚੰਗਾ ਹੈ, ਮੰਦਾ ਹੈ, ਨਿੰਦਿਆ ਕਰਦਾ ਹੈ ਜਾਂ ਨਾਮ ਜਪਦਾ ਹੈ। ਲੇਕਿਨ ਆਪਣੀ ਪੜਚੋਲ ਨਹੀਂ ਅਸੀਂ ਕਰਦੇ। ਮਹਾਰਾਜ ਕਹਿੰਦੇ, ਆਪਣੀ ਪੜਚੋਲ ਗੁਰਮੁਖ ਦੇ ਰਾਹੀਂ ਮਿਲ ਕੇ ਕਰਨੀ ਪਊ।

ਸੋ ਇਸ ਤਰ੍ਹਾਂ ਦੇ ਨਾਲ ਕੁਛ ਸ਼ਰਤਾਂ ਨੇ। ਗੁਰੂ ਅੰਗਦ ਜੀ ਨੂੰ ਸਮਝਾਉਂਦੇ ਨੇ ਕਿ ਜੇ ਇਸ ਰਸਤੇ ਪੈਣਾ ਹੈ ਤਾਂ ਕੁਛ ਕੁਰਬਾਨੀ ਕਰਨੀ ਪੈਣੀ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਵੇਚ ਦੇ ਗੁਰਾਂ ਨੂੰ,
ਪਿਆਰੇ ਤਨ ਮਨ ਆਪਣਾ -੨

ਗੁਰੂ ਮਹਾਰਾਜ ਨੇ ਪ੍ਰਮੇਸ਼ਰ ਨੂੰ ਮਿਲਣ ਦੀ ਪਹਿਲੀ ਜੁਗਤੀ ਇਹ ਦੱਸੀ ਹੈ ਕਿ ਆਪਣਾ ਮਨ ਤੇ ਤਨ ਗੁਰੂ ਨੂੰ ਵੇਚ ਦੇ। ਜਿੰਨੀ ਦੇਰ ਤੱਕ ਤੂੰ ਤਨ ਤੇ ਮਨ ਨੂੰ ਆਪਣਾ ਸਮਝਦਾ ਹੈਂ, ਓਨੀਂ ਦੇਰ ਤੱਕ ਤੂੰ ਪ੍ਰਮੇਸ਼ਰ ਤਕ ਨਹੀਂ ਪਹੁੰਚ ਸਕਦਾ -

ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥
ਅੰਗ - ੨੦

ਸਿਰ ਵੀ ਦੇ ਦਿਤ, ਮਨ ਵੀ ਦੇ ਦਿਤਾ, ਤਨ ਵੀ ਦੇ ਦਿਤਾ। ਕਹਿੰਦੇ ਫੇਰ ਉਸ ਤੋਂ ਬਾਅਦ ਚੁੱਪ ਨਾ ਕਰ -

ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥
ਅੰਗ - ੨੦

ਗੁਰਮੁਖ ਰਾਹੀਂ ਤ੍ਰਿਭਵਣ ਦਾ ਵਾਸੀ, ਜੋ ਤਿੰਨਾਂ ਲੋਕਾਂ ਦਾ ਪਤੀ ਪ੍ਰਮੇਸ਼ਰ ਹੈ, ਉਹਦੀ ਖੋਜ ਕਰੀਂ।

ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥
ਅੰਗ - ੧੨੦

ਤੇ ਗੁਰੂ ਨੇ ਸਾਨੂੰ ਉਸ ਦਾ ਮੇਲ ਮਿਲਾ ਦਿਤਾ। ਲੇਕਿਨ ਇਹ ਗੱਲ ਸਭ ਤੋਂ ਔਖੀ ਹੈ। ਛੋਟੀ ਜਿਹੀ ਬਾਤ ਹੈ, ਨਿੱਕਾ ਜਿਹਾ ਸੂਤਰ ਹੈ - ਤਨ ਮਨ ਵੇਚਣ ਦਾ। ਅਸੀਂ ਕਹਿੰਦੇ ਹਾਂ, ਅਸੀਂ ਤਾਂ ਵੇਚਿਆ ਹੋਇਆ ਹੈ ਪਰ ਬਿਲਕੁਲ ਨਹੀਂ। ਤਨ ਤੇ ਮਨ ਗੁਰੂ ਦੇ ਹਵਾਲੇ ਕਰ ਦਿਤਾ ਪਰ ਵਰਤਾਂਗੇ ਮਹਾਰਾਜ ਅਸੀਂ। ਇਸ ਤਰ੍ਹਾਂ ਨਹੀਂ ਹੈ ਕਿ ਤੂੰ ਇਸਨੂੰ ਵਰਤ ਲਵੇਂ। ਕੋਈ ਗੱਲ

ਸਾਰੀ ਇੱਛਾ ਤੋਂ ਉਲਟ ਹੋ ਜਾਵੇ, ਨਾ-ਮੁਆਫਿਕ ਹੋ ਜਾਵੇ, ਉਹ ਸਾਨੂੰ ਚੰਗੀ ਨਹੀਂ ਲਗਦੀ। ਜੇ ਇਹ ਮਨ ਤੇ ਤਨ ਗੁਰੂ ਨੂੰ ਦੇ ਦਿਤਾ ਹੋਇਆ ਹੈ ਤਾਂ ਇਹ ਡਿਊਟੀ ਗੁਰੂ ਦੀ ਹੈ ਕਿ ਉਹਨੂੰ ਕੋਈ ਗੱਲ ਚੰਗੀ ਲੱਗੇ ਜਾਂ ਮਾੜੀ ਲੱਗੇ; ਇਹ ਵੀ ਗੁਰੂ ਦੀ ਜ਼ਿੰਮੇਵਾਰੀ ਹੈ ਕਿ ਇਸ ਤਨ ਨੂੰ ਕੋਈ ਘਾਟਾ ਪਿਆ ਕਿ ਵਾਧਾ ਹੋਇਆ; ਇਹਦਾ ਮਾਣ ਹੋਇਆ ਕਿ ਅਪਮਾਨ ਹੋਇਆ ਹੈ, ਇਹਦੀ ਉਸਤਤਿ ਹੋਈ ਕਿ ਨਿੰਦਿਆ ਹੋਈ ਜਦ ਤਕ ਇਨ੍ਹਾਂ ਚੀਜ਼ਾਂ ਦੇ ਅੰਦਰ ਹੈ -

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥
ਅੰਗ - ੭੫੭

ਓਨਾਂ ਚਿਰ ਦ੍ਵੈਤ ਨਹੀਂ ਇਹਦੀ ਖਤਮ ਹੋਇਆ ਕਰਦੀ। ਸੋ ਤਨ ਤੇ ਮਨ ਵੇਚਣਾ ਬਹੁਤ ਔਖਾ ਹੈ। ਧਨ ਦੇ ਸਕਦਾ ਹੈ ਆਦਮੀ, ਘਰ ਬਾਰ ਛੱਡ ਦਏਗਾ, ਕੋਈ ਬਾਤ ਨਹੀਂ, ਪਰ ਧਨ ਦੇਣ ਦੇ ਨਾਲ ਗੱਲ ਨਹੀਂ ਚਲਦੀ -

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ॥ ਅੰਗ - ੧੩੭੨

ਮਾਣ ਰਹਿੰਦਾ ਹੈ ਮਨ ਵਿਚ। ਮਾਇਆ ਤਾਂ ਛੱਡ ਦਿਤੀ, ਸਾਧੂ ਬਣ ਗਿਆ, ਘਰ ਛੱਡ ਦਿੱਤਾ, ਰਿਸ਼ਤੇਦਾਰ ਛੱਡ ਦਿਤੇ, ਸਭ ਕੁਛ ਛੱਡ ਦਿਤਾ। ਪਰ ਇਸਦੇ ਵਿਚ ਇਕ ਐਸੀ ਚੀਜ਼ ਚਿੰਬੜੀ ਹੋਈ ਹੈ ਜਿਸਨੂੰ ਮਨ ਕਹਿੰਦੇ ਨੇ। ਮਨ ਦੇ ਵਿਚ ਬੇਅੰਤ ਚੀਜ਼ਾਂ ਨੇ ਜਿਨ੍ਹਾਂ ਵਿਚੋਂ ਇਕ 'ਮਾਣ' ਹੈ। 'ਮਾਣ' ego ਨੂੰ ਕਹਿੰਦੇ ਨੇ। Ego ਦੇ ਨਾਲ ਉਹਦਾ ਸਾਰਾ ਪਰਿਵਾਰ ਰਹਿੰਦਾ ਹੈ; ਉਹ ਛੱਡਣਾ ਸਾਰਿਆਂ ਨਾਲੋਂ ਔਖਾ ਹੈ। ਉਹਦੇ ਵਿਚ ਹੀ ਸਾਰਾ ਸੰਸਾਰ ਗਲ ਗਿਆ -

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥
ਅੰਗ - ੧੩੭੨

ਸੋ ਇਹ ਔਖੀ ਬਾਤ ਹੈ। ਇਹ ਸਮਝਣ ਵਾਸਤੇ ਕਿਸੇ ਪੂਰਨ ਪੁਰਸ਼ ਦੀ ਮਿਸਾਲ ਦੀ ਲੋੜ ਹੈ।

ਤ੍ਰੇਤੇ ਜੁਗ ਦੇ ਅੰਦਰ ਰਾਜਾ ਜਨਕ ਹੋਇਆ - ਉਸਨੇ ਸਾਰੇ ਭਾਰਤ ਵਰਸ਼ ਵਿਚੋਂ, ਦੂਰ-ਦਰਾਜ਼ ਤੋਂ ਬੜੇ-ਬੜੇ ਵਿਦਵਾਨ ਬੁਲਾ ਲਏ ਤੇ ਉਨ੍ਹਾਂ ਨੂੰ ਇਹ ਗੱਲ ਆਖੀ ਕਿ ਮੈਂ ਗੁਰੂ ਧਾਰਨ ਕਰਨਾ ਹੈ ਤੇ ਐਸ ਵੇਲੇ ਤ੍ਰੇਤਾ ਜੁਗ ਦੇ ਅੰਦਰ ਐਸੇ ਮਹਾਂਪੁਰਸ਼ ਨੇ ਜਿਹੜੇ ਕਿ ਅਜਿਹਾ ਬ੍ਰਹਿਮੰਡ ਹੋਰ ਰਚ ਸਕਦੇ ਨੇ; ਐਨੀਆਂ ਸ਼ਕਤੀਆਂ ਵਾਲੇ ਨੇ - ਵਿਸ਼ਵਾਮਿੱਤਰ ਵਰਗੇ, ਹੋਰ ਅਨੇਕਾਂ ਤੇ ਮੈਂ ਗੁਰੂ ਧਾਰਨ ਕਰਨਾ ਹੈ, ਮੈਂ ਉਹਦੇ ਨਾਲ ਸੌਦਾ ਕਰਨਾ ਹੈ - ਗੁਰੂ ਨਾਲ। ਉਹ ਇਹ ਹੈ ਕਿ ਮੈਂ ਘੋੜੇ ਦੀ ਰਕਾਬ 'ਚ ਪੈਰ ਪਾਵਾਂਗਾ, ਉਸ ਤੋਂ ਬਾਅਦ ਜਿੰਨਾਂ ਟਾਈਮ ਘੋੜੇ ਦੇ ਉਪਰ ਦੀ ਲੱਤ ਲੰਘਾ ਕੇ ਦੂਸਰੀ ਰਕਾਬ ਵਿਚ ਪਾਉਣ ਵਿੱਚ ਲਗਦਾ ਹੈ (ਵੱਧ ਤੋਂ ਵੱਧ ਮਿੰਟ ਦਾ ਕੋਈ ਦਸਵਾਂ ਹਿੱਸਾ ਲਗਦਾ ਹੈ) ਜਿਹੜਾ ਐਨੇ ਚਿਰ ਵਿਚ ਮੈਨੂੰ ਗਿਆਨ ਕਰਾ ਦੇਵੇ, ਉਹਨੂੰ ਮੈਂ ਗੁਰੂ ਧਾਰਨ ਕਰ ਲਵਾਂਗਾ। ਸਾਰੇ ਹੈਰਾਨ ਨੇ ਕਿ ਗਿਆਨ ਤਾਂ ਕੋਈ ਸੁਖਾਲੀ ਚੀਜ਼ ਨਹੀਂ ਹੈ -

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥
ਅੰਗ - ੪੬੫

ਇਹ ਤਾਂ ਇਕ ਜਨਮ ਵਿਚ ਨਹੀਂ ਆਉਂਦਾ, ਦਸ-ਦਸ ਜਨਮ, ਵੀਹ-ਵੀਹ ਜਨਮ ਲਗ ਜਾਂਦੇ ਨੇ - ਗਿਆਨ ਦੀ ਪ੍ਰਾਪਤੀ ਵਾਸਤੇ। ਇਹ ਕੋਈ ਸ਼ਬਦ ਤਾਂ ਨਹੀਂ ਕਿ ਕਹਿ ਦਿਤਾ ਤੇ ਪਤਾ ਲਗ ਗਿਆ। ਇਹ ਤਾਂ ਅਨੁਭਵ ਹੈ - ਅੰਦਰ ਦਾ; ਅੰਦਰ ਉਹ ਜੋਤਿ ਪ੍ਰਗਟ ਕਰਾਉਣੀ ਹੈ ਜਿਹਨੂੰ ਪ੍ਰਮੇਸ਼ਰ ਕਹਿੰਦੇ ਨੇ। ਫੇਰ ਜਾ ਕੇ ਗਿਆਨ ਹੁੰਦਾ ਹੈ। ਜਿੰਨਾਂ ਚਿਰ ਭਰਮ ਨੇ, ਓਨੀ ਦੇਰ ਗਿਆਨ ਹੁੰਦਾ ਹੀ ਨਹੀਂ; ਅਗਿਆਨ ਰਹਿੰਦਾ ਹੈ।

ਸੋ ਉਸ ਵੇਲੇ ਸਾਰੇ ਚੁੱਪ ਕਰ ਗਏ। ਚੰਦਨ ਦੀ ਚੌਕੀ ਰੱਖੀ ਹੋਈ ਹੈ। ਉਸਨੇ ਦੁਬਾਰਾ ਐਲਾਨ ਕਰਿਆ ਕਿ ਮਹਾਂਪੁਰਸ਼ੋ! ਕੀ ਭਾਰਤ-ਵਰਸ਼ ਦੇ ਅੰਦਰ ਸਮਰਥ ਪੁਰਸ਼ਾਂ ਦੀ ਘਾਟ ਹੋ ਗਈ? ਕੋਈ ਨਹੀਂ ਆ ਕੇ ਬੈਠ ਰਿਹਾ - ਚੌਕੀ ਦੇ ਉਪਰ। ਸਭ ਚੁੱਪ ਕਰੀ ਬੈਠੇ ਨੇ, ਕੋਈ ਨਹੀਂ ਦੇਖ ਰਿਹਾ - ਰਾਜੇ ਵੱਲ। ਦੇਖਦੇ-ਦੇਖਦੇ ਇਕ ਬੱਚਾ ਜਿਸ ਦੇ ਸਰੀਰ ਵਿਚ ਅੱਠ ਵਲ ਨੇ, ਉਹ ਸਾਮ੍ਹਣੇ ਪਉੜੀਆਂ ਚੜ੍ਹ ਕੇ, ਜਿੱਥੇ ਸਿੰਘਾਸਣ ਸੀ, ਉਹਦੇ ਵੱਲ ਨੂੰ ਚਲਿਆ ਜਾ ਰਿਹਾ ਹੈ। ਸਾਰਿਆਂ ਨੇ ਦੇਖਿਆ ਕਿ ਬੱਚੇ ਦੇ ਸਰੀਰ ਦੇ ਵਿੱਚ ਅੱਠ ਵਲ ਪੈਂਦੇ ਨੇ - ਝਾਕਦਾ ਕਿਧਰੇ ਨੂੰ ਹੈ, ਦੇਖ ਕਿਧਰੇ ਨੂੰ ਹੁੰਦਾ ਹੈ, ਅੱਖਾਂ ਕਿਧਰੇ ਪਾਸੇ ਨੇ, ਮੂੰਹ ਦਾ ਰੁਖ ਹੋਰ ਪਾਸੇ ਹੈ, ਸਰੀਰ ਦਾ ਕਿਸੇ ਹੋਰ ਪਾਸੇ ਹੈ, ਪੈਰ ਕਿਸੇ ਪਾਸੇ ਧਰਨਾ ਚਾਹੁੰਦਾ ਹੈ ਪਰ ਰੱਖ ਕਿਸੇ ਹੋਰ ਥਾਂ ਹੁੰਦਾ ਹੈ। ਇਉਂ ਅੱਠ ਵਲਾਂ ਵਾਲਾ ਬੱਚਾ ਉਠਿਆ - ਛੋਟੀ ਉਮਰ ਦਾ, ਤੇ ਸਾਰਿਆਂ ਨੇ ਇਹ ਸਮਝਿਆ ਕਿ ਇਸ ਬੱਚੇ ਨੇ ਗੱਲ ਨਹੀਂ ਸਮਝੀ; ਐਵੇਂ ਗੁਰੂ ਬਣਨ ਦਾ ਇਹਦੇ ਮਨ ਵਿਚ ਚਾਅ ਪੈਦਾ ਹੋ ਗਿਆ ਹੈ। ਉਹ ਇਸ ਗੱਲ ਨੂੰ ਦੇਖ ਕੇ, ਸਰੀਰ ਨੂੰ ਦੇਖ ਕੇ, ਛੋਟੀ ਉਮਰ ਨੂੰ ਦੇਖ ਕੇ ਜ਼ੋਰ-ਜ਼ੋਰ ਦੀ ਹੱਸਣ ਲੱਗ ਗਏ - ਤਾੜੀ ਮਾਰ ਕੇ।

ਉਸ ਵੇਲੇ ਬੱਚਾ ਸਾਰਿਆਂ ਮਹਾਂਪੁਰਸ਼ਾਂ ਵੱਲ ਦੇਖ ਕੇ ਉਹ ਵੀ ਹੱਸਣ ਲਗ ਪਿਆ - ਬਣਾਉਟੀ ਹਾਸਾ। ਰਾਜਾ ਕਹਿੰਦਾ ਹੈ, ਹੁਣ ਕੀ ਹੁਕਮ ਹੈ? ਬੱਚਾ ਕਹਿੰਦਾ, ਹੁਕਮ ਮੰਨ; ਜੋ ਗੁਰੂ ਕਹਿੰਦਾ ਹੈ। ਗੁਰੂ ਕਹਿੰਦਾ ਹੈ ਕਿ ਇਹ ਸਾਰਾ ਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਹੈ; ਮੰਨ ਲੈ ਇਹਨੂੰ। ਪਹਿਲਾਂ ਤਾਂ ਸੁਣ ਲਿਆ। ਸੁਣਨ ਨਾਲ ਕੀ ਹੋਏਗਾ? ਚਾਰ ਪੌੜੀਆਂ ਨੇ ਸੁਣਨ ਦੀਆਂ। ਜੇ ਸੱਚਮੁੱਚ ਇਸ ਤਰ੍ਹਾਂ ਹੀ ਕਰ ਲਏ ਤਾਂ ਹੁਣੇ ਹੀ ਨਤੀਜਾ ਨਿਕਲ ਆਏਗਾ - ਏਥੇ ਬੈਠੇ ਹੀ। ਕਹਿੰਦੇ, ਉਹ ਪੌੜੀਆਂ ਇਸ ਤਰ੍ਹਾਂ ਹਨ -

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨

ਇਹ ਅਵਸਥਾ ਉਸੇ ਵੇਲੇ ਪ੍ਰਾਪਤ ਹੋ ਜਾਏਗੀ - ਗੁਰੂ ਦਾ ਸ਼ਬਦ ਸੁਣਦੇ ਸਾਰ। ਜੇ ਇਹਨੂੰ ਮੰਨ ਲਿਆ ਫੇਰ -

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥ ਅੰਗ - ੩

ਉਹਦੇ ਬਾਅਦ ਗੁਰੂ ਕਹਿੰਦਾ ਹੈ, ਹੁਣ ਤੂੰ ਅਭਿਆਸ ਕਰ। ਦੋ ਪਉੜੀਆਂ ਤਾਂ ਚੜ੍ਹ ਗਿਆ, ਹੁਣ ਅਭਿਆਸ ਕਰ; ਅਭਿਆਸ ਕਰਕੇ ਅੰਦਰੋਂ ਖੋਜ - ਪ੍ਰਮੇਸ਼ਰ ਨੂੰ। ਉਹਦੇ ਬਾਅਦ ਜਦ ਅਸੀਂ ਹੁਕਮ ਮੰਨ ਲਿਆ; ਦੂਜੀ ਸ਼ਰਤ ਅਸੀਂ ਪੂਰੀ ਕਰ ਲਈ। ਪਹਿਲੀ ਸ਼ਰਤ ਸੀ -

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ...............॥

ਅੰਗ - ੯੧੮

ਸੌਂਪ ਦਿਤਾ ਸਰੀਰ, ਫੇਰ ਕਹਿੰਦੇ - 'ਹੁਕਮ ਮੰਨਿਐ' ਹੁਕਮ ਮੰਨ ਸਾਡਾ। ਫੇਰ ਕੀ ਹੋਏਗਾ? ਕਹਿੰਦੇ, ਚੌਥੀ ਅਵਸਥਾ ਪ੍ਰਾਪਤ ਹੋ ਜਾਏਗੀ; ਉਹ ਹੈ - 'ਪਾਈਐ'। ਤੇਰੇ ਅੰਦਰ ਹੀ ਰਾਮ ਪ੍ਰਗਟ ਹੋ ਜਾਏਗਾ।

ਸੋ ਰਾਜਾ ਜਨਕ ਸਮਝਦਾਰ ਸੀ। ਉਹ ਇਸ ਤਰ੍ਹਾਂ ਨਹੀਂ ਸੀ - ਸਾਡੇ ਵਾਂਗਣ। ਸਾਮ੍ਹਣੇ ਖੜ੍ਹਾ ਹੈ - ਪ੍ਰੀਖਿਆ ਲਈ, ਸਾਰੇ ਸਾਧੂ ਮਹਾਤਮਾ ਦੇਖ ਰਹੇ ਨੇ ਕਿ ਹੁਣ ਇਹ ਕੀ ਕਰੂਗਾ। ਮਨ ਤਾਂ ਇਹ ਦੇ ਚੁਕਿਆ ਹੈ ਤੇ ਜੁਗਤਿ ਵੀ ਦੇਖ ਰਹੇ ਨੇ ਕਿ ਕਿੱਡੀ ਬੜੀ ਇਹ ਜੁਗਤਿ ਲਿਆਂਦੀ - ਅਸ਼ਟਾਵਕਰ ਨੇ; ਸਾਡੇ ਤਾਂ ਦਿਮਾਗ ਵਿਚ ਏ ਨਹੀਂ ਆ ਸਕੀ। ਸਾਨੂੰ ਇਹ ਸੀ ਕਿ ਪਹਿਲਾਂ ਕਰਮ ਕਰਾਓ, ਫੇਰ ਉਪਾਸ਼ਨਾ ਕਰਾਓ, ਫੇਰ ਗਿਆਨ, ਫੇਰ ਵਿਗਿਆਨ - ਇਹਦਾ ਅਭਿਆਸ ਕਰਾਓ। ਇਹ ਤਾਂ ਇਹਨੇ ਇਕ ਗੱਲ ਕਰਕੇ ਹੀ ਬੰਨ੍ਹ ਦਿਤਾ, ਪੈਰ ਰਕਾਬ ਵਿਚ ਪਾ ਹੀ ਨਹੀਂ ਸਕਦਾ।

ਸੋ ਉਥੇ ਚੁੱਪ ਕਰਿਆ ਖੜ੍ਹਾ ਹੈ - ਬੁੱਤ ਬਣਿਆ। ਹੁਣ ਫੁਰਨਾ ਨਹੀਂ ਆਉਣ ਦਿੰਦਾ; ਆਉਂਦਾ ਹੈ ਰੋਕ ਦਿੰਦਾ ਹੈ, ਆਉਂਦਾ ਹੈ ਰੋਕ ਦਿੰਦਾ ਹੈ। ਵਿਚਾਰ ਕਰਦਾ ਹੈ ਕਿ ਇਹ ਮਨ ਤਾਂ ਮੈਂ ਗੁਰੂ ਨੂੰ ਦੇ ਦਿੱਤਾ, ਹੁਣ ਫੁਰਨਾ ਕਿਉਂ ਆਉਂਦਾ ਹੈ ਮੇਰੇ ਮਨ ਵਿਚ! ਖਾਮੋਸ਼ੀ ਵਿਚ ਆ ਗਿਆ ਜਿਹਨੂੰ 'ਅਫੁਰ ਅਵਸਥਾ' ਕਹਿੰਦੇ ਨੇ; 'ਸੁੰਨ ਮੰਡਲ' ਵਿਚ ਪਹੁੰਚ ਗਿਆ। ਸੁੰਨ ਮੰਡਲ ਕੋਈ ਸੁੰਨ ਨਹੀਂ ਹੁੰਦੀ; ਜਾਗ੍ਰਤ ਅਵਸਥਾ ਹੁੰਦੀ ਹੈ ਲੇਕਿਨ ਉਥੇ ਫੁਰਨਾ ਨਹੀਂ ਹੁੰਦਾ, ਅਫੁਰ ਅਵਸਥਾ ਹੁੰਦੀ ਹੈ - ਅਨਹਤ ਸੁੰਨ। ਅੱਧਾ ਘੰਟਾ ਹੋ ਗਿਆ ਖੜ੍ਹੇ ਨੂੰ।

ਐਨੇ ਚਿਰ 'ਚ ਇਕ ਬ੍ਰਾਹਮਣ ਆ ਗਿਆ। ਉਹਨੇ ਆ ਕੇ ਫਰਿਆਦ ਕੀਤੀ ਰਾਜਨ! ਡਾਕੂਆਂ ਨੇ ਮੇਰੇ ਲੜਕੇ ਦੀ ਬਰਾਤ ਲੁੱਟ ਲਈ, ਬੜਾ ਨੁਕਸਾਨ ਹੋ ਗਿਆ, ਜਲਦੀ ਕਰੋ, ਮੈਂ ਗਰੀਬ ਆਦਮੀ ਹਾਂ। ਪੰਦਰਾਂ ਮਿੰਟ ਬੇਨਤੀਆਂ ਕਰੀ ਗਿਆ। ਰਾਜਾ ਟੱਸ ਤੇ ਮੱਸ ਨਾ ਹੋਇਆ, ਨਾ ਕੋਈ ਫੁਰਨਾ ਆਉਣ ਦਿਤਾ। ਉਸ ਦੇ ਬਾਅਦ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਉਹਨੇ, ਤੇ ਕਹਿੰਦੇ, ਐਡਾ ਨਿਰਦਈ ਰਾਜਾ! ਤੂੰ ਮੇਰੀ ਬਾਤ ਕਿਉਂ ਨਹੀਂ ਸੁਣਦਾ? ਕਿਉਂ ਤੂੰ ਪੱਥਰ ਬਣਿਆ ਖੜ੍ਹਾ ਹੈਂ? ਉਹ ਫੇਰ ਟੱਸ ਤੇ ਮੱਸ ਨਾ ਹੋਇਆ। ਇਕ ਘੰਟਾ ਹੋ ਗਿਆ।

ਇਕ ਘੰਟਾ ਜੇ ਫੁਰਨਾ ਨਾ ਆਵੇ, ਸਾਧ ਸੰਗਤਿ ਜੀ, ਇਹ 'ਨਿਰਵਿਕਲਪ ਸਮਾਧ' ਹੋਇਆ ਕਰਦੀ ਹੈ, ਐਥੇ (ਤ੍ਰਿਕੁਟੀ ਵੱਲ ਇਸ਼ਾਰਾ ਕਰਕੇ) ਇਕ ਦਮ ਚੜ੍ਹ ਜਾਂਦਾ ਹੈ ਜੇ ਫੁਰਨਾ ਨਾ ਆਵੇ। ਸਿਰਫ ਫੁਰਨੇ ਕਰਕੇ ਅਸੀਂ ਨੀਵੇਂ ਸਥੱਲ ਤੇ ਰਹਿੰਦੇ ਹਾਂ, ਹੇਠ ਰਹਿੰਦੇ ਹਾਂ। ਫੁਰਨੇ ਹੀ ਨਹੀਂ ਹਟਦੇ ਸਾਡੇ। ਸੋ ਮਹਾਰਾਜ ਕਹਿੰਦੇ, ਇਹ ਚੀਜ਼ਾਂ ਦੇ ਦੇ - 'ਤਨੁ ਮਨੁ ਗੁਰ ਪਹਿ ਵੇਚਿਆ............॥' ਤਨ ਤੇ ਮਨ ਗੁਰੂ ਨੂੰ ਵੇਚ ਦੇ - '..........ਮਨੁ ਦੀਆ ਸਿਰੁ ਨਾਲਿ॥' ਜਦ ਮਨ ਦੇ ਦਿਤਾ, ਨਾਲੇ ਸਿਰ ਦੇ ਦਿਤਾ।

ਸੋ ਜੇ ਪ੍ਰਮੇਸ਼ਰ ਨੂੰ ਮਿਲਣਾ ਹੈ ਤਾਂ ਇਹ ਤਿੰਨ ਚੀਜ਼ਾਂ ਜ਼ਰੂਰੀ ਹੁੰਦੀਆਂ ਨੇ, ਸਾਧ ਸੰਗਤਿ ਜੀ! ਜਿੰਨਾਂ ਚਿਰ ਅਸੀਂ ਇਨ੍ਹਾਂ ਦਾ ਸੌਦਾ ਗੁਰੂ ਨਾਲ ਨਹੀਂ ਕਰਦੇ, ਅਸੀਂ ਉਤੇ ਨਹੀਂ ਚੜ੍ਹ ਸਕਦੇ; ਐਥੇ ਹੀ ਗੇੜੇ ਖਾਈ ਜਾਵਾਂਗੇ ਕਿਉਂਕਿ ਇਹ ਗੱਲ ਸਾਡੇ ਸਮਝ ਵਿਚ ਨਹੀਂ ਪਈ। ਜਿਹਦੇ ਸਮਝ ਵਿਚ ਪੈ ਜਾਣੀ ਹੈ, ਉਹਨੇ ਕੁਰਬਾਨੀ ਕਰਨੀ ਹੈ। ਜੇ ਲੋੜ ਹੈ, ਉਹਦੇ ਅੰਦਰ ਜਗਿਆਸਾ ਹੈ ਕਿ ਪ੍ਰਭੂ ਨੂੰ ਮਿਲਣਾ ਹੈ, ਫੇਰ ਉਹਨੂੰ ਕੋਈ ਔਖਾ ਨਹੀਂ ਹੈ; ਸਸਤਾ ਸੌਦਾ ਹੈ ਇਹ, ਕਿਉਂਕਿ ਇਨ੍ਹਾਂ ਨੇ ਫੇਰ ਵੀ ਜਾਂਦੇ ਰਹਿਣਾ ਹਾਂ; ਸਾਡੇ ਨਾਲ ਤਨ ਨੇ ਤਾਂ ਨਹੀਂ ਜਾਣਾ, ਧਨ ਨੇ ਨਹੀਂ ਜਾਣਾ; ਦੋਇ ਚੀਜ਼ਾਂ ਤਾਂ ਵਾਧੂ ਨੇ। ਮਨ ਨੇ ਸਾਡੇ ਨਾਲ ਜਾਣਾ ਹੈ। ਪਰ ਮਨ ਨੇ ਸਾਨੂੰ ਬਹੁਤ ਚੱਕਰ ਖਲੌਣੇ ਨੇ ਕਿਉਂਕਿ ਇਹਦੇ ਵਿਚ ਹੰਗਤਾ ਤੇ ਮਮਤਾ ਭਰੀ ਪਈ ਹੈ। ਜਦ ਤਕ ਹੰਗਤਾ ਤੇ ਮਮਤਾ ਹੈ, ਓਨੀ ਦੇਰ ਤਕ ਸਾਡਾ ਛੁਟਕਾਰਾ ਨਹੀਂ ਹੋਣਾ; ਅਸੀਂ ਜੰਮਦੇ ਰਹਾਂਗੇ, ਮਰਦੇ ਰਹਾਂਗੇ। ਸੋ ਇਸ ਕਰਕੇ ਸਾਨੂੰ ਤਨ ਤੇ ਮਨ ਵੇਚਣਾ ਪੈਂਦਾ ਹੈ। ਪੜ੍ਹੋ ਪਿਆਰ ਨਾਲ -

ਧਾਰਨਾ - ਵੇਚ ਦੇ ਗੁਰਾਂ ਨੂੰ,
ਪਿਆਰੇ ਤਨ ਮਨ ਆਪਣਾ - ੨, ੨.
ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥
ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥

ਅੰਗ - ੨੦

ਕਹਿੰਦੇ, ਨਾਲ ਹੀ ਰਹਿੰਦਾ ਹੈ ਇਹ। ਜਿਹੜਾ ਤਾਂ ਮੰਨ ਲੈਂਦਾ ਹੈ ਇਸ ਗੱਲ ਨੂੰ, ਉਹ ਤਾਂ ਗੁਰੂ ਦੇ ਬਚਨ ਦੀ ਕਮਾਈ ਕਰ ਸਕਦਾ ਹੈ; ਜਿਹੜਾ ਮੁੱਢਲੀ ਗੱਲ ਹੀ ਨਹੀਂ ਮੰਗਦਾ ਕਿ ਮੇਰੇ ਨਾਲ ਵਾਹਿਗੁਰੂ ਰਹਿੰਦਾ ਹੈ, ਉਹ ਅੱਗੇ ਕਿਵੇਂ ਚੱਲ ਸਕਦਾ ਹੈ। ਜਿਹੜੀ ਚੀਜ਼ ਨਾਲ ਰਹਿੰਦੀ ਹੋਵੇ - ਭੂਤ ਰਹਿੰਦਾ ਹੋਵੇ ਨਾਲ, ਡਰਨ ਲਗ ਜਾਂਦਾ ਹੈ ਆਦਮੀ। ਅਨ੍ਹੇਰੇ ਵਿਚ ਨਹੀਂ ਜਾਂਦਾ ਕਿਉਂਕਿ ਉਹਨੇ ਮੰਨ ਲਿਆ ਇਹਨੂੰ। ਲੇਕਿਨ ਪ੍ਰਮੇਸ਼ਰ ਨੂੰ ਨਹੀਂ ਮੰਨਦਾ ਬੰਦਾ।

ਦੋ ਸੌ ਸਾਲ ਸਿੱਖੀ ਨੂੰ ਹੋ ਚੁੱਕੇ ਸੀ - ਦੋ ਸੌ ਤੋਂ ਥੋੜ੍ਹੇ ਉਪਰ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਨੇ ਆਪਣੀ ਵਿਚਾਰਧਾਰਾ ਨੂੰ ਅਮਲ ਰੂਪ ਵਿਚ ਲਿਆਉਣ ਵਾਸਤੇ - ਦੀਵਾਨ ਲੱਗਿਆ ਹੋਇਆ ਹੈ - ਵਿਸਾਖੀ ਦਾ, ਤੇ ਆਪ ਸਿੰਘਾਸਣ ਤੇ ਸੁਭਾਇਮਾਨ ਨੇ; ਆਪ ਅਚਾਨਕ ਉਠ ਕੇ ਖੜ੍ਹੇ ਹੋ ਗਏ, ਸਿਰੀ ਸਾਹਿਬ ਕੱਢ ਲਈ; ਸਿਰੀ ਸਾਹਿਬ ਕੱਢ ਕੇ ਉਚੀ ਆਵਾਜ਼ ਨਾਲ ਕਿਹਾ ਕਿ ਸਾਨੂੰ ਇਕ ਸੀਸ ਚਾਹੀਦਾ ਹੈ। ਪਰ ਇਤਿਹਾਸਾਂ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਸਾਰੀ ਸੰਗਤ ਹੈਰਾਨ ਹੋ ਗਈ ਕਿ ਗੁਰੂ ਸਾਹਿਬ ਸੀਸ ਕਿਉਂ ਮੰਗਣ ਲੱਗ ਗਏ? ਕਾਫੀ ਦੇਰ ਤੋਂ ਬਾਅਦ ਗੁਰੂ ਸਾਹਿਬ ਨੇ ਫੇਰ ਆਵਾਜ਼ ਦਿਤੀ, ਫੇਰ ਸਾਰਿਆਂ ਨੇ ਨੀਵੀਆਂ ਪਾਈਆਂ ਹੋਈਆਂ ਨੇ। ਤੀਸਰੀ ਵਾਰ ਫੇਰ ਆਵਾਜ਼

ਦਿਤੀ ਕਿ ਕੋਈ ਹੈ ਐਸਾ ਜਿਹੜਾ ਸੀਸ ਦੇਵੇ? ਤਾਂ ਉਸ ਵੇਲੇ, ਕਹਿੰਦੇ ਨੇ ਕਿ ਭਾਈ ਦਇਆ ਰਾਮ ਜੀ ਗੁਰੂ ਦੇ ਅੱਗੇ ਉਠ ਕੇ ਆ ਗਏ। ਉਨ੍ਹਾਂ ਨੇ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ, ਮੈਨੂੰ ਉੱਠਣਾ ਤਾਂ ਪਹਿਲੀ ਆਵਾਜ਼ ਤੇ ਹੀ ਚਾਹੀਦਾ ਸੀ ਪਰ ਮੈਂ ਸੋਚ ਵਿੱਚ ਪੈ ਗਿਆ।

ਐਹ ਗੱਲ ਜਿਹੜੀ ਹੈ, ਇਹ ਦਿਲ ਨੂੰ ਨਹੀਂ ਲਗਦੀ ਕਿਉਂਕਿ 300 ਸਾਲ ਦੀ ਸਿੱਖੀ ਅਜੇ ਸਿੱਖ ਨੂੰ ਇਸ ਗੱਲ ਤੇ ਨਹੀਂ ਤਿਆਰ ਕਰ ਸਕੀ ਕਿ ਤਨ ਤੇ ਮਨ ਗੁਰੂ ਨੂੰ ਵੇਚਿਆ ਹੋਵੇ? ਕੋਈ ਸਿੱਖ ਵੀ ਨਹੀਂ ਸੀ - ਤਨ ਤੇ ਮਨ ਵੇਚਿਆ ਹੋਵੇ ਜਿਹਨੇ? ਜਦੋਂ ਦਿੱਤਾ ਹੋਇਆ ਹੀ ਹੈ, ਫੈਰ ਤਾਂ ਸੋਚਣ-ਸਾਚਣ ਦੀ ਬਾਤਾ ਹੀ ਨਹੀਂ ਹੁੰਦੀ। ਸਾਧ ਸੰਗਤ ਜੀ, ਐਸੀ ਬਾਤ ਨਹੀਂ ਹੈ; ਉਹ ਤਾਂ ਸੀਸ ਵੇਚੇ-ਵਿਚਾਏ ਹੀ ਸੀ, ਉਸੇ ਵੇਲੇ ਉਠ ਕੇ ਚਲੇ ਗਏ। ਇਉਂ ਨਹੀਂ ਹੈ ਕਿ ਭਾਜੜਾਂ ਪੈ ਗਈਆਂ, ਨੱਠ ਗਏ, ਭੱਜ ਗਏ। ਇਹ ਰੌਚਕ ਚੀਜ਼ ਬਨਾਉਣ ਵਾਸਤੇ ਤਾਂ ਬਹੁਤ ਵਧੀਆ ਗੱਲ ਹੈ ਲੇਕਿਨ ਇਹਦੇ ਵਿਚ ਸਿੱਖੀ ਐਨੀ ਕਮਜ਼ੋਰ ਨਜ਼ਰ ਆਉਂਦੀ ਹੈ ਕਿ ਐਸੇ ਸਮਰੱਥ ਗੁਰੂਆਂ ਦੇ ਹੁੰਦੇ ਹੋਏ ਦੇਹ-ਅਧਿਆਸ ਨਹੀਂ ਸੀ ਟੁੱਟ ਸਕਿਆ? ਉਹ ਤਾਂ ਤਿਆਰ-ਬਰ-ਤਿਆਰ ਸੀ - ਸਭ ਕੁਝ ਕਰਨ ਵਾਸਤੇ; ਸੀਸ ਦਿੱਤਾ ਹੋਇਆ ਸੀ - ਉਨ੍ਹਾਂ ਨੇ। ਜਦ ਸੀਸ ਗੁਰੂ ਨੂੰ ਦੇ ਦਿਤਾ, ਗੁਰੂ ਫੇਰ ਖੋਜ ਕਰਕੇ ਨਾਲ ਦਿਖਾ ਦਿੰਦਾ ਹੈ - ਪ੍ਰਮੇਸ਼ਰ ਨੂੰ, ਜਦ ਗੁਰੂ ਦੀ ਬਾਤ ਮੰਨਦਾ ਹੈ। ਐਸਾ ਫੁਰਮਾਨ ਹੈ -

ਧਾਰਨਾ - ਘਟਿ ਘਟਿ ਜੋਤਿ ਨਿਰੰਤਰੀ,
ਬੂਝੇ ਗੁਰਮਤਿ ਸਾਰ - 2, 2.

ਜਿਨ੍ਹਾਂ ਨੇ ਆਪਣਾ ਤਨ ਵੀ ਦੇ ਦਿਤਾ, ਮਨ ਵੀ ਦੇ ਦਿਤਾ, ਮਹਾਰਾਜ ਕਹਿੰਦੇ, ਫੇਰ ਉਹ ਗੁਰਮਤਿ ਦੇ ਵਿਚ ਆ ਜਾਂਦਾ ਹੈ। ਉਹਨੂੰ ਫੇਰ - ਜਿਹੜੀ ਅੰਦਰ ਜੋਤਿ ਸਾਰਿਆਂ ਵਿਚ ਹੈ ਤੇ ਨਿਰੰਤਰ ਹੈ; ਐਂ ਨਹੀਂ ਹੈ ਕਿ ਬਿਜਲੀ ਵਾਂਗਣ ਕਦੇ ਚਮਕ ਪਈ, ਕਦੇ ਫੇਰ ਹਟ ਗਈ; ਉਹ ਲਗਾਤਾਰ ਜੋਤਿ ਹੈ ਜਿਹਦੇ ਕਰਕੇ ਇਹ ਸਾਰਾ ਬ੍ਰਹਿਮੰਡ ਚੱਲ ਰਿਹਾ ਹੈ; ਉਹਦੀ ਪ੍ਰਾਪਤੀ ਹੁੰਦੀ ਹੈ-

ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥
ਅੰਗ - 20

ਲੇਕਿਨ ਇਹਨੂੰ ਸੰਸਾਰ ਦੇ ਅੰਦਰ ਕਿਉਂ ਨਹੀਂ ਜਾਣਿਆ ਜਾਂਦਾ? ਬੜਾ ਹੀ ਸਾਦਾ ਮਹਾਰਾਜ ਨੇ ਬਚਨ ਕੀਤਾ ਹੈ ਕਿ ਹਰੇਕ ਦੇ ਅੰਦਰ ਜੋਤਿ ਹੈ, ਪਰ ਆਦਮੀ ਹਰ ਵਕਤ ਭੁੱਲਿਆ ਰਹਿੰਦਾ ਹੈ - ਹਰ ਵਕਤ, ਤੇ ਉਹਨੂੰ ਯਾਦ ਕਰਾਉਣ ਵਾਸਤੇ ਬਾਰ-ਬਾਰ ਆਉਂਦਾ ਹੈ ਕਿ -

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥ ਅੰਗ - ੨੬੨

ਉਹਨੂੰ ਯਾਦ ਰੱਖੋ, ਯਾਦ ਰੱਖੋ, ਯਾਦ ਰੱਖੋ - ਚਾਹੇ 'ਵਾਹਿਗੁਰੂ-ਵਾਹਿਗੁਰੂ' ਕਹਿ ਕੇ ਯਾਦ ਰੱਖੋ, ਚਾਹੇ 'ਰਾਮ ਰਾਮ' ਕਹਿ ਕੇ ਯਾਦ ਰੱਖੋ, ਚਾਹੇ 'ਅੱਲਾਹ-ਅੱਲਾਹ' ਕਹਿ ਕੇ ਯਾਦ ਰੱਖੋ; ਯਾਦ ਰੱਖਣਾ ਹੈ - ਉਸ ਜੋਤਿ ਨੂੰ। ਜੇ ਉਸ ਦੀ ਯਾਦ ਹਿਰਦੇ ਵਿਚ ਨਹੀਂ ਵਸਦੀ -

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥
ਅੰਗ - ੪੯੧

ਉਪਰੋਂ-ਉਪਰੋਂਨ ਤਾਂ ਕਹੀ ਜਾਂਦਾ ਹੈ - ਰਾਮ ਰਾਮ ਰਾਮ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ; ਆਹ ਨਿੱਕੀ ਜਿਹੀ, ਸਾਦੀ ਜਿਹੀ ਗੱਲ ਯਾਦ ਨਹੀਂ ਰੱਖਦਾ ਕਿ ਵਾਹਿਗੁਰੂ ਮੇਰੇ ਨਾਲ ਹੈ। ਬੜੀ ਸਮੱਸਿਆ ਖੜ੍ਹੀ ਹੁੰਦੀ ਹੈ ਕਿ ਇਹ ਗੱਲ ਤਾਂ ਐਨੀ ਔਖੀ ਨਹੀਂ ਹੈ; ਸੁਖਾਲੀ ਨਹੀਂ ਹੈ। ਮਨ ਵੀ ਹਿੰਮਤ ਕਰਦਾ ਹੈ ਕਿ ਹੁਣ ਯਾਦ ਰੱਖਾਂਗਾ ਪਰ ਦੂਜੇ ਪਾਸੇ ਇਕ ਖੇਲ੍ਹ ਵਰਤ ਰਿਹਾ ਹੈ - ਮਹਾਰਾਜ ਦਾ, ਜਿਹਨੂੰ 'ਭੁਲੇਖਾ' ਕਹਿੰਦੇ ਨੇ, ਭੁੱਲ ਕਹਿੰਦੇ ਨੇ। ਉਹ ਭੁੱਲ ਬਹੁਤ ਤਕੜੀ ਹੈ, ਜਨਮਾਂ-ਜਨਮਾਂਤਰਾਂ ਤੋਂ ਪਈ ਹੋਈ ਹੈ। ਐਨੀ ਛੇਤੀਂ ਯਾਦ ਨਹੀਂ ਹੁੰਦੀ ਇਹ ਚੀਜ਼। ਨਾ ਕੋਈ ਅੰਗ੍ਰੇਜ਼ੀ ਦਾ ਸਬਕ ਯਾਦ ਕਰਨਾ ਹੈ, ਨਾ ਕੋਈ ਹਿਸਾਬ ਦਾ ਸਵਾਲ ਕਰਨਾ ਹੈ, ਨਾ ਕੋਈ ਸਾਇੰਸ ਦਾ ਫਾਰਮੂਲਾ ਯਾਦ ਕਰਨਾ ਹੈ - ਉਹ ਬੜਾ ਔਖਾ ਹੈ ਯਾਦ ਕਰਨਾ; ਇਹ ਤਾਂ ਸੁਖਾਲਾ ਜਿਹਾ ਹੀ ਹੈ ਕਿ ਮੇਰੇ ਨਾਲ ਵਾਹਿਗੁਰੂ ਹਰ ਵਕਤ ਰਹਿੰਦਾ ਹੈ। ਜੇ ਬੰਦਾ ਦਿਨ ਦੇ ਅੰਦਰ ਥੋੜ੍ਹੇ ਵਕਫੇ ਦੇ ਨਾਲ ਇਸ ਧਿਆਨ ਵਿਚ ਆਈ ਜਾਵੇ ਕਿ ਮੇਰੇ ਸਾਰੇ ਕੰਮਾਂ ਨੂੰ ਵਾਹਿਗੁਰੂ ਦੇਖਦਾ ਹੈ; ਚਲੋ ਮੈਨੂੰ ਨਹੀਂ ਮਿਲਿਆ, ਨਾ ਮਿਲੇ; ਮੇਰਾ ਗੁਰੂ ਮੇਰੇ ਨਾਲ ਰਹਿੰਦਾ ਹੈ ਤੇ ਥੋੜ੍ਹੀ-ਥੋੜ੍ਹੀ ਦੇਰ ਦੇ ਪਿਛੋਂ ਜੇ ਉਹ ਉਹਨੂੰ ਯਾਦ ਆਈ ਜਾਵੇ ਕਿ ਮੇਰੇ ਨਾਲ ਰਹਿੰਦਾ ਹੈ, ਤਾਂ ਗਲਤ ਕੰਮ ਨਹੀਂ ਕਰ ਸਕਦਾ ਬੰਦਾ।

ਇਕ ਵਾਰੀ ਇੱਕ ਮਹਾਤਮਾ ਸੀ, ਦੋ ਚੇਲੇ ਨੇ ਉਨ੍ਹਾਂ ਦੇ। ਇਕ ਚੇਲਾ ਬਹੁਤ ਗੱਲਾਂ-ਬਾਤਾਂ ਮਾਰਦਾ ਹੈ, ਆਈ ਗਈ ਸਾਧ ਸੰਗਤਿ ਨੂੰ ਆਪਣਾ ਆਪ ਜਣਾਉਂਦਾ ਹੈ ਕਿ ਮੈਂ ਹੀ ਹਾਂ ਏਥੇ ਕਾਰਕੁਨ, ਹੋਰ ਏਥੇ ਕੋਈ ਨਹੀ; ਕਿਉਂਕਿ ਇਹ ਕੁਦਰਤੀ ਆਦਮੀ ਦੀ ਕਮਜ਼ੋਰੀ ਹੋਇਆ ਕਰਦੀ ਹੈ। ਹਉਮੈ ਜਿਹੜੀ ਹੈ, ਇਹ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਇਹੋ ਚੀਜ਼ ਇਹਦੇ ਅੰਦਰ ਕੰਮ ਕਰਦੀ ਹੈ ਕਿ ਮੈਨੂੰ ਹੀ ਪੁੱਛਣ, ਮੈਨੂੰ ਹੀ ਜਾਨਣ, ਮੇਰਾ ਕਿਤੇ ਆਦਰ ਨਾ ਘਟ ਜਾਏ, ਕਿਤੇ ਇਉਂ ਨਾ ਕਹਿਣ ਕਿ ਇਹ ਤਾਂ ਕੁਛ ਨਹੀਂ ਹੈ। ਪਰਗਟ ਕਰਨਾ ਚਾਹੁੰਦਾ ਹੈ ਹਰ ਬੰਦਾ - ਮੂਹਰੇ ਆਉਣਾ ਚਾਹੁੰਦਾ ਹੈ। ਦੁਨੀਆਂ ਦੇ ਵਿਚ ਮੂਹਰੇ ਆਉਣਾ; ਰੂਹਾਨੀਅਤ ਦੇ ਵਿਚ ਨਹੀਂ। ਰੂਹਾਨੀਅਤ ਦੇ ਵਿਚ ਤਾਂ ਸਭ ਕੁਝ ਕਰਕੇ, ਆਪਣੇ ਆਪ ਨੂੰ ਨੀਵਾਂ ਸਦਾਵਣਾ ਪੈਂਦਾ ਹੈ, ਤਾਂ ਪ੍ਰਭੂ ਦੇ ਦਰ ਤੇ ਪ੍ਰਵਾਨ ਹੁੰਦਾ ਹੈ। ਕਰਕੇ ਕਹਿਣਾ, 'ਮੈਂ ਕੁਛ ਨਹੀਂ ਕਰਿਆ,' ਸਭ ਕੁਝ ਵਾਹਿਗੁਰੂ ਜੀ ਹੀ ਕਰਾਉਂਦੇ ਹਨ।' ਅੰਦਰੋਂ ਤਾਂ ਕਹਿੰਦਾ ਹੈ, 'ਮੈਂ ਕਰਿਆ ਹੈ' ਪਰ ਬਾਹਰੋਂ ਮੂੰਹ ਨਾਲ ਕਹਿੰਦਾ ਹੈ, "ਮੈਂ ਕੁਛ ਨਹੀਂ ਕਰਿਆਂ ਤੇ ਗੁਰੂ ਸਾਹਿਬ ਕਰਾਉਂਦੇ ਹਨ; ਜੋ ਕਰਾਉਂਦੇ ਹਨ, ਸੋ ਹੋ ਰਿਹਾ ਹੈ" ਇਹ ਬੜਾ ਔਖਾ ਟੈਸਟ ਹੈ। ਜੇ ਕੋਈ ਐਂ ਕਹਿੰਦਾ ਹੈ, ਉਹਨੂੰ ਕੁਛ ਹੋਰ ਤਰ੍ਹਾਂ ਵਿਪਰੀਤ ਕਹਿ ਕੇ ਦੇਖ ਲਓ। ਜੇ ਤਾਂ ਉਹ ਆਪਣੇ ਬਾਰੇ ਪ੍ਰਤੀਕੂਲ ਸੁਣ ਕੇ ਸਮ ਬ੍ਰਿਤੀ ਵਿਚ ਰਹਿ ਸਕਦਾ ਹੈ, ਫੇਰ ਤਾਂ ਉਹਨੇ ਸਮਝ ਲਈ ਗੱਲ, ਜੇ ਨਹੀਂ ਰਹਿੰਦਾ, ਤਾਂ ਕੇਵਲ ਜ਼ਬਾਨੀ ਹੀ ਬੋਲਦਾ ਹੈ, ਅੱਖਰਾਂ ਦੇ ਨਾਲ ਗੱਲ ਕਰ ਰਿਹਾ ਹੈ; ਭਾਵ ਦੇ ਪਿਛੇ ਉਨਮਨ ਵਿਚੋਂ ਨਹੀਂ ਬੋਲ ਰਿਹਾ; ਬੁੱਧੀ ਮੰਡਲ 'ਚੋਂ ਬਾਤ ਕਰ ਰਿਹਾ ਹੈ।

ਸੋ ਇਹ ਐਸਾ ਚੇਲਾ ਸੀ, ਆਪਣਾ ਆਪ ਹਰ ਵਕਤ ਦਿਖਾਉਣਾ ਚਾਹੁੰਦਾ ਸੀ। ਜੋ ਦੂਸਰਾ ਸੀ, ਉਹ ਭਜਨ ਬੰਦਗੀ ਕਰਦਾ ਸੀ, ਚੁੱਪ ਰਹਿੰਦਾ ਸੀ, ਪਿਛੇ ਰਹਿੰਦਾ ਸੀ; ਕੰਮ ਸਾਰਾ ਕਰਦਾ ਰਹਿੰਦਾ ਸੀ। ਗੁਰੂ ਪ੍ਰਸੰਨ ਇਹਦੇ ਉਤੇ ਸੀ, ਉਹਦੇ ਉਤੇ ਗੁਰੂ ਪ੍ਰਸੰਨ ਨਹੀਂ ਸੀ। ਉਹ ਕਿਉਂਕਿ ਸੰਗਤਿ ਵਿਚ ਬਹੁਤ ਮੂਹਰੇ ਆਇਆ ਹੋਇਆ ਸੀ ਤੇ ਗੁਰੂ ਇਹ ਚਾਹੁੰਦੇ ਸਨ ਕਿ ਸੰਗਤ ਦੇ ਮਨ ਵਿਚ ਕਿਤੇ ਕੋਈ ਸ਼ੰਕਾ ਨਾ ਪੈ ਜਾਵੇ ਕਿਉਂਕਿ ਚੰਗੇ ਮਹਾਤਮਾ ਤੋਂ ਬਾਅਦ ਸੰਗਤਾਂ ਧੜੇਬੰਦੀ ਵਿਚ ਆ ਜਾਇਆ ਕਰਦੀਆਂ ਨੇ। ਪੂਰੇ ਤਾਂ ਹੁੰਦੇ ਨਹੀਂ, ਹਉਮੈ ਦੇ ਬੰਦੇ ਹੁੰਦੇ ਨੇ। ਜਿਹੜਾ ਇਹਦੀ ਹਉਮੈ ਨੂੰ ਪੱਠੇ ਪਾ ਦੇਵੇ, ਕੁਛ ਖਲਾਵੇ-ਪਿਲਾਵੇ – ਉਹਦੀ ਹਉਮੈ ਨੂੰ, ਉਹਦੇ ਵੱਲ ਨੂੰ ਹੋ ਜਾਇਆ ਕਰਦੀ ਹੈ ਦੁਨੀਆਂ ਤਾਂ, ਜਿਹੜਾ ਬੇਪਰਵਾਹ ਹੈ – ਸਭ ਚੀਜ਼ਾਂ ਤੋਂ, ਸੰਸਾਰ ਤਾਂ ਉਹਨੂੰ ਪਛਾਣ ਨਹੀਂ ਸਕਦਾ। ਸੋ, ਨਾ ਪਛਾਨਣ ਦੇ ਕਾਰਨ ਧੜੇਬੰਦੀ ਜਿਹੀ ਬਣਾ ਲੈਣਗੇ, groupism ਹੋ ਜਾਏਗੀ। ਇਹ ਸਾਰੇ ਮਹਾਤਮਾ ਤੋਂ ਬਾਅਦ ਹੋਇਆ ਕਰਦਾ ਹੈ।

ਸੋ ਉਸ ਵੇਲੇ ਮਹਾਤਮਾ ਨੇ ਕਿਹਾ, ਕਿਉਂ ਨਾ ਮੈਂ ਇਨਹਾਂ ਨੂੰ ਨਿਸ਼ਚਾ ਕਰਾ ਦਿਆ – ਸਾਰੀਆਂ ਸੰਗਤਾਂ ਨੂੰ; ਸਿਆਣੇ ਸੀਗੇ, ਜੁਗਤਿ ਦੇ ਨਾਲ ਸਮਝਾਉਣੀ ਚਾਹੁੰਦੇ ਸੀ। ਸੰਗਤਾਂ ਬੁਲਾ ਲਈਆਂ, ਕਹਿਣ ਲੱਗੇ, "ਪ੍ਰੇਮੀਓ! ਅਸੀਂ ਸਰੀਰ ਛੱਡਣਾ ਹੈ, ਸਾਡਾ ਸਮਾਂ ਬਹੁਤ ਨੇੜੇ ਆ ਗਿਆ ਹੈ। ਤੁਸੀਂ ਸੰਗਤ ਦੇ ਰੂਪ ਵਿਚ ਜੁੜੇ ਹੋਏ ਹੋ ਤੇ ਅਸੀਂ ਇਹ ਚਾਹੁੰਦੇ ਹਾਂ ਕਿ ਤੁਹਾਡੀ ਅਗਵਾਈ ਕੋਈ ਪੂਰਨ ਗਿਆਨਵਾਨ ਪੁਰਸ਼ ਕਰੇ, ਕਰਨੀ-ਕਮਾਈ ਵਾਲਾ ਕਰੇ ਤਾਂ ਕਿ ਔਝੜ ਵਿਚ ਨਾ ਫਸ ਜਾਓ, ਗਲਤ ਧਾਰਨਾਵਾਂ ਨਾ ਮਨ ਵਿਚ ਪੈਦਾ ਹੋ ਜਾਣ, ਹਨ੍ਹੇਰੇ ਵਿਚ ਨਾ ਜਾ ਫਸੋ ਤੇ ਇਹ ਜੋ ਚਾਨਣ ਦੀ ਜੋਤਿ ਚਲਦੀ ਆ ਰਹੀ ਹੈ, ਇਹੋ ਜੋਤਿ ਅੱਗੋਂ ਫੜਾਈ ਜਾਵੇ ਤਾਂ ਕਿ ਚਾਨਣਾ ਹੁੰਦਾ ਰਹੇ ਤੇ ਉਹਦੇ ਬਾਰੇ ਤੁਹਾਨੂੰ ਸਭ ਨੂੰ ਪਤਾ ਹੀ ਹੈ ਕਿ ਇਹ ਦੋ ਸਾਡੇ ਮੁਖੀ ਚੇਲੇ ਨੇ, ਪਿਆਰੇ ਨੇ ਤੇ ਇਨ੍ਹਾਂ ਦੇ ਵਿਚੋਂ ਅਸੀਂ ਇਕ ਨੂੰ ਜ਼ਿੰਮੇਵਾਰੀ ਦੇਣਾ ਚਾਹੁੰਦੇ ਹਾਂ ਤੇ ਅਸੀਂ ਟੈਸਟ ਰੱਖਿਐ ਇਨ੍ਹਾਂ ਦਾ।

ਇਹ ਅਸੀਂ ਦੋ ਕਬੂਤਰ ਮੰਗਵਾਏ ਨੇ। ਦੋਹਾਂ ਨੂੰ ਇੱਕ-ਇੱਕ ਦਿੰਦੇ ਹਾਂ। ਜਿਹੜਾ ਪਹਿਲਾਂ ਮਾਰ ਕੇ ਲਿਆਏਗਾ, ਉਹ ਮੁਖੀ ਹੋ ਜਾਏਗਾ। ਸੰਗਤ ਹੈਰਾਨ ਹੋ ਗਈ ਕਿ ਇਹ ਕਿਹੜਾ ਟੈਸਟ ਹੋਇਆ। ਇਹ ਤਾਂ ਦੌੜ ਲਾ ਦਿਤੀ ਸੰਤਾਂ ਨੇ, ਰੂਹਾਨੀ ਟੈਸਟ ਤਾਂ ਹੋਇਆ ਨਾਂ। ਨਾਲ ਉਨ੍ਹਾਂ ਨੇ ਕਿਹਾ ਕਿ ਸ਼ਰਤ ਹੈ ਇੱਕ। ਉਹ ਇਹ ਹੈ ਕਿ ਕਬੂਤਰ ਓਥੇ ਮਾਰਨਾ ਹੈ ਜਿਥੇ ਕੋਈ ਦੇਖਦਾ ਨਾ ਹੋਵੇ। ਉਸ ਵੇਲੇ ਵੀ ਇਨ੍ਹਾਂ ਦੇ ਗੱਲ ਸਮਝ 'ਚ ਨਾ ਆਈ ਕਿ ਉਹ ਕੋਈ ਥਾਂ ਐਸਾ ਭਾਲ ਲੈਣਗੇ ਜਿਥੇ ਕੋਈ ਦੇਖਦਾ ਨਾ ਹੋਵੇ। ਕਬੂਤਰ ਦੇ ਦਿਤੇ।

ਜਿਹੜਾ ਪਹਿਲਾ ਚੇਲਾ ਸੀ – ਬਹੁਤ ਗਾਲੜੀ ਸੀ, ਉਹਨੇ ਕਿਹਾ ਕਿ ਕਿਤੇ ਇਹ ਨਾ ਲੈ ਜਾਵੇ; ਦੌੜ ਕੇ ਕੋਠੇ ਦੇ ਪਿਛੇ ਚਲੇ ਗਿਆ। ਉਥੇ ਕੰਧ ਜਿਹੀ ਬਣੀ ਹੋਈ ਸੀ, ਉਹਦੇ ਉਹਲੇ ਹੋ ਕੇ ਗਰਦਨ ਮਰੋੜੀ, ਲਿਆ ਕੇ ਨੱਠ ਕੇ, ਜਿਵੇਂ ਰੈਲੀ ਰੇਸ ਵਾਲੇ ਕਰਦੇ ਨੇ, ਲਿਆ ਕੇ ਸੁੱਟ ਦਿਤਾ। ਕਹਿੰਦਾ, "ਲਓ ਮਹਾਰਾਜ, ਮਾਰ ਲਿਆਂਦਾ।" ਕਹਿੰਦੇ, "ਬਹਿ ਜਾ।"

ਹੁਣ ਦੂਸਰੇ ਦਾ ਇੰਤਜ਼ਾਰ ਕਰਨ ਲੱਗ ਗਏ। ਉਹ ਕਿੰਨੇ ਘੰਟੇ ਤਕ ਆਇਆ ਨਾ ਤੇ ਅਖੀਰ ਜਦ ਆਇਆ ਤਾਂ ਕਬੂਤਰ ਉਹਦੇ ਹੱਥ ਵਿਚ ਹੈ – ਜਿਉਂਦਾ। ਮਹਾਤਮਾ ਦੇਖ ਕੇ ਪੁੱਛਦੇ ਨੇ, "ਕਿਉਂ ਬਈ, ਤੂੰ ਮਾਰ ਕੇ ਨਹੀਂ ਲਿਆਇਆ?"

ਕਹਿੰਦਾ, "ਮਹਾਰਾਜ! ਮੈਂ ਆਪ ਦਾ ਹੁਕਮ ਤਾਂ ਮੰਨ ਲੈਂਦਾ; ਅੱਧਾ ਹੁਕਮ ਮੰਨ ਕੇ ਮੈਂ ਤਿਆਰ ਹੋਇਆ, ਦੂਜੇ ਹੁਕਮ ਦੀ ਮੈਂ ਖੋਜ ਵਿਚ ਚਲਿਆ। ਉਹ ਇਹ ਸੀ ਕਿ ਜਿਥੇ ਕੋਈ ਦੇਖਦਾ ਨਾ ਹੋਵੇ। ਮੈਂ ਗੰਨੇ ਦੇ ਖੇਤ ਵਿਚ ਵੜਿਆ ਕਿ ਏਥੇ ਕੋਈ ਨਹੀਂ ਦੇਖਦਾ; ਸੰਘਣਾ ਖੇਤ ਹੈ, ਵਿਚਾਲੇ ਚਲਿਆ ਗਿਆ। ਓਥੇ ਜਦ ਮੈਂ ਦੇਖਿਆ, ਉਥੇ ਟਿੱਡੀਆਂ ਟੱਪਦੀਆਂ ਸੀ, ਟਿੱਡੇ ਟੱਪ ਰਹੇ ਸੀ, ਛਾਲਾਂ ਮਾਰ ਰਹੇ ਸੀ। ਮੈਂ ਕਿਹਾ ਏਥੇ ਤਾਂ ਇਹ ਦੇਖ ਰਹੇ ਨੇ। ਮਹਾਰਾਜ, ਫੇਰ ਮੈਂ ਇਕ ਟੋਏ ਵਿਚ ਚਲਿਆ ਗਿਆ। ਦਰੱਖਤਾਂ ਦੇ ਝੁੰਡ ਵਿਚ ਚਲਿਆ ਗਿਆ। ਉਥੇ ਦਰਖਤਾਂ ਦੇ ਉੱਤੇ ਜਾਨਵਰ ਬੈਠੇ ਸੀ, ਉਥੇ ਉਹ ਦੇਖ ਰਹੇ ਸੀ। ਫੇਰ ਕੋਲ ਇਕ ਡੂੰਘਾ ਟੋਆ ਸੀ, ਉਹਦੇ ਵਿਚ ਵੜ ਗਿਆ ਮੈਂ। ਉਥੇ ਮੈਂ ਦੇਖਿਆ ਕਿ ਇਥੇ ਬੰਦਾ ਤਾਂ ਕੋਈ ਨਹੀਂ ਦੇਖਦਾ, ਜਾਨਵਰ ਵੀ ਪੰਛੀ ਵੀ ਕੋਈ ਨਹੀਂ ਦੇਖਦਾ, ਫੇਰ ਮੈਂ ਹੋਰ ਅੱਗੇ ਚਲਿਆ ਗਿਆ – ਰੜੇ ਮੈਦਾਨ ਵਿਚ। ਉਥੇ ਮੈਂ ਖੇਸ ਦੀ ਬੁੱਕਲ ਮਾਰ ਲਈ; ਮੈਂ ਕਿਹਾ ਹੁਣ ਨਹੀਂ ਕੋਈ ਦੇਖ ਰਿਹਾ। ਜਦ ਮੈਂ ਮਾਰਨ ਲੱਗਿਆ, ਇਹਨੂੰ ਹੁਣ ਮੈਂ ਦੇਖਦਾ ਹਾਂ। ਮਹਾਤਮਾ ਨੇ ਕਿਹਾ ਕਿ ਦੇਖੇ ਨਾ ਕੋਈ। ਮਹਾਰਾਜ, ਮੈਂ ਅੱਖਾਂ ਤੇ ਪੱਟੀ ਬੰਨ੍ਹ ਲਈ। ਫੇਰ ਮੈਂ ਕਿਹਾ, ਹੁਣ ਤਾਂ ਕੋਈ ਨਹੀਂ ਦੇਖਦਾ, ਪਰ ਤੁਹਾਡਾ ਸਤਿਸੰਗ ਯਾਦ ਸੀ ਕਿ ਵਾਹਿਗੁਰੂ ਹਰ ਥਾਂ ਦੇ ਉਤੇ ਦੇਖਦਾ ਹੈ।" ਗੁਰੂ ਮਹਾਰਾਜ ਜੀ ਇਉਂ ਕਹਿੰਦੇ ਨੇ –

ਧਾਰਨਾ – ਪੇਖਤ ਸੁਨਤ ਸਦਾ ਹੈ ਸੰਗੇ,
ਮੈਂ ਮੂਰਖ ਜਾਨਿਆ ਦੂਰੀ ਰੇ – ੨, ੨.
ਪੇਖਤ ਸੁਨਤ ਸਦਾ ਹੈ ਸੰਗੇ................॥

ਅੰਗ – ੬੧੨

ਦੇਖਦਾ ਵੀ ਹੈ, ਸੁਣਦਾ ਵੀ ਹੈ ਸਦਾ; ਕੋਈ ਐਸਾ ਸਮਾਂ ਨਹੀਂ ਹੈ ਕਿ ਅਸੀਂ ਸੌਂ ਗਏਂ ਤੇ ਰੱਬ ਦੂਰ ਚਲਿਆ ਗਿਆ; ਉਹ ਹਰ ਥਾਂ ਦੇ ਉਤੇ ਨਾਲ ਹੀ ਹੈ। ਪਰ ਮੇਰੀ ਮਨੋਬਿਰਤੀ ਕੀ ਹੈ? ਕਹਿੰਦੇ, ਮੈਂ ਮੂਰਖ ਹਾਂ, ਮੈਂ ਉਹਨੂੰ ਕਦੇ ਜਾਣਦਾ ਹੀ ਨਹੀਂ ਹਾਂ ਕਿ ਉਹ ਮੇਰੇ ਨਾਲ ਹੈ। ਉਹ ਤਾਂ ਮੇਰੇ ਨਾਲ ਰਹਿੰਦਾ ਹੈ। ਕਹਿੰਦਾ, "ਮਹਾਂਪੁਰਸ਼ੋ! ਜਦ ਮੈਂ ਅੱਖਾਂ ਬੰਨ੍ਹ ਕੇ ਕਬੂਤਰ ਮਾਰਨ ਲੱਗਿਆ, ਉਸ ਵੇਲੇ ਮੈਨੂੰ ਆਪ ਦਾ ਉਪਦੇਸ਼ ਯਾਦ ਸੀ ਕਿ ਵਾਹਿਗੁਰੂ ਤਾਂ ਹਰ ਥਾਂ ਦੇਖਦਾ ਹੈ ਤੇ ਦੁਨੀਆਂ ਵਿਚ ਕੋਈ ਥਾਂ ਹੀ ਨਹੀਂ ਹੈ ਜਿਥੇ ਨਾ ਦੇਖਦਾ ਹੋਵੇ। ਉਹਦਾ ਕੈਮਰਾ ਹਰ ਥਾਂ ਤੇ ਲੱਗਿਆ ਹੋਇਆ ਹੈ। ਮਹਾਰਾਜ! ਮੈਨੂੰ ਕੋਈ ਥਾਂ ਨਹੀਂ ਲੱਭਿਆ ਜਿਥੇ ਕੋਈ ਨਾ ਦੇਖਦਾ ਹੋਵੇ?

ਸਾਰੀ ਸੰਗਤ ਦੇ ਗੱਲ ਸਮਝ ਵਿਚ ਆ ਗਈ। ਸਭ ਨੇ ਦੇਖ ਲਿਆ ਕਿ ਜੇ ਕੋਈ ਅਗਵਾਈ ਕਰ ਸਕਦਾ ਹੈ ਤਾਂ ਇਹੀ ਪ੍ਰੇਮੀ ਕਰ ਸਕਦਾ ਹੈ। ਉਹ ਦੂਜਾ ਤਾਂ ਅੰਨ੍ਹਾ ਹੈ –

ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥
ਭਾਈ ਗੁਰਦਾਸ ਜੀ, ਵਾਰ – ੩੫/੨

ਅੰਨ੍ਹੇ ਨੂੰ ਆਗੂ ਬਣਾ ਦਿਉ, ਸਾਰੇ ਸਾਥ ਨੂੰ ਡੋਬ ਦਊ; ਇਹਨੂੰ ਤਾਂ ਆਪ ਨੂੰ ਹੀ ਪ੍ਰਮੇਸ਼ਰ ਦਾ ਅਨੁਭਵ ਨਹੀਂ ਹੋਇਆ, ਐਵੇਂ ਗਾਲੜੀ ਹੀ ਹੈ, ਗੱਲਾਂ ਬਾਤਾਂ ਮਾਰਦੇ ਨੇ ਜ਼ਿੰਦਗੀ ਬਿਤਾ ਦਿਤੀ।

ਸੋ ਇਸ ਤਰ੍ਹਾਂ ਜੇ ਅਸੀਂ ਕਮ-ਸ-ਕਮ ਐਨਾ ਵੀ ਯਾਦ ਰੱਖ ਲਿਆ ਕਰੀਏ; ਭਜਨ ਹੁੰਦਾ, ਨਹੀਂ ਹੁੰਦਾ - ਬਹੁਤਿਆਂ ਦਾ ਖਿਆਲ ਹੁੰਦਾ ਹੈ ਕਿ ਭਜਨ ਨਹੀਂ ਹੁੰਦਾ, ਫੁਰਨਾ ਆਉਂਦਾ ਹੈ, ਮਨ ਨਹੀਂ ਟਿਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਇਹਦੇ ਵਿਚ ਦ੍ਰਿੜ੍ਹਤਾ ਦੀ ਘਾਟ ਹੈ। ਅਸੀਂ ਚਾਹੁੰਦੇ ਨਹੀਂ ਹਾਂ - ਰੱਬ ਨੂੰ ਮਿਲਣਾ। ਸਾਡੇ ਮਨ ਨੇ ਮੰਨਿਆਂ ਹੀ ਨਹੀਂ ਕਿ ਅਸੀਂ ਕਾਹਦੇ ਵਾਸਤੇ ਆਏ ਹਾਂ। ਜਿੰਨਾਂ ਚਿਰ ਮਨ ਨਹੀਂ ਮੰਨਦਾ, ਓਨਾਂ ਚਿਰ ਅਸੀਂ ਅਗਾਹਾਂ ਨਹੀਂ ਚਲਦੇ -

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥ ***ਅੰਗ - ੩੪੨***

ਸੋ ਮਨ ਨਹੀਂ ਮੰਨਦਾ। ਮਨ ਕਹਿੰਦਾ ਹੈ - ਜ਼ੁਬਾਨ ਨਾਲ ਕਿ ਏਥੇ ਰਹਿਣਾ ਨਹੀਂ ਹੈ। ਲੇਕਿਨ ਅੰਦਰੋਂ ਕਹਿੰਦਾ ਹੈ, ਮੈਂ ਜਾਣਾ ਨਹੀਂ ਹੈ, ਮੈਂ ਨਹੀਂ ਏਥੋਂ ਜਾਂਦਾ, ਮੈਂ ਏਥੇ ਹੀ ਰਹਿਣਾ ਹੈ। ਮਨ ਨਹੀਂ ਮੰਨਿਆ ਕਰਦਾ। ਉਤੋਂ ਉਤੋਂ ਸਾਰੇ ਹੀ ਮੰਨਦੇ ਨੇ ਕਿ ਨਾ ਜੀ, ਏਥੇ ਕਿਸੇ ਨੇ ਨਹੀਂ ਰਹਿਣਾ। ਕੋਈ ਚੜ੍ਹਾਈ ਕਰ ਜਾਏ; ਉਪਦੇਸ਼ ਕਰਦੇ ਨੇ ਕਿ ਆਪਾਂ ਕਿਹੜਾ ਏਥੇ ਰਹਿਣਾ ਹੈ। ਲੇਕਿਨ ਅੰਦਰੋਂ ਕਹਿੰਦਾ, "ਮੈਂ ਤਾਂ ਰਹਿਣਾ ਹੈ, ਮੈਂ ਨਹੀਂ ਜਾਣਾ।' ਸੋ ਇਹ ਚੀਜ਼ਾਂ ਮੰਨਦੇ ਨਹੀਂ। ਜੇ ਅਸੀਂ ਕਮ-ਸ-ਕਮ ਐਨਾ ਹੀ ਮੰਨ ਲਈਏ ਕਿ ਮੇਰੇ ਨਾਲ ਵਾਹਿਗੁਰੂ ਰਹਿੰਦਾ ਹੈ - ਜੇ ਤਾਂ ਮਨ ਮੰਨ ਜਾਵੇ, ਫੇਰ ਤਾਂ ਭਜਨ ਹੁੰਦਾ ਹੈ; ਜੇ ਮਨ ਸਤਾਂ ਨਹੀਂ ਦੇ ਰਿਹਾ, ਧੱਕੋ-ਧੱਕੀ ਅਸੀਂ ਭਜਨ ਕਰਦੇ ਹਾਂ, ਤਾਂ ਮਨ ਕਿਤੇ ਹੋਰ ਪਾਸੇ ਤੁਰਿਆ ਫਿਰਦਾ ਹੈ ਤਾਂ ਬਹੁਤ ਔਖਾ ਹੋ ਕੇ ਇਕ ਕਦਮ ਸਾਰੀ ਜ਼ਿੰਦਗੀ ਵਿਚ ਪੁੱਟ ਹੁੰਦਾ ਹੈ। ਪੁੱਟ ਲਏ ਤਾਂ ਭਾਗਾਂ ਵਾਲਾ, ਨਹੀਂ ਤਾਂ ਪੁੱਟ ਨਹੀਂ ਹੁੰਦਾ। ਕੋਈ ਸੈਂਟੀਮੀਟਰ ਹੀ ਅਗਾਹਾਂ ਵਧਦਾ ਹੈ, ਬਹੁਤਾ ਨਹੀਂ ਆਦਮੀ ਅਗਾਹਾਂ ਵਧਦਾ। ਇਹ ਹੈ ਕਿ ਵਿਕਾਰਾਂ ਵਲੋਂ ਲਾਈਨ ਤੇ ਆ ਜਾਂਦਾ ਹੈ - ਸੈਂਟਰਲ ਲਾਈਨ ਤੇ। ਜਿਥੋਂ ਵਧਣਾ ਸ਼ੁਰੂ ਹੁੰਦਾ ਹੈ, ਉਥੇ ਤਕ ਤਾਂ ਪਹੁੰਚ ਜਾਂਦਾ ਹੈ; ਸ਼ਰਾਬ ਪੀਂਦਾ ਹੈ, ਛੱਡ ਜਾਏਗਾ; ਨਿੰਦਿਆ ਚੁਗਲੀ ਕਰਦਾ ਹੈ, ਹਟ ਜਾਏਗਾ; ਬਦਲ ਜਾਏਗਾ, ਦਾਨ ਕਰਨ ਲੱਗ ਜਾਏਗਾ, ਸੈਂਟਰਲ ਲਾਈਨ ਤੇ ਆ ਜਾਏਗਾ; ਓਦੂੰ ਅਗਾਹਾਂ ਜਿਥੋਂ ਚੜ੍ਹਾਈ ਸ਼ੁਰੂ ਹੁੰਦੀ ਹੈ, ਓਥੋਂ ਅਗਾਹਾਂ ਨਹੀਂ ਚਲਦਾ ਕਿਉਂਕਿ ਮਨ ਨਹੀਂ ਸਾਥ ਦੇ ਰਿਹਾ। ਮਨ ਮੁੜ-ਮੁੜ ਕੇ ਉਹਨੂੰ ਥੱਲੇ ਸੁੱਟ ਰਿਹਾ ਹੈ। ਜੇ ਇਹ ਯਾਦ ਰੱਖ ਲਵੇ - ਐਨੀਓਂ ਗੱਲ, ਨੇਮ ਕਰ ਲਵੇ ਕਿ ਪੰਦਰਾਂ ਵੀਹ ਵਾਰੀ ਇਮਾਨਦਾਰੀ ਨਾਲ ਕਹਿਣਾ ਹੈ ਕਿ ਉਹ ਮੇਰੇ ਨਾਲ ਰਹਿੰਦਾ ਹੈ, ਮੈਨੂੰ ਦੇਖਦਾ ਹੈ -

ਘਟਿ ਘਟਿ ਜੋਤਿ ਨਿਰੰਤਰੀ................॥
ਅੰਗ - ੨੦

ਅੰਦਰ ਹਰ ਵਕਤ ਮੈਨੂੰ ਦੇਖਦਾ ਹੈ -

ਜਹ ਦੇਖਾ ਤਹ ਰਵਿ ਰਹੇ......॥ ***ਅੰਗ - ੨੧***

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥
ਅੰਗ - ੬੭੭

ਦੂਰ ਉਹ ਜਾਂਦਾ ਹੀ ਨਹੀਂ; ਜੇ ਅਸੀਂ ਇਸ ਗੱਲ ਨੂੰ ਵੀ ਪੱਕੇ ਤੌਰ ਤੇ ਹਿਰਦੇ ਵਿਚ ਵਸਾ ਲਈਏ ਤਾਂ ਭਜਨ ਵੀ ਹੋ ਜਾਂਦਾ ਹੈ। ਜਦ ਭਜਨ ਕਰਨ ਲਗੇਗਾ ਤਾਂ ਇਉਂ ਲੱਗੇਗਾ ਕਿ ਉਹ ਤਾਂ ਸੁਣਦਾ ਹੈ, ਜਿਹਦਾ ਮੈਂ ਨਾਮ ਲੈਂਦਾ ਹਾਂ। ਕਿੰਨੇ ਪ੍ਰੇਮੀਆਂ! ਦਾ ਖਿਆਲ ਹੁੰਦਾ ਹੈ ਕਿ ਇਹ ਭਜਨ ਕਿਉਂ ਕਰਿਆ ਜਾਂਦਾ ਹੈ, ਕਿਉਂ ਵਾਹਿਗੁਰੂ-ਵਾਹਿਗੁਰੂ ਕਹੀ ਜਾਂਦੇ ਨੇ; ਇਕ ਵਾਰ ਕਹਿ ਲਿਆ, ਥੋੜ੍ਹਾ ਹੈ? ਸਾਧ ਸੰਗਤ ਜੀ, ਇਹ ਬਾਤ ਨਹੀਂ। ਇਹ ਪ੍ਰੋਫੈਸਰ ਤਾਂ ਲਿਖਦੇ ਨੇ - ਪੜ੍ਹੇ-ਲਿਖੇ, ਲੇਕਿਨ ਉਹ ਇਸ ਕਰਕੇ ਲਿਖਦੇ ਨੇ ਕਿਉਂਕਿ ਉਨ੍ਹਾਂ ਨੇ ਪ੍ਰੈਕਟੀਕਲ ਨਹੀਂ ਕਰਕੇ ਦੇਖਿਆ। ਇਹ 'ਵਾਹਿਗੁਰੂ-ਵਾਹਿਗੁਰੂ' ਅੱਖਰ ਦੇ ਵਿਚ ਸ਼ਕਤੀ ਹੈ। ਹਰੇਕ ਅੱਖਰ ਦੇ ਦੋ ਰੂਪ ਹੁੰਦੇ ਨੇ; ਇਕ ਤਾਂ ਉਹਦੇ ਲਕਸ਼ਣ ਹੁੰਦੇ ਨੇ, ਇਕ ਉਹਦੀ ਸ਼ਕਤੀ ਹੁੰਦੀ ਹੈ। ਲਕਸ਼ਣ ਉਹਦਾ 'ਵਾਹਿਗੁਰੂ' ਅੱਖਰ ਹੈ ਕਿ ਉਹ ਸਾਰੇ ਪਰਿਪੂਰਨ ਹੈ; ਸ਼ਕਤੀ ਇਹਦੀ ਇਹ ਹੈ ਕਿ ਜਦੋਂ ਅਸੀਂ 'ਵਾਹਿਗੁਰੂ-ਵਾਹਿਗੁਰੂ' ਕਰਦੇ ਹਾਂ, ਉਹਦੇ ਨਾਲ ਸਬੰਧ ਹੁੰਦਾ ਹੈ, ਜੁੜਨਾ ਹੈ ਅਸੀਂ, ਉਸ ਵੇਲੇ ਸਾਡੇ ਸਰੀਰ ਦੇ ਅੰਦਰ ਪਰਿਵਰਤਨ ਹੋਣੇ ਨੇ, vibration (ਝਰਨਾਹਟ) ਹੋਣੀ ਹੈ, ਅਨਹਦ ਨਾਦ ਗੂੰਜਣੇ ਨੇ, ਅਨ੍ਹੇਰਾ ਦੂਰ ਹੋਣਾ ਹੈ, ਲਾਈਟ ਆਉਣੀ ਹੈ, ਗਿਆਨ ਦਾ ਪ੍ਰਕਾਸ਼ ਹੋਣਾ ਹੈ, ਉਹ 'ਵਾਹਿਗੁਰੂ-ਵਾਹਿਗੁਰੂ' ਅੱਖਰ ਸ਼ਕਤੀ ਹੈ; ਮੰਤਰ ਹੈ ਇਹ, ਮੰਤਰ ਵਿਚ ਸ਼ਕਤੀ ਹੁੰਦੀ ਹੈ। ਸੋ ਜਦੋਂ ਸਾਡਾ ਮਨ ਮੰਨ ਜਾਏ, ਫੇਰ ਨਹੀਂ ਔਖੀ ਬਾਤ ਹੁੰਦੀ, ਫੇਰ ਅਸੀਂ ਸੁਖਾਲੇ ਚਲ ਸਕਦੇ ਹਾਂ।

ਪਰ ਅਫਸੋਸ ਇਹ ਹੈ ਕਿ ਦੂਜਾ ਪਾਸਾ ਬਹੁਤ ਪ੍ਰਬਲ ਹੈ, ਜਿਹਦੇ ਬਾਰੇ ਸਾਰੇ ਮਹਾਤਮਾ ਨੇ ਸ਼ਿਕਾਇਤ ਕਰੀ ਹੈ। ਮਹਾਤਮਾ ਬੁੱਧ ਕਹਿਣ ਲੱਗੇ ਕਿ ਸਾਦੇ ਉਪਦੇਸ਼ ਨੇ ਸਾਡੇ। ਅੱਠ ਉਪਦੇਸ਼ ਅਸੀਂ ਦਿੱਤੇ ਨੇ - Right approach (ਸਹੀ ਪਹੁੰਚ); Right thinking (ਸਹੀ ਸੋਚਣੀ); Right decision (ਸਹੀ ਫੈਸਲਾ) Right action (ਸਹੀ ਕਰਮ) ਆਦਿ। ਇਸ ਤਰ੍ਹਾਂ ਬੜਾ ਸੁਖੀ ਰਹਿੰਦਾ ਹੈ; ਸੁਖਾਲਾ ਆਪ ਵੀ ਰਹੇਗਾ ਦੂਸਰਿਆਂ ਨੂੰ ਵੀ ਸੁਖਾਲਾ ਰੱਖੇਗਾ ਪਰ ਇਹ ਮੰਨਦਾ ਨਹੀਂ। ਕਹਿੰਦੇ, ਮਹਾਂਪੁਰਸ਼ੋ! ਕਿਉਂ ਨਹੀਂ ਮੰਨਦਾ? ਕਹਿੰਦੇ, ਇਕ ਦੇਵਤਾ ਹੈ ਜਿਹਦਾ ਨਾਉਂ 'ਮਾਰ' ਹੈ, ਉਹ ਨਹੀਂ ਮੰਨਣ ਦਿੰਦਾ, ਦਿਮਾਗ ਵਿਚ ਬੈਠਾ ਉਲਟੇ ਚੱਕਰ ਵਿਚ ਪਾਈ ਜਾਂਦਾ ਹੈ। ਬਾਬਾ ਫਰੀਦ ਜੀ ਨੂੰ ਪੁੱਛਿਆ ਕਿ ਕੀ ਗੱਲ, ਐਨੇ ਉਪਦੇਸ਼ ਦਿੰਦੇ ਓਂ ਤੇ ਸੰਸਾਰ ਕਿਉਂ ਨਹੀਂ ਮੰਨਦਾ? ਕਹਿੰਦੇ, ਕੀ ਕਰੀਏ, ਮੈਂ ਇਕੱਲਾ ਉਪਦੇਸ਼ ਨਹੀਂ ਦਿੰਦਾ। ਏਥੇ ਉਪਦੇਸ਼ ਦੇਣ ਵਾਲੇ ਤਾਂ ਚਾਰੇ ਵੇਦ, ਛੇ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਅਨੇਕਾਂ ਗ੍ਰੰਥ, ਅਨੇਕਾਂ ਮਹਾਤਮਾ ਉੱਚੀ-ਉੱਚੀ ਹਾਕਾਂ ਮਾਰ-ਮਾਰ ਕੇ ਸਮਝਾਉਂਦੇ ਨੇ -

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥
ਅੰਗ - ੧੩੭੮

ਮੱਤਾਂ ਦੇਣ ਵਾਲੇ ਤਾਂ ਕਸਰ ਨਹੀਂ ਛੱਡਦੇ ਲੇਕਿਨ ਅੰਦਰ ਸ਼ੈਤਾਨ ਬੈਠਾ ਹੈ; ਉਹ ਸ਼ੈਤਾਨ ਜਿਹੜਾ ਹੈ, ਏਧਰਲੇ ਪਾਸੇ ਬਿਰਤੀ ਆਉਣ ਨਹੀਂ ਦਿੰਦਾ ਉਹ; ਉਧਰਲੇ ਪਾਸੇ ਹੀ ਰਖਦਾ ਹੈ - 'ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥' ਉਹ ਚਿਤ ਨਹੀਂ ਫੇਰਦਾ, ਇਕ ਡੱਕੇ ਜਿੰਨਾਂ ਵੀ ਅਗਾਹਾਂ ਵਧਣ ਨੂੰ ਤਿਆਰ ਨਹੀਂ ਹੈ ਕਿਉਂਕਿ ਸ਼ੈਤਾਨ ਉਹਨੂੰ ਪੁੱਠਾ ਗੇਅਰ ਲਾਈ ਜਾਂਦਾ ਹੈ। ਗੇਅਰ ਉਪਰਲਾ ਲਾਉਂਦਾ ਹੈ ਕਿ ਅੱਗੇ ਰੁੜ੍ਹੇ ਲੇਕਿਨ ਇਹ ਪੁੱਠਾ ਲਾ ਕੇ ਪਿੱਛੇ ਕਰ ਦਿੰਦਾ ਹੈ। ਕਹਿੰਦੇ, ਇਹ ਸਮੱਸਿਆ ਹੈ।

ਕ੍ਰਿਸ਼ਨ ਮਹਾਰਾਜ ਨੂੰ ਪੁੱਛਿਆ - ਅਰਜਨ ਨੇ ਕਿ ਇਹ ਜਗਿਆਸੂ ਕਿਉਂ ਨਹੀਂ ਚਲਦਾ? ਕਹਿਣ ਲੱਗੇ, "ਹੇ ਅਰਜਨ! ਏਥੇ ਤ੍ਰਿਗੁਣ ਮਾਇਆ ਹੈ, ਤਿੰਨਾਂ ਗੁਣਾਂ ਵਾਲੀ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਉਸ ਮਾਇਆ ਨੇ ਭੁਲੇਖਾ ਪਾਇਆ ਹੋਇਆ ਹੈ, ਇਹਨੂੰ ਗਿਆਨ ਨਹੀਂ ਹੋਣ ਦਿੰਦੀ। ਸੋ ਉਹਦੇ ਕਰਕੇ ਆਦਮੀ ਚਲਦਾ ਨਹੀਂ ਹੈ।" ਐਸਾ ਹੀ ਮਹਾਰਾਜ ਨੇ ਫੁਰਮਾਨ ਕੀਤਾ ਹੈ-

ਧਾਰਨਾ - ਤਿੰਨਾਂ ਗੁਣਾਂ ਨੇ ਭੁਲੇਖਾ ਪਾ 'ਤਾ,
ਮਾਇਆ ਵਿਚ ਜੱਗ ਖੇਲ੍ਹਦੈ - ੨, ੨

ਮਹਾਰਾਜ ਕਹਿੰਦੇ, ਏਥੇ ਇਕ ਤੱਤ ਹੈ -

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥
ਅੰਗ - ੫੩੭

ਉਹਨੂੰ 'ਮਾਇਆ ਤੱਤ' ਕਹਿੰਦੇ ਨੇ ego ਤੱਤ ਕਹਿੰਦੇ ਨੇ, ਹਉਮੈ illusion ignorance, ਮਾਇਆ, ਭੁੱਲ; ਬੜੇ ਨਾਉਂ ਨੇ ਇਹਦੇ ਰੱਖੇ ਹੋਏ। ਉਹ ਇਕ ਤੱਤ ਹੈ ਸਾਡੇ ਅੰਦਰ ਪਿਆ ਹੋਇਆ, ਉਹ ਸਾਡੀ ਪੇਸ਼ ਨਹੀਂ ਜਾਣ ਦਿੰਦਾ -

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ॥
ਅੰਗ - ੨੧

ਮਹਾਰਾਜ ਕਹਿੰਦੇ, ਇਕ ਤਾਂ ਏਥੇ ਹੈਗੀ ਪ੍ਰਕਿਰਤੀ, ਇਕ ਹੈ ਹਿਰਦੇ ਵਿਚ ਚੇਤਨ। ਇਨ੍ਹਾਂ ਦੋਹਾਂ ਦਾ ਮੇਲ ਹੋ ਗਿਆ -

ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ॥
ਅੰਗ - ੨੧

ਤਿੰਨਾਂ ਗੁਣਾਂ ਨੇ - ਰਜੋ ਗੁਣ, ਤਮੋ ਗੁਣ, ਸਤੋ ਗੁਣ - ਇਨ੍ਹਾਂ ਨੇ - 'ਜੋ ਆਇਆ ਜਗਿ ਸੋ ਖੇਲੁ॥' ਜਿਹੜਾ ਵੀ ਆਇਆ, ਉਹ ਮਾਇਆ ਵਿਚ ਖੇਲ੍ਹ ਕੇ ਚਲਿਆ ਜਾਂਦਾ ਹੈ, ਉਪਰ ਨਹੀਂ ਲੰਘਦਾ, ਤ੍ਰਿਗੁਣ ਅਤੀਤ ਨਹੀਂ ਹੁੰਦਾ। ਬ੍ਰਹਮਾ, ਬਿਸ਼ਨੂੰ, ਮਹੇਸ਼, ਦੇਵੀ, ਦੇਵਤੇ ਸਾਰੇ - ਜਿੰਨੇ ਵੀ ਨੇ, ਤਿੰਨਾਂ ਗੁਣਾਂ ਵਿਚ ਖੇਲ੍ਹ ਰਹੇ ਨੇ, ਮਾਇਆ ਦੇ ਚੱਕਰ ਵਿੱਚ ਨੇ, ਕਾਲ ਫਾਸ ਵਿਚ ਨੇ; ਉਸ ਤੋਂ ਉਪਰ ਨਹੀਨ ਨਿਕਲਦੇ ਕਿਉਂਕਿ ਤਿੰਨਾਂ ਗੁਣਾਂ ਵਿਚ ਸੰਸਾਰ ਖੇਲ੍ਹ ਰਿਹਾ ਹੈ -

ਤਿਹੀ ਗੁਣੀ ਸੰਸਾਰੁ ਭ੍ਰਮਿ
ਸੁਤਾ ਸੁਤਿਆ ਰੈਣਿ ਵਿਹਾਣੀ॥ ਅੰਗ - ੯੨੦

ਮਹਾਰਾਜ ਕਹਿੰਦੇ, ਇਹ ਰੂਹਾਨੀਅਤ ਵੱਲੋਂ ਸੁੱਤਾ ਪਿਆ ਸਾਰੀ ਜ਼ਿੰਦਗੀ ਲੰਘਾ ਕੇ ਤੁਰ ਜਾਂਦਾ ਹੈ; ਇਹ ਤਿੰਨਾਂ ਗੁਣਾਂ ਤੋਂ ਬਾਹਰ ਨਹੀਂ ਨਿਕਲਦਾ।

ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ॥
ਅੰਗ - ੨੧

ਵਿਜੋਗ ਹੋ ਗਿਆ, ਵਿਜੋਗ ਦੇ ਕਾਰਨ ਦੁੱਖ ਹੋ ਗਿਆ - ਵਿਛੋੜੇ ਕਰਕੇ। ਇਹ ਜਿਹੜਾ ਮਨ ਦੇ ਪਿਛੇ ਲਗਣ ਵਾਲਾ ਪੁਰਸ਼ ਹੈ, ਉਹਨੂੰ ਮੇਲ ਨਹੀਂ ਹੁੰਦਾ ਕਿਉਂਕਿ ਗੁਰੂ ਤੋਂ ਬਗੈਰ ਇਹ ਚੀਜ਼ ਪ੍ਰਾਪਤ ਨਹੀਂ ਹੁੰਦੀ -

ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥
ਅੰਗ - ੨੦

ਸਤਿਗੁਰੂ ਮੇਲ ਮਿਲਾਉਂਦਾ ਹੈ - 'ਨਾਨਕ ਸੋ ਪ੍ਰਭੁ ਨਾਲਿ॥'

ਸੋ ਇਸ ਤਰ੍ਹਾਂ ਇਹ ਤਿੰਨ ਚੀਜ਼ਾਂ ਨੇ - ਸਾਧ ਸੰਗਤ ਜੀ, ਜਿਹੜੀਆਂ ਸਾਨੂੰ ਲੰਘਣ ਨਹੀਂ ਦਿੰਦੀਆਂ, ਕਿਸੇ ਕਿਨਾਰੇ ਨਹੀਂ ਜਾਣ ਦਿੰਦੀਆਂ। ਉਹਦੇ ਵਿਚ ਮਨ ਦਾ ਵੱਡਾ ਹਿੱਸਾ ਹੈ। ਮਨ ਹਨ੍ਹੇਰੇ ਵਿਚ ਹੀ ਰਹਿ ਕੇ ਖੁਸ਼ ਹੈ, ਚਾਨਣੇ ਵਿਚ ਆਉਣਾ ਪਸੰਦ ਨਹੀਂ ਕਰਦਾ; ਵੱਡੇ-ਵੱਡੇ ਮਹਾਂਪੁਰਖਾਂ ਦੀਆਂ ਮਿਸਾਲਾਂ ਨੇ।

ਗੁਰੂ ਦਸ਼ਮੇਸ਼ ਪਾਤਸ਼ਾਹ ਮਹਾਰਾਜ - ਆਪ ਅਨੰਦਪੁਰ ਸਾਹਿਬ ਰਹਿ ਰਹੇ ਨੇ। ਆਸਾਮ ਦਾ ਰਾਜਾ ਆਇਆ, ਉਹਨੇ ਬਹੁਤ ਸਾਰੇ ਤੋਹਫੇ ਗੁਰੂ ਮਹਾਰਾਜ ਵਾਸਤੇ ਲਿਆਂਦੇ, ਭੇਟਾ ਕਰੇ। ਉਨ੍ਹਾਂ ਦੇ ਵਿਚ ਇਕ ਪ੍ਰਸ਼ਾਦੀ ਹਾਥੀ ਸੀ ਜਿਹੜਾ ਬਹੁਤ ਕੌਤਕ ਕਰਦਾ ਸੀ - ਗੰਗਾ ਜਲ ਲਿਆ ਕੇ, ਪਾਣੀ ਲਿਆ ਕੇ ਲੋਟੇ ਦੇ ਅੰਦਰ, ਉਹ ਚਰਨ ਧੁਆਇਆ ਕਰਦਾ ਸੀ ਤੇ ਫੇਰ ਆਪੇ ਹੀ ਤੌਲੀਆ ਲੈ ਕੇ ਪੂੰਝਿਆ ਕਰਦਾ ਸੀ, ਫੇਰ ਚੌਰ ਕਰਿਆ ਕਰਦਾ ਸੀ। ਜਦ ਗੁਰੂ ਮਹਾਰਾਜ ਨੇ ਬਾਣ ਮਾਰਨਾ, ਦੂਰ-ਦੂਰ ਤੱਕ ਨਿਗਾਹ ਰੱਖਦਾ ਸੀ, ਜਾ ਕੇ ਚੁੱਕ ਲਿਆਉਂਦਾ ਸੀ; ਬੜਾ ਅਜੀਬ ਸੀ।

ਇਸੇ ਤਰ੍ਹਾਂ ਇਕ ਬਹੁਤ ਕੀਮਤੀ ਸ਼ਾਮਿਆਨਾ ਕਾਬੁਲ ਦੀ ਸੰਗਤ ਨੇ ਗੁਰੂ ਮਹਾਰਾਜ ਨੂੰ ਬਣਾ ਕੇ ਦਿਤਾ। ਜੋ ਸ਼ਾਮਿਆਨਾ ਔਰੰਗਜ਼ੇਬ ਨੂੰ ਪਹੁੰਚਿਆ ਸੀ, ਇਹ ਉਸ ਤੋਂ ਵਧੇਰੇ ਸੋਹਣਾ ਸੀ। ਉਸ ਵੇਲੇ ਵੱਡੀ ਭਾਰੀ ਇਸ ਦੀ ਕੀਮਤ ਸੀ ਤੇ ਜੋ ਰਾਜਾ ਸੀ - ਭੀਮ ਚੰਦ, ਇਹ ਚੀਜ਼ਾਂ ਦੇਖ ਕੇ ਉਹਦੇ ਮਨ ਵਿਚ ਆਇਆ ਕਿ ਹੋਵੇ ਨਾ ਤਾਂ ਇਹ ਚੀਜ਼ਾਂ ਕਿਸੇ ਤਰੀਕੇ ਨਾਲ ਮੇਰੇ ਕੋਲ ਆ ਜਾਣ; ਗੁਰੂਆਂ ਕੋਲ ਇਨ੍ਹਾਂ ਦਾ ਕੀ ਕੰਮ ਹੈ? ਉਹਦੇ ਲੜਕੇ ਨੂੰ ਸ਼ਗਨ ਪੈਣਾ ਸੀ। ਉਸਨੇ ਗੁਰੂ ਮਹਾਰਾਜ ਤੋਂ ਇਹ ਚੀਜ਼ਾਂ ਮੰਗ ਲਈਆਂ। ਬੜੇ ਛਲ-ਵਲ ਕੀਤੇ ਗਏ; ਪਰਮਾਨੰਦ ਵਜ਼ੀਰ ਸੀ, ਉਹਨੂੰ ਭੇਜਿਆ ਗਿਆ, ਪੰਮੇ ਨੂੰ ਭੇਜਿਆ ਗਿਆ, ਹੋਰ ਚਤਰੂ ਸੀਗਾ - ਕੋਤਵਾਲ, ਉਹਨੂੰ ਭੇਜਿਆ ਗਿਆ। ਜੋ ਬਾਤ ਉਹ ਕਰਿਆ ਕਰਨ, ਗੁਰੂ ਮਹਾਰਾਜ ਜਾਂਦੇ ਨੂੰ ਹੀ ਦੱਸ ਦਿਆ ਕਰਨ ਕਿ ਤੁਸੀਂ ਇਹ ਸਲਾਹ ਕਰਕੇ ਆਏ ਹੋ? ਕਹਿੰਦੇ, ਤੁਹਾਡੇ ਅੰਦਰ ਤਾਂ ਬੇਈਮਾਨੀ ਹੈ। ਤੁਸੀਂ ਕਹਿੰਦੇ ਹੋ ਕਿ ਇਹ ਚੀਜ਼ਾਂ ਲਿਜਾ ਕੇ ਮੁੜ ਕੇ ਨਹੀਂ ਦੇਣੀਆਂ। ਕਹਿੰਦੇ, ਰਾਜੇ ਨੂੰ ਕਹਿ ਦਿਉ ਕਿ ਇਹ ਸੰਗਤ ਦੀਆਂ ਚੀਜ਼ਾਂ ਨੇ, ਸੰਗਤ ਵਾਸਤੇ ਅਰਦਾਸ ਹੋਈਆਂ ਨੇ; ਇਹ ਕਿਸੇ ਰਾਜਿਆਂ ਰਾਣਿਆਂ ਵਾਸਤੇ ਨਹੀਂ ਹੋਈਆਂ।

ਸੋ ਦੂਸਰਾ, ਮਹਾਰਾਜ ਨੇ ਰਣਜੀਤ ਨਗਾਰਾ ਬਣਾ ਲਿਆ। ਉਹ ਜਦ ਵੱਜਦਾ, ਇਹ ਭੀਮ ਚੰਦ ਬਹੁਤ ਖਿਝਦਾ ਸੀ। ਅਖੀਰ

ਝਗੜਾ ਬਹੁਤ ਵਧ ਗਿਆ। ਏਥੋਂ ਤੱਕ ਨੌਬਤ ਆਉਣ ਵਾਲੀ ਹੋ ਗਈ ਕਿ ਯੁੱਧ ਹੋ ਜਾਵੇਗਾ। ਇਸ ਗੱਲ ਨੂੰ ਵਿਚਾਰ ਕੇ ਮਾਤਾ ਜੀ ਬਾਰ-ਬਾਨਰ ਗੁਰੂ ਮਹਾਰਾਜ ਨੂੰ ਕਹਿੰਦੇ ਨੇ ਕਿ ਤੁਸੀਂ ਯੁੱਧ ਵਗੈਰਾ ਨਾ ਕਰੋ। ਕਹਿੰਦੇ, "ਮਾਤਾ ਜੀ! ਕਿੰਨਾ ਕੁ ਚਿਰ ਇਸ ਤਰ੍ਹਾਂ ਅਸੀਂ ਰਹਾਂਗੇ। ਇਹ ਡਰਨਾ ਤੇ ਡਰਾਉਣਾ ਇਸ ਵਾਰੇ ਸਾਡੇ ਪਿਤਾ ਜੀ ਨੇ ਕਿਹਾ ਹੈ ਕਿ -

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਅੰਗ - ੧੪੨੭

ਨ ਡਰੋ, ਨ ਡਰਾਓ। ਸਹੀ ਤਰੀਕੇ ਨਾਲ ਚਲੀ ਜਾਓ। ਪਹਿਲਾਂ ਅਸੀਂ ਬਹੁਤ ਦੇਖ ਚੁੱਕੇ ਹਾਂ। ਸਾਡੇ ਦਾਦਾ ਜੀ ਨੇ, ਪੜਦਾਦਾ ਜੀ ਨੇ ਕਿਸ ਤਰ੍ਹਾਂ ਤੱਤੀਆਂ ਤਵੀਆਂ ਤੇ ਬੈਠ ਕੇ ਕਿਵੇਂ ਤੱਤੀ ਰੇਤ ਸੀਸ ਵਿਚ ਪੁਆਈ, ਕਿੰਨਾ ਕਸ਼ਟ ਸਹਿਆ, ਤੱਤੀ ਤਵੀ ਦੇ ਉਤੇ ਕਿਸ ਤਰ੍ਹਾਂ ਉਨ੍ਹਾਂ ਦਾ ਮਾਸ ਜਲਿਆ, ਕਿਸ ਤਰ੍ਹਾਂ ਦੇ ਨਾਲ ਮੁਸੀਬਤਾਂ ਝੱਲੀਆਂ, ਪਰ ਸ਼ਾਂਤੀ ਨਹੀਂ ਉਨ੍ਹਾਂ ਨੇ ਛੱਡੀ। ਜੇ ਉਹ ਚਾਹੁੰਦੇ, ਇਕ ਫੁਰਨਾ ਕਰ ਦਿੰਦੇ, ਸ਼ਹਿਰਾਂ ਦੇ ਸ਼ਹਿਰ ਗਰਕ ਹੋ ਜਾਂਦੇ। ਉਹ ਵੀ ਦੇਖ ਲਿਆ ਸਭ ਕੁਝ ਕਰਕੇ। ਪਿਤਾ ਜੀ ਨੇ ਕਿੰਨਾ ਧੀਰਜ ਰੱਖਿਆ। ਜੇ ਮਤੀ ਦਾਸ ਨੇ ਇਹ ਗੱਲ ਕਹਿ ਦਿਤੀ ਕਿ ਮਹਾਰਾਜ ਮੈਨੂੰ ਹੁਕਮ ਦਿਉ, ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦਿਆਂ। ਮਹਾਰਾਜ ਕਹਿੰਦੇ, "ਕਿਥੋਂ ਸ਼ਕਤੀ ਆ ਗਈ ਜਿਹੜੀ ਸਾਂਭ ਨਹੀਂ ਹੁੰਦੀ?" ਕਹਿੰਦਾ, "ਪਾਤਸ਼ਾਹ! ਰਾਤ ਤੁਹਾਡੇ ਜੂਠੇ ਛਿਲਕ ਚੂਪੇ ਨੇ; ਜਿਹੜੇ ਛਿਲਕ ਚੂਪ ਕੇ ਆਪ ਨੇ ਸੁੱਟੇ ਸੀ, ਉਹ ਮੈਂ ਚੂਪ ਲਏ।" ਕਹਿੰਦੇ, "ਜਿਹਨੇ ਗੰਨੇ ਚੂਪੇ ਨੇ, ਉਹਦੇ ਵਿਚ ਕਿੰਨੀ ਕੁ ਹੋ ਸਕਦੀ ਹੈ - ਸ਼ਕਤੀ?" ਕਹਿੰਦੇ, "ਜਰ ਇਹਨੂੰ?" ਐਨੀਆਂ ਸ਼ਕਤੀਆਂ ਦੇ ਹੁੰਦੇ ਹੋਏ ਫੇਰ ਆਪ ਨੇ ਸ਼ਹੀਦੀ ਦਿਤੀ। "ਮਾਤਾ ਜੀ! ਜੇ ਇਸ ਤਰ੍ਹਾਂ ਚੱਲਿਆ ਕੰਮ; ਇਹ ਤਾਂ ਬਉਰਾਨੇ ਕੁੱਤੇ ਨੇ, ਹਲਕ ਗਏ ਇਹ; ਇਹ ਤਾਂ ਫੇਰ ਸਾਰਿਆਂ ਨੂੰ ਹੀ ਵੱਢੀ ਜਾਣਗੇ। ਧਰਮ ਦੀ ਰੱਖਿਆ ਵਾਸਤੇ ਸ਼ਕਤੀ ਦੀ ਲੋੜ ਹੈ। ਕਿੰਨਾ ਕੁ ਚਿਰ ਤੁਸੀਂ ਇਸ ਤਰ੍ਹਾਂ ਡਰ ਕੇ ਬੈਠੇ ਰਹੋਗੇ? ਅੱਜ ਇਹ ਹੈ, ਕੱਲ੍ਹ ਨੂੰ ਕੋਈ ਹੋਰ ਹੋ ਜਾਊ, ਪਰਸੋਂ ਨੂੰ ਕੋਈ ਹੋਰ ਹੋ ਜਾਊ। ਇਹ ਤਾਂ ਫੇਰ ਸੰਤਾਂ ਦੀ ਬੰਦਗੀ ਕਰਨੀ ਔਖੀ ਹੋ ਜਾਣੀ ਹੈ ਤੇ ਮੈਂ ਤਾਂ ਸੰਤਾਂ ਨੂੰ ਸਿਪਾਹੀ ਬਣਾਉਣਾ ਹੈ, ਸੰਤ ਬਣਾ ਕੇ ਸਿਪਾਹੀਪਣਾ ਲਿਆਉਣਾ ਹੈ।

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਸਮਝਾਉਣ ਦਾ ਯਤਨ ਕਰਿਆ ਪਰ ਅਖੀਰ ਕੁਦਰਤ ਨੂੰ ਹੋਰ ਮਨਜ਼ੂਰ ਸੀ। ਓਧਰਲੇ ਪਾਸੇ ਨਾਹਨ ਦਾ ਰਾਜਾ ਮੇਦਨੀ ਪ੍ਰਕਾਸ਼ - ਉਹਦੀ ਸ੍ਰੀ ਨਗਰ ਦੇ ਰਾਜੇ ਫਤਹ ਚੰਦ ਦੇ ਨਾਲ ਬਹੁਤ ਜ਼ਿਆਦਾ ਗੜਬੜ ਰਹਿੰਦੀ ਸੀ। ਉਹਨੇ ਇਲਾਕੇ ਦੱਬੇ ਹੋਏ ਸੀ ਪਹਿਲਾਂ। ਮੇਦਨੀ ਪ੍ਰਕਾਸ਼ ਨੇ ਕਾਲਸੀ ਰਿਸ਼ੀ ਕੋਲ ਜਾ ਕੇ ਬੇਨਤੀ ਕਰੀ। ਉਹਨੇ ਕਿਹਾ, ਮੈਂ ਨਹੀਂ ਇਸ ਵੇਲੇ ਕੁਛ ਵੀ ਹੈਗਾ। ਇਸ ਵੇਲੇ ਸੂਰਜ ਚੜ੍ਹ ਚੁਕਿਆ ਹੈ ਤੇ ਜਿਹਨੇ ਸੰਸਾਰ ਦਾ ਉਧਾਰ ਕਰਨਾ ਹੈ, ਉਹਨੂੰ ਪਛਾਣੋ। ਪਛਾਣ ਕਰੀ ਗਈ ਤੇ ਦਸ਼ਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਪਾਸ ਵਜ਼ੀਰ ਭੇਜਿਆ ਤੇ ਉਥੋਂ ਮਹਾਰਾਜ ਪਾਉਂਟਾ ਸਾਹਿਬ ਆ ਗਏ। ਉਥੇ ਆ ਕੇ ਮਹਾਰਾਜ ਜੀ ਨੇ ਬੜੇ ਕੌਤਕ ਕਰੇ।

ਇਕ ਦਿਨ ਉਥੇ ਨੇੜੇ ਰਹਿਣ ਵਾਲਾ ਪੀਰ, ਜਿਹਦਾ ਨਾਉਂ ਪੀਰ ਬੁੱਧੂ ਸ਼ਾਹ ਸੀ, ਚੰਗਾ ਵੱਡਾ ਜਾਗੀਰਦਾਰ ਸੀ - ਸਢੌਰੇ ਦਾ, ਤੇ ਉਹ ਸੂਫੀ ਪੀਰ ਸੀ। ਬੰਦਗੀ ਵੀ ਕਰਦਾ ਸੀ, ਗ੍ਰਿਹਸਤੀ ਵੀ ਸੀ - ਦੋਇ ਕੰਮ ਸੀ ਉਹਦੇ। ਦੁਨੀਆਂਦਾਰ ਵੀ ਪੂਰਾ ਸੀ ਤੇ ਦੀਨਦਾਰ ਵੀ ਪੂਰਾ ਸੀ। ਸ਼ਕਤੀਆਂ ਦਾ ਮਾਲਕ ਸੀ। ਸੇਵਕਾਂ ਦੇ ਕਾਰਜ ਸਾਰੇ ਨਿਭਾ ਦਿਆ ਕਰਦਾ ਸੀ, ਅੰਤਰਜਾਮਤਾ ਪ੍ਰਾਪਤ ਸੀ। ਸਭ ਕੁਝ ਸੀ ਲੇਕਿਨ ਅੰਦਰਲੇ ਪਾਸਿਓਂ ਅਨੁਭਵ ਅਜੇ ਪੂਰੀ ਤਰ੍ਹਾਂ ਖੁਲ੍ਹਿਆ ਨਹੀਂ ਸੀ। ਵੇਦ ਸ਼ਾਸਤਰ ਵੀ ਸੁਣਦਾ ਸੀ ਤੇ ਇਸ ਤੋਂ ਇਲਾਵਾ ਸਮਦ੍ਰਿਸ਼ਟੀ ਸੀ ਉਸਦੀ। ਹਿੰਦੂਆਂ ਵਾਸਤੇ ਪੱਕਾ ਭੋਜਨ ਦਿੰਦਾ ਸੀ ਤੇ ਮੁਸਲਮਾਨਾਂ ਵਾਸਤੇ ਦੂਸਰਾ ਲੰਗਰ ਸੀ। ਸੇਵਾ ਵੀ ਕਰਦਾ ਸੀ, ਸਤਿਸੰਗਤ ਵੀ ਕਰਾਉਂਦਾ ਸੀ, ਸਾਧੂ ਮਹਾਂਪੁਰਸ਼ ਵੀ ਉਥੇ ਆ ਕੇ ਉਹਦੇ ਕਥਾ-ਵਾਰਤਾ ਕਰਦੇ ਸੀ। ਵੇਦਾਂਤ ਦੀ ਕਥਾ ਵੀ ਹੁੰਦੀ ਸੀ ਤੇ ਕੁਰਾਨ ਦੀ ਕਥਾ ਵੀ ਹੁੰਦੀ ਸੀ ਲੇਕਿਨ ਅਜੇ ਤਕ ਅੰਦਰੋਂ ਅਨੁਭਵ ਨਹੀਂ ਸੀ ਖੁਲ੍ਹਿਆ; ਹਨ੍ਹੇਰਾ ਪਿਆ ਸੀ। ਅੰਦਰਲੇ ਪਾਸੇ ਕੁਛ ਪਤਾ ਨਹੀਂ ਸੀ ਲਗਦਾ, ਸੰਸਾ ਪਿਆ ਹੋਇਆ ਸੀ ਤੇ ਉਹਨੇ ਮਹਾਰਾਜ ਦੇ ਕੌਤਕ ਸੁਣੇ ਕਿ ਇਸ ਤਰ੍ਹਾਂ ਕਾਲਸੀ ਰਿਸ਼ੀ ਨੂੰ ਗੁਰੂ ਮਹਾਰਾਜ ਆਪ ਜਾ ਕੇ ਲਿਆਏ ਤੇ ਉਹਨੂੰ ਗਿਆਨ ਕਰਾ ਦਿਤਾ ਤੇ ਅੱਜ ਉਹਦਾ ਚਿੱਤ ਸਥਿਰ ਹੋ ਗਿਆ; ਹੁਣ ਡਾਵਾਂਡੋਲ ਨਹੀਂ ਹੈ, ਉਹ ਪਰਮ ਅਨੰਦ ਵਿਚ ਹੈ। ਇਹ ਆਪਣੇ ਵੱਲ ਵੀ ਦੇਖਦਾ ਸੀ ਕਿ ਮੈਨੂੰ ਅਜੇ ਉਹ ਅਨੰਦ ਪ੍ਰਾਪਤ ਨਹੀਂ ਹੋਇਆ ਜਿਹਦੇ ਬਾਰੇ ਮੈਂ ਸੁਣਦਾਂ।

ਸੋ ਮਨ ਦੇ ਅੰਦਰ ਬੜਾ ਸ਼ੌਕ ਜਾਗਿਆ ਤੇ ਗੁਰੂ ਮਹਾਰਾਜ ਦੀ ਕਿਰਿਆ ਦੇਖ ਕੇ ਕਈ ਵਾਰੀ ਖਿਆਲ ਹੋ ਜਾਂਦਾ ਸੀ ਕਿ ਇਹ ਤਾਂ ਰਾਜਿਆਂ ਵਾਲੀ ਕਿਰਿਆ, ਯੋਧਿਆਂ ਵਾਲੀ ਕਿਰਿਆ ਤੇ ਦੂਜੇ ਪਾਸੇ ਰੂਹਾਨੀਅਤ ਵਿਚ ਵੀ ਪੂਰੇ ਨੇ, ਤੇ ਫੇਰ ਇਹਨੇ ਸੁਣਿਆ - ਇਕ ਦਿਨ ਕਿ ਗੁਰੂ ਮਹਾਰਾਜ ਜਿਨ੍ਹਾਂ ਨੇ ਰਾਜਾ ਮੇਦਨੀ ਪ੍ਰਕਾਸ਼ ਤੇ ਫਤਹਿ ਸ਼ਾਹ ਦਾ ਸਮਝੌਤਾ ਕਰਾ ਦਿਤਾ, ਉਨ੍ਹਾਂ ਦੋਹਾਂ ਦੇ ਨਾਲ ਸ਼ਿਕਾਰ ਕਰਨ ਗਏ। ਉਥੇ ਇਕ ਸ਼ੇਰ ਸੀ - ਬਹੁਤ ਵੱਡਾ। ਉਹਨੂੰ ਗੁਰੂ ਮਹਾਰਾਜ ਨੇ ਤਲਵਾਰ ਨਾਲ ਮਾਰਿਆ ਜਦ ਕਿ ਰਾਜਿਆਂ ਨੇ ਜਵਾਬ ਦੇ ਦਿੱਤਾ ਸੀ। ਤੇ ਇਕ ਕੌਤਕ ਅਜੀਬ ਦੇਖਿਆ ਉਥੇ, ਕਿ ਉਸ ਸ਼ੇਰ ਦੇ ਅੰਦਰੋਂ ਰੂਹ ਨਿਕਲੀ। ਉਨ੍ਹਾਂ ਨੇ ਪੁੱਛਿਆ ਮਹਾਰਾਜ ਤੋਂ, ਇਹ ਕੌਣ ਹੈ? ਮਹਾਰਾਜ ਕਹਿੰਦੇ, ਇਸ ਤਂ ਹੀ ਪੁੱਛ ਲਓ। ਉਸ ਤੋਂ ਜਦ ਪੁੱਛਿਆ ਤਾਂ ਉਹਨੇ ਕਿਹਾ ਕਿ ਮੇਰਾ ਨਾਉਂ ਜੈਦਰਥ ਹੈ, ਮੈਂ ਮਹਾਂਭਾਰਤ ਦੇ ਯੁੱਧ ਦੇ ਅੰਦਰ ਸ਼ਾਮਿਲ ਸੀ ਲੇਕਿਨ ਮੈਂ ਧੋਖੇ ਨਾਲ ਪਾਂਡਵਾਂ ਦੇ ਪੰਜ ਪੁੱਤਰ ਮਾਰ ਦਿਤੇ ਸੀ ਤੇ ਮੈਨੂੰ ਅਰਜਨ ਨੇ ਮਾਰਿਆ। ਉਸ ਵੇਲੇ ਦਾ ਮੈਂ ਤਾਮਸੀ ਜੂਨ ਦੇ ਅੰਦਰ ਘੁੰਮਦਾ ਫਿਰਦਾ ਹਾਂ; ਧੰਨ ਓ ਮਹਾਰਾਜ ਤੁਸੀਂ, ਮੇਰੀ ਖਲਾਸੀ ਕਰਾਈ।

ਇਸ ਗੱਲ ਦਾ ਪ੍ਰਭਾਵ ਸੀ ਸਭ ਦੇ ਉਤੇ ਬਹੁਤ ਪਿਆ। ਇਸ ਨੇ ਵੀ ਸੁਣਿਆ ਤੇ ਕਿਹਾ ਕਿ ਉਹ ਤਾਂ ਪੂਰੇ ਨੇ ਤੇ ਮਨ ਵਿਚ ਖਿਆਲ ਆਇਆ ਕਿ ਹੋਵੇ ਨਾ ਤਾਂ ਮੈਂ ਇਹ ਸੰਸਾ ਜਾ ਕੇ ਗੁਰੂ ਦਸ਼ਮੇਸ਼ ਪਾਤਸ਼ਾਹ ਦੇ ਪਾਸ, ਜਿਨ੍ਹਾਂ ਦੀ ਉਮਰ ਭਾਵੇਂ ਛੋਟੀ ਹੈ ਪਰ ਹੈਨ ਪੂਰੇ ਨੇ ਤੇ ਉਨ੍ਹਾਂ ਦੇ ਕੋਲ ਜਾ ਕੇ ਮੈਂ ਆਪਣਾ ਸੰਸਾ ਨਵਿਰਤ ਕਰਾਂ।

ਚਲਦਾ..........।'

ਬੰਦਗੀ ਨਾਮਾ

ਅਰਥਾਤ

ਸੱਚ ਦੀ ਪ੍ਰਾਪਤੀ ਦੇ ਸਾਧਨ

ਭਾਈ ਸਾਹਿਬ ਰਘਬੀਰ ਸਿੰਘ 'ਬੀਰ'

ਸੱਚੇ ਮਹਾਤਮਾ ਲੱਭਣ ਵਿਚ ਔਕੜ – ਮਹਾਤਮਾ ਦੀ ਸੰਗਤ ਸਬੰਧੀ ਇਕ ਬੜੀ ਔਕੜ ਇਹ ਪੇਸ਼ ਆਉਂਦੀ ਹੈ ਕਿ ਆਮ ਲੋਕਾਂ ਵਾਸਤੇ ਸੱਚੇ ਤੇ ਝੂਠੇ ਮਹਾਤਮਾ ਦੀ ਪਛਾਣ ਕਰਨੀ ਬੜੀ ਮੁਸ਼ਕਲ ਹੈ। ਸੱਚੇ ਮਹਾਤਮਾ ਬੇ-ਪ੍ਰਵਾਹ ਹੋ ਜਾਂਦੇ ਹਨ, ਉਨ੍ਹਾਂ ਨੂੰ ਗੁਮਨਾਮੀ ਦੀ ਜ਼ਿੰਦਗੀ, ਮਸ਼ਹੂਰੀ ਨਾਲੋਂ ਜ਼ਿਆਦਾ ਪਸੰਦ ਆਉਂਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਾਸਤੇ ਉਚੇਚੀ ਤਲਾਸ਼ ਤੇ ਪੁਰਸ਼ਾਰਥ ਜ਼ਰੂਰੀ ਹਨ ਜੋ ਕਿ ਅੱਜਕੱਲ੍ਹ ਦੇ ਆਰਾਮ ਤਲਬ ਲੋਕ ਕਰਨ ਵਾਸਤੇ ਤਿਆਰ ਨਹੀਂ ਹੁੰਦੇ। ਇਸ ਦਾ ਨਤੀਜਾ ਇਹ ਹੈ ਕਿ ਕਈ ਸਾਧਾਰਨ ਲੋਕਾਂ ਨੂੰ ਝੂਠੇ ਤੇ ਦੰਭੀ ਸਾਧੂ ਪ੍ਰਚਾਰਕ ਹਮੇਸ਼ਾਂ ਆਪਣੇ ਧੋਖੇ ਦੇ ਜਾਲ ਵਿਚ ਫਸਾਈ ਰਖਦੇ ਹਨ।

ਅਸਲ ਮਹਾਤਮਾ ਜ਼ਰੂਰੀ ਨਹੀਂ ਕਿ ਸਾਧੂਆਂ ਦੇ ਲਿਬਾਸ ਵਿਚ ਹੀ ਹੋਣ। ਕਈ ਗ੍ਰਿਹਸਤੀ, ਦੁਨੀਆਂਦਾਰ ਬੜੀਆਂ ਉੱਚੀਆਂ ਆਤਮਕ ਅਵਸਥਾਵਾਂ ਵਿਚ ਖੇਡਦੇ ਦੇਖੇ ਗਏ ਹਨ, ਜਿਨ੍ਹਾਂ ਦੀ ਸੰਗਤ ਤੋਂ ਸੱਚੀ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਅਸਲ ਮਹਾਤਮਾ ਕੌਣ ਹੈ? – ਮਹਾਤਮਾ ਅਸਲ ਵਿਚ ਮੈਂ ਉਸ ਨੂੰ ਸਮਝਦਾ ਹਾਂ, ਜਿਸ ਨੇ ਸਿਮਰਨ ਕਰਕੇ ਨਾਮ ਅਭਿਆਸ ਕਮਾਈ ਕਰਕੇ, ਅਨੁਭਵ ਦੇ ਜ਼ਰੀਏ ਕਰਤਾਰ ਦੇ ਦਰ ਨਾਮ ਤਕ ਪਹੁੰਚ ਹਾਸਲ ਕੀਤੀ ਹੋਵੇ। ਮਹਾਤਮਾ ਤੇ ਫਿਲਾਸਫਰ ਵਿਚ ਏਸੇ ਕਰਕੇ ਬੜਾ ਫਰਕ ਹੁੰਦਾ ਹੈ। ਮਹਾਤਮਾ ਵਾਹਿਗੁਰੂ ਨੂੰ ਦੇਖਦਾ ਹੈ, ਸਮਝਦਾ ਹੈ ਅਤੇ ਉਸ ਨਾਲ ਜੁੜਿਆ ਰਹਿੰਦਾ ਹੈ। ਫਿਲਾਸਫਰ ਵਾਹਿਗੁਰੂ ਨੂੰ ਦੇਖਦਾ ਨਹੀਂ, ਆਪਣੀ ਅਕਲ ਅਨੁਸਾਰ ਵਾਹਿਗੁਰੂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਅਤੇ ਆਪਣੀ ਸਮਝ ਅਨੁਸਾਰ ਉਸ ਦਾ ਪ੍ਰਚਾਰ ਕਰਦਾ ਹੈ। ਮਹਾਤਮਾ ਦਾ ਪ੍ਰਚਾਰ ਦਿਲ ਤੋਂ ਨਿਕਲਦਾ ਹੈ, ਲੋਕਾਂ ਦੇ ਦਿਲ ਵਿਚ ਸੀਤਲਤਾ ਦੀ ਸ਼ਕਲ ਵਿਚ ਅਸਰ ਕਰਦਾ ਹੈ। ਇਸ ਤੋਂ ਇਹ ਭਾਵ ਨਹੀਂ ਕਿ ਮਹਾਤਮਾ ਦਾ ਪ੍ਰਚਾਰ ਦਲੀਲ-ਹੀਨ ਹੁੰਦਾ ਹੈ। ਕਮਾਈ ਵਾਲੇ ਮਹਾਂਪੁਰਖ ਦੇ ਪ੍ਰਚਾਰ ਵਿਚ ਦਲੀਲ ਦੀ ਗੁੰਜਾਇਸ਼ ਨਹੀਂ ਰਹਿੰਦੀ। ਉਹ ਜ਼ਿੰਦਗੀ ਦੇ ਸੋਮੇ ਨਾਲ ਜੁੜੇ ਹੋਏ ਰੱਬ ਨੂੰ ਜ਼ਾਹਿਰਾ ਜ਼ਹੂਰ ਹਾਜ਼ਰਾ ਹਜ਼ੂਰ ਦੇਖਦੇ ਤੇ ਜੋ ਦਿਸੇ ਉਸਦਾ ਪ੍ਰਚਾਰ ਕਰਦੇ ਹਨ। ਉਨ੍ਹਾਂ ਦੇ ਪ੍ਰਚਾਰ ਨੂੰ ਇਸ ਵਾਸਤੇ ਦਲੀਲ ਦੀ ਲੋੜ ਨਹੀਂ ਹੁੰਦੀ।

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ – ੮੯੪
ਕਾ ਪਾਤਿਸਾਹੁ ਦਿਸੈ ਜਾਹਰਾ ॥ ਅੰਗ – ੩੯੭

ਦਲੀਲ ਨਾਲ ਕਿਸੇ ਚੀਜ਼ ਦੇ ਸਮਝਣ ਸਮਝਾਣ ਦੀ ਲੋੜ ਉਦੋਂ ਤਕ ਹੁੰਦੀ ਹੈ, ਜਦੋਂ ਤਕ ਉਹ ਚੀਜ਼ ਅੱਖੋਂ ਪਰੇ ਹੋਵੇ, ਦਿਸੇ ਨਾ, ਜਦ ਉਹ ਚੀਜ਼ ਹੀ ਦਿਸ ਪਵੇ, ਫਿਰ ਦਲੀਲ ਦੀ ਲੋੜ ਕੀ?

ਇਲਮ ਅਤੇ ਅਨੁਭਵ ਵਿਚ ਫਰਕ – ਪਾਲ ਡਸਨ ਆਪਣੀ ਪ੍ਰਸਿੱਧ ਕਿਤਾਬ ਦੀ ਐਲੀਮੈਂਟਸ ਆਫ ਮੈਟਾਫਿਰਜ਼ਿਕਸ (The Elements of Metaphysics) ਵਿੱਚ ਲਿਖਦੇ ਹਨ –

There is great difference between knowledge in which subjects and objects are distinct from each other and anubhawa, (absorption into our own self) where subjects and objects coincide in the same.

ਇਸੇ ਤਰ੍ਹਾਂ ਸੀ. ਲੈਨੀਅਨ (C. Lanyon) ਲਿਖਦੇ ਹਨ, Inspiration (anubhawa) so for transends knowledge that there is no possible way of comparing the two.

ਉਲਥਾ – ਇਲਮ ਅਤੇ ਅਨੁਭਵ ਵਿਚ ਬੜਾ ਫਰਕ ਹੈ। ਇਲਮ ਵਿਚ ਕਰਤਾ ਤੇ ਕਾਰਨ ਇਕ ਦੂਸਰੇ ਤੋਂ ਵਖਰੇ ਹੁੰਦੇ ਹਨ, ਪਰ ਅਨੁਭਵ ਵਿਚ ਕਾਰਨ ਤੇ ਕਰਤਾ ਇਕਮਿਕ ਹੋ ਗਏ ਹੁੰਦੇ ਹਨ।

–ਪਾਲ ਡਸਨ

ਅਨੁਭਵ, ਇਲਮ ਨਾਲੋਂ ਇਤਨਾ ਉਚੇਰਾ ਹੁੰਦਾ ਹੈ ਕਿ ਦੋਹਾਂ ਦਾ ਮੁਕਾਬਲਾ ਕਿਸੇ ਤਰ੍ਹਾਂ ਨਹੀਂ ਹੋ ਸਕਦਾ।

–ਸੀ. ਲੈਨੀਅਨ

ਮੈਂ ਹਮੇਸ਼ਾ ਸਿਮਰਨ ਅਭਿਆਸ ਕਰਨ ਵਾਲੇ ਮਹਾਂਪੁਰਖ ਦੀ ਸੰਗਤ, ਭਾਵੇਂ ਉਹ ਗ੍ਰਿਹਸਤੀ, ਭਾਵੇਂ ਤਿਆਗੀ ਹੋਣ, ਖੁਦ ਕੀਤੀ ਹੈ ਤੇ ਸਭ ਨੂੰ ਐਸਾ ਕਰਨ ਦੀ ਸਿਫਾਰਸ਼ ਕਰਾਂਗਾ। ਜਿਸ ਨੇ ਵਾਹਿਗੁਰੂ ਨੂੰ ਦੇਖਣਾ ਸਮਝਣਾ, ਮਿਲਣਾ ਤੇ ਆਪਣੀ ਮਲਕੀਅਤ ਬਨਾਣਾ ਹੋਵੇ, ਉਹ ਉਸ ਨਾਲ ਅੰਦਰੋਂ ਇਕ ਹੋਏ, ਜੁੜੇ ਮਹਾਂਪੁਰਖਾਂ ਦੀ ਸੰਗਤ ਕਰੇ। ਉਨ੍ਹਾਂ ਦੀ ਸੰਗਤ ਦਾ ਅਸਰ ਇਹ ਹੋਵੇਗਾ ਕਿ ਉਸ ਦੇ ਵਿਚ ਵਾਹਿਗੁਰੂ ਦੇ ਮਿਲਣ ਸਬੰਧੀ ਇਕ ਤੜਫ, ਬੇ-ਕਰਾਰੀ ਪੈਦਾ ਹੋਵੇਗੀ ਜੋ ਉਸਨੂੰ ਤੋੜ ਨਿਸ਼ਾਨੇ ਤੇ ਪਹੁੰਚਾ ਕੇ ਬਸ ਕਰੇਗੀ। ਜੋਤ ਤੋਂ ਜੋਤ ਜਾਗਦੀ ਹੈ, ਜਿਨ੍ਹਾਂ ਨੇ ਆਪਣੇ ਅੰਦਰ ਆਤਮਕ ਜੋਤ ਜਗ ਰਹੀ ਹੋਵੇ, ਉਨ੍ਹਾਂ ਦੀ ਹੀ ਸੰਗਤ ਤੋਂ ਬੁਝੀਆਂ ਜੋਤਾਂ ਜਗ ਸਕਦੀਆਂ ਹਨ।

ਮਹਾਤਮਾ ਦੀ ਸੰਗਤ ਦੇ ਤਰੀਕੇ

੧. ਕਿਸੇ ਮਹਾਤਮਾ ਪਾਸ ਉਸ ਨੂੰ ਅਜ਼ਮਾਉਣ ਦੇ ਖਿਆਲ

ਨਾਲ ਨਹੀਂ ਜਾਣਾ ਚਾਹੀਦਾ।

੨. ਕਿਸੇ ਮਹਾਤਮਾ ਨਾਲ ਬਹਿਸ ਨਹੀਂ ਕਰਨੀ ਚਾਹੀਦੀ ਉਤਨੀ ਗੱਲ ਪੁੱਛਣੀ ਚਾਹੀਦੀ ਹੈ, ਜਿਤਨੀ ਲੋੜ ਹੋਵੇ, ਜਿਸ ਕਰਕੇ ਆਤਮਕ ਤਰੱਕੀ ਰੁਕੀ ਹੋਵੇ।

੩. ਮਹਾਤਮਾ ਪਾਸ ਇਸ ਤਰ੍ਹਾਂ ਜਾਵੇ, ਜਿਵੇਂ ਨਦੀ ਕਿਨਾਰੇ ਪਿਆਸੀ ਚਿੜੀ ਆਉਂਦੀ ਹੈ ਅਤੇ ਪਿਆਸ ਨਵਿਰਤ ਕਰਕੇ ਰੱਬ ਦਾ ਸ਼ੁਕਰ ਕਰਦੀ ਵਾਪਸ ਉਡ ਜਾਂਦੀ ਹੈ। ਉਹ ਕਦੀ ਇਹ ਮਾਲੂਮ ਕਰਨ ਦੀ ਕੋਸ਼ਿਸ਼ ਨਹੀਂ ਕਰਦੀ ਕਿ ਨਦੀ ਕਿਥੋਂ ਆਈ ਹੈ, ਕਿੱਥੇ ਜਾ ਰਹੀ ਹੈ, ਕਿੰਨੀ ਡੂੰਘੀ ਅਤੇ ਚੌੜੀ ਹੈ? ਉਸਨੂੰ ਇਹ ਖਿਆਲ ਨਹੀਂ ਆਉਂਦਾ ਕਿ ਮੈਨੂੰ ਮੁੜ ਪਿਆਸ ਲੱਗਣ ਵੇਲੇ ਕਿਤੇ ਇਹ ਨਦੀ ਸੁੱਕ ਤੇ ਨਹੀਂ ਜਾਵੇਗੀ? ਮਹਾਤਮਾ ਨੂੰ ਪ੍ਰਮਾਤਮਾ ਦੀ ਨਦੀ ਸਮਝ ਕੇ ਉਨ੍ਹਾਂ ਪਾਸ ਜਾਣਾ ਅਤੇ ਨੇਕ-ਨੀਤੀ ਦਾ ਸ਼ੰਕਾ ਜਾਂ ਭਰਮ ਨਵਿਰਤ ਕਰਕੇ ਵਾਪਸ ਚਲੇ ਆਉਣਾ ਚਾਹੀਦਾ ਹੈ। ਅਗਰ ਮਹਾਤਮਾ ਚਾਹੁੰਣ ਤਾਂ ਉਨ੍ਹਾਂ ਦੀ ਸੇਵਾ ਵਿਚ ਠਹਿਰਨਾ ਚਾਹੀਦਾ ਹੈ, ਜੇ ਨਾ ਚਾਹੁੰਣ ਤਾਂ ਉਨ੍ਹਾਂ ਦਾ ਸਮਾਂ ਜ਼ਾਇਆ ਨਹੀਂ ਕਰਨਾ ਚਾਹੀਦਾ।

੪. ਮਹਾਤਮਾ ਪਾਸ ਜਾ ਕੇ ਜਿਥੋਂ ਤਕ ਹੋ ਸਕੇ ਸਿਵਾਏ ਆਤਮਕ ਪੁੱਛ-ਗਿੱਛ ਦੇ ਹੋਰ ਕੋਈ ਗੱਲਬਾਤ ਨਹੀਂ ਕਰਨੀ ਚਾਹੀਦੀ। ਪੂਰਨ ਮਹਾਤਮਾ ਨੂੰ ਆਮ ਤੌਰ ਤੇ ਸਿਵਾਇ ਆਤਮਕ ਗੱਲਾਂ ਦੇ ਹੋਰ ਕੁਝ ਚੰਗਾ ਨਹੀਂ ਲਗਦਾ ਅਤੇ ਸੰਸਾਰੀ ਪੁਰਸ਼ਾਂ ਨੂੰ ਮਿਲ ਕੇ, ਭਾਵੇਂ ਉਪਰੋਂ ਕੁਝ ਨਾ ਕਹਿਣ, ਦਿਲੋਂ ਰਾਜ਼ੀ ਨਹੀਂ ਹੁੰਦੇ।

ਮੈਂ ਇਨ੍ਹਾਂ ਤਰੀਕਿਆਂ ਅਨੁਸਾਰ ਮਹਾਤਮਾ ਪਾਸ ਜਾ ਕੇ ਬੜਾ ਲਾਭ ਅਤੇ ਉਨ੍ਹਾਂ ਦੀ ਪ੍ਰਸੰਸਾ ਹਾਸਲ ਕਰਦਾ ਰਿਹਾ ਹਾਂ। ਕਈ ਮਹਾਤਮਾ ਗੱਲਬਾਤ ਕਰਨੀ ਉੱਕੀ ਹੀ ਪਸੰਦ ਨਹੀਂ ਸਨ ਕਰਦੇ, ਪਰ ਮੈਂ ਉਨ੍ਹਾਂ ਪਾਸੋਂ ਕਿੰਨਾ-ਕਿੰਨਾ ਚਿਰ ਬਚਨ ਬਿਲਾਸ ਦਾ ਮੌਕਾ ਲੈਂਦਾ ਰਿਹਾ ਹਾਂ। ਮੈਂ ਬਗੈਰ ਲੋੜ ਦੇ, ਬਗੈਰ ਆਤਮਕ ਰੁਕਾਵਟ ਦੇ ਕਦੀ ਕਿਸੇ ਮਹਾਤਮਾ ਪਾਸ ਜਾ ਕੇ ਉਨ੍ਹਾਂ ਦਾ ਵਕਤ ਹਰਜ਼ ਨਹੀਂ ਕੀਤਾ।

ਸਾਧ ਸੰਗਤ

- ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰੋਜ਼ਾਨਾ ਜੁੜਨਾ, ਕੀਰਤਨ ਕਰਨਾ, ਸੁਣਨਾ, ਆਤਮਕ ਉਨਤੀ ਦਾ ਬੜਾ ਅੱਛਾ ਸਾਧਨ ਹੈ। ਸੰਗਤਾਂ ਵਿਚ ਕਈ ਨਾਮ ਦੇ ਰਸੀਏ, ਕਮਾਈਆਂ ਕਰਨ ਵਾਲੇ ਪੁਰਸ਼ ਆਉਂਦੇ ਰਹਿੰਦੇ ਹਨ, ਜਿਨ੍ਹਾਂ ਦੀ ਛੁਹ ਨਾਲ, ਸੰਗਤ ਨਾਲ, ਅਨੇਕਾਂ ਜੀਵਾਂ ਦਾ ਉਧਾਰ ਹੁੰਦਾ ਰਹਿੰਦਾ ਹੈ। ਇਕ ਅਸਥਾਨ ਤੇ ਰੋਜ਼ਾਨਾ ਇਕੱਠ, ਦੀਨ ਦੁਨੀਆਂ ਦੋਹਾਂ ਪਹਿਲੂਆਂ ਤੋਂ ਜ਼ਰੂਰੀ ਤੇ ਲਾਭਵੰਦ ਹੈ ਕਿਉਂਕਿ ਇਸ ਤਰ੍ਹਾਂ ਦੀ ਇਕੱਤ੍ਰਤਾ ਦੇ ਗੁਣ ਆਮ ਸਿੱਖਾਂ ਦੇ ਦਿਲਾਂ ਉਤੇ ਪੁਸ਼ਤਾਂ ਤੋਂ ਘਰ ਕਰੀ ਬੈਠੇ ਹਨ, ਇਸ ਲਈ ਜ਼ਿਆਦਾ ਲਿਖਣ ਦੀ ਲੋੜ ਨਹੀਂ। ਇਸ਼ਾਰੇ ਮਾਤਰ ਇਹ ਦੱਸਣਾ ਕਾਫੀ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ, ਨੇਕ, ਸ਼ੁਭ ਅਤੇ ਪ੍ਰਮਾਰਥਕ ਵਿਚਾਰਾਂ ਹੀ ਹੋਣੀਆਂ ਚਾਹੀਦੀਆਂ ਹਨ। ਦੀਵਾਨਾਂ ਵਿਚ ਪ੍ਰਾਰਟੀ ਪ੍ਰਚਾਰ, ਨਿੰਦਿਆ, ਚੁਗਲੀ, ਗਾਲੀ ਗਲੋਚ, ਇਕ ਦੂਸਰੇ ਦੀ ਬੇ-ਇਜ਼ਤੀ ਕਰਨ ਨਾਲ ਜੈਸਾ ਕਿ ਅੱਜਕੱਲ੍ਹ ਕਈ ਜਗ੍ਹਾ ਤੇ ਹੁੰਦਾ ਹੈ, ਸਿੱਖਾਂ ਦੀ ਇਸ ਪਵਿੱਤਰ ਤੇ ਪੁਰਾਤਨ ਮਰਿਯਾਦਾ ਦੇ ਅਸਲੀ ਫਾਇਦੇ ਦਿਨ-ਬ-ਦਿਨ ਗੁੰਮ ਹੋ ਰਹੇ ਹਨ। ਵਿਚਾਰਵਾਨ ਨੇਕ ਅਤੇ ਮੁਤਲਾਸ਼ੀ ਪੁਰਸ਼ਾਂ ਦੀ ਅੱਜ ਦੇ ਦਿਵਾਨਾਂ ਵਿਚ ਸ਼ਰਧਾ ਤੇ ਗਿਣਤੀ ਘਟ ਰਹੀ ਹੈ। ਇਸ ਦਾ ਕਾਰਨ ਦੀਵਾਨਾਂ ਵਿਚ ਸਰਬਤ ਦੇ ਭਲੇ ਦੀਆਂ ਆਤਮਕ ਵਿਚਾਰਾਂ ਦੀ ਬਜਾਏ, ਜ਼ਾਤੀ ਝਗੜੇ ਝਾਂਜਿਆਂ ਦਾ ਹੁੰਦੇ ਰਹਿਣਾ ਹੈ। ਜਿਉਂ-ਜਿਉਂ ਸਿੱਖਾਂ ਵਿਚ ਜਾਗਰਤੀ ਆਵੇਗੀ, ਮੇਰਾ ਯਕੀਨ ਹੈ, ਇਹ ਆਰਜ਼ੀ ਨੁਕਸ ਖੁਦ-ਬ-ਖੁਦ ਦੂਰ ਹੋ ਜਾਵੇਗਾ।

ਆਤਮਾ ਪ੍ਰਮਾਤਮਾ ਦੀ ਸੰਗਤ – ਜਦ ਅਭਿਆਸੀ ਨੂੰ ਪੁਸਤਕਾਂ ਤੇ ਮਹਾਤਮਾਵਾਂ ਦੀ ਸੰਗਤ ਤੋਂ ਆਪਣੇ ਅੰਦਰ ਦਾ ਚਾਨਣ ਹੋ ਜਾਵੇ, ਉਹ ਬਾਹਰ ਭਟਕਣ ਦੀ ਥਾਂ ਆਪਣੀ ਖੋਜ ਦਾ ਰੁਖ ਅੰਦਰ ਵਲ ਮੋੜਦਾ ਹੈ। ਉਸਨੂੰ ਜੋ ਸਵਾਦ, ਰਸ ਤੇ ਸ਼ਾਂਤੀ ਪੁਸਤਕਾਂ ਜਾਂ ਸਾਧ ਸੰਗਤ ਵਿਚ ਆਉਂਦੇ ਸਨ, ਹੁਣ ਆਪਣੇ ਅੰਦਰੋਂ ਹੀ ਆਉਣ ਲਗ ਜਾਂਦੇ ਹਨ। ਜਿਉਂ-ਜਿਉਂ ਉਸ ਦਾ ਪਰਚਾ ਆਪਣੀ ਆਤਮਾ ਨਾਲ ਪੈਂਦਾ ਜਾਵੇ, ਉਹ ਬਾਹਰ ਦੀ ਦੁਨੀਆਂ, ਬਾਹਰ ਦੇ ਵਸੀਲਿਆਂ ਤੋਂ ਆਜ਼ਾਦ ਹੁੰਦਾ, ਆਪਣੇ ਅੰਦਰਲੇ ਨਾਲ ਜੁੜਦਾ ਤੇ ਟਿਕਦਾ ਜਾਂਦਾ ਹੈ।

ਕੁਝ ਚਿਰ ਆਪਣੀ ਆਤਮਾ ਦੀ ਸੰਗਤ ਕਰਨ ਮਗਰੋਂ ਅਭਿਆਸ ਵਧ ਜਾਣ ਨਾਲ ਅਭਿਆਸੀ ਆਪਣੀ ਆਤਮਾ ਵਿਚ ਪ੍ਰਮਾਤਮਾ ਦਾ ਦੀਦਾਰ ਕਰਦਾ ਹੈ। ਆਪਣੇ ਘਰ ਵਿਚ ਇਕ ਨਵਾਂ ਘਰ ਦੇਖਦਾ ਹੈ। ਹੁਣ ਉਹ ਇਸ ਨਿਜ ਘਰ ਵਿਚ ਨਿਵਾਸ ਕਰਦਾ ਹੈ।

ਇਸ ਅਵਸਥਾ ਵਿਚ ਕਈ ਮਹਾਂਪੁਰਸ਼, ਲੋਕਾਂ ਵਿਚ ਆਉਂਦੇ ਜਾਂਦੇ, ਦੀਵਾਨਾਂ ਵਿਚ ਦਰਸ਼ਨ ਦਿੰਦੇ ਰਹਿੰਦੇ ਹਨ। ਉਨ੍ਹਾਂ ਦਾ ਅਸਲ ਭਾਵ ਹੁਣ ਬਾਹਰ ਦੀ ਦੁਨੀਆਂ ਤੋਂ ਕੁਛ ਹਾਸਲ ਕਰਨਾ ਨਹੀਂ ਹੁੰਦਾ, ਬਲਕਿ ਗੁਰਮੁਖਾਂ ਦੀ, ਮੁਤਲਾਸ਼ੀਆਂ ਦੀ, ਭਟਕਦਿਆਂ ਦੀ ਮਦਦ ਕਰਨਾ ਹੁੰਦਾ ਹੈ। ਪ੍ਰਮਾਤਮਾ ਦੀ ਸੰਗਤ ਅਭਿਲਾਸ਼ੀ ਦਾ ਹੋਰ ਸਭ ਸੰਗਤਾਂ ਤੋਂ ਛੁਟਕਾਰਾ ਕਰਾ ਦਿੰਦਾ ਹੈ। ਉਹ ਆਪਣੇ ਅੰਦਰ ਆਪਣੇ ਕਰਤਾ ਦਾ ਹਰ ਵਕਤ ਦੀਦਾਰ ਕਰ ਕਰ ਖੀਵਾ ਹੁੰਦਾ ਹੈ। ਆਪਣੀ ਸਾਰੀ ਭਗਤੀ, ਭਾਲ, ਘਾਲਣਾ ਦਾ ਅੰਮ੍ਰਿਤ ਫਲ ਭੋਗਦਾ ਹੈ। ਆਖੀਰ ਵਿਚ ਉਸਨੂੰ ਪ੍ਰਮਾਤਮਾ ਨਾਲ ਐਸਾ ਜੁੜਨਾ, ਇਕਮਿਕ ਹੋਣਾ ਆ ਜਾਂਦਾ ਹੈ ਕਿ ਪ੍ਰਮਾਤਮਾ ਦਾ ਰੂਪ ਬਣ ਕੇ ਫੇਰ ਕਦੀ ਨਹੀਂ ਵਿਛੜਦਾ। 'ਦੋਊ ਤੇ ਏਕ ਰੂਪ' ਹੋ ਜਾਂਦਾ ਹੈ। ਹਰ ਇਕ ਸਿੱਖ ਦਾ, ਅਭਿਆਸੀ ਦਾ ਇਹੀ ਨਿਸ਼ਾਨਾ ਹੋਣਾ ਚਾਹੀਦਾ ਹੈ। ਸਰੀਰਕ ਜੀਵਨ ਦਾ ਇਹੋ ਮਨੋਰਥ ਹੈ।

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ ॥ ਅੰਗ - ੧੩
ਸਚੁ ਤਾਂ ਪਰੁ ਜਾਣੀਐ ਜਾ
ਆਤਮ ਤੀਰਥਿ ਕਰੇ ਨਿਵਾਸੁ ॥ ਅੰਗ - ੪੬੮

ਅਰਦਾਸ

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥

ਅੰਗ - ੮੧੯

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥

ਅੰਗ - ੪੦੩

ਅਰਦਾਸ ਅੰਦਰ ਸ੍ਰੀ ਵਾਹਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਸਮਝ ਕੇ ਉਸ ਨਾਲ ਗੱਲਾਂ ਕਰੀਦੀਆਂ ਹਨ। ਉਹ ਗੱਲਾਂ ਕਈ ਕਿਸਮ ਦੀਆਂ ਹੋ ਸਕਦੀਆਂ ਹਨ -

(ੳ) ਸਰੀਰਕ ਲੋੜਾਂ ਜਾਂ ਆਤਮਕ ਭਲਾਈ ਵਾਸਤੇ ਬੇਨਤੀਆਂ ਕਰਨੀਆਂ।

(ਅ) ਦੁਖ, ਤਕਲੀਫ, ਬੀਮਾਰੀ ਵਿਚ ਸ੍ਰੀ ਵਾਹਿਗੁਰੂ ਜੀ ਦੀ ਸਹਾਇਤਾ ਚਾਹੁੰਣੀ, ਜਾਂ ਔਕੜਾਂ, ਮੁਸ਼ਕਲਾਂ ਨਾਲ ਮੁਕਾਬਲਾ ਕਰਨ ਦੀ ਦਲੇਰੀ ਤੇ ਸ਼ਕਤੀ ਮੰਗਣੀ।

(ੲ) ਵਾਹਿਗੁਰੂ ਵਲੋਂ ਮਿਲੀਆਂ ਹੋਈਆਂ ਦਾਤਾਂ ਅਤੇ ਸੁੱਖਾਂ ਦਾ ਧੰਨਵਾਦ ਕਰਨਾ ਤੇ ਇਨ੍ਹਾਂ ਦੇ ਕਾਇਮ ਰਹਿਣ ਲਈ ਯਾਚਨਾ ਕਰਨੀ।

(ਸ) ਵਾਹਿਗੁਰੂ ਦੇ ਹੁਕਮ ਜਾਂ ਰਜ਼ਾ ਵਿਚ ਆਪਣੀ ਅਸਲੀ ਭਲਾਈ ਪ੍ਰਤੀਤ ਕਰਦਿਆਂ ਹੋਇਆਂ, ਰਜ਼ਾ ਵਿਚ ਰਾਜ਼ੀ ਰਹਿਣ ਦੀ ਇਛਿਆ ਪ੍ਰਗਟ ਕਰਨੀ।

(ਹ) ਦੂਸਰਿਆਂ ਦੀ ਭਲਾਈ ਅਤੇ ਸੁਖ ਵਾਸਤੇ ਬੇਨਤੀ ਕਰਨੀ।

ਸਫਲ ਅਰਦਾਸ ਵਾਸਤੇ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਜ਼ਰੂਰੀ ਹੈ -

(੧) ਵਾਹਿਗੁਰੂ ਦੀ ਹਸਤੀ ਵਿਚ ਪੂਰਾ ਯਕੀਨ

(੨) ਵਾਹਿਗੁਰੂ ਦੀ ਅਰਦਾਸ ਨੂੰ ਪੂਰਿਆਂ ਕਰਨ ਦੀ ਸਮਰੱਥਾ ਵਿਚ ਦ੍ਰਿੜ੍ਹ ਵਿਸ਼ਵਾਸ਼।

(੩) ਆਪਣੀ ਅਰਦਾਸ ਦੇ ਜਾਇਜ਼ ਚੰਗਿਆਂ ਹੋਣ ਵਿਚ ਭਰੋਸਾ।

(੪) ਆਪਣੀ ਅਰਦਾਸ ਦੇ ਪੂਰਿਆਂ ਹੋਣ ਉਤੇ ਪੂਰੀ ਉਮੀਦ।

(੫) ਅਰਦਾਸ ਸਮੇਂ ਦਿਲ ਦਾ ਵਾਹਿਗੁਰੂ ਸਬੰਧੀ ਅਦਬ ਤੇ ਪ੍ਰੇਮ ਨਾਲ ਭਰਪੂਰ ਹੋਣਾ।

(੬) ਅਰਦਾਸ ਵੇਲੇ ਦਿਲ ਦਾ ਨਿਰਮਾਣ ਤੇ ਆਸਵੰਦ ਹੋਣਾ।

ਇਨ੍ਹਾਂ ਛੇਆਂ ਸ਼ਰਤਾਂ ਨੂੰ ਪੂਰਿਆਂ ਕੀਤਿਆਂ ਅਰਦਾਸ ਕਦੀ ਖਾਲੀ ਨਹੀਂ ਜਾਂਦੀ, ਜ਼ਰੂਰ ਮਨਜ਼ੂਰ ਹੁੰਦੀ ਹੈ।

ਪਿਛਲੇ ਜੀਵਨ ਤੇ ਵਿਚਾਰ ਕੀਤਿਆਂ ਮੈਂ ਦੇਖਦਾ ਹਾਂ ਕਿ ਮੇਰੇ ਆਪਣੇ ਸ਼ੰਕਿਆਂ ਕਰਕੇ ਕਦੀ ਅਰਦਾਸਾਂ ਪੂਰੀਆਂ ਨਾ ਹੋਈਆਂ, ਕਈ ਦੇਰ ਨਾਲ ਪੂਰੀਆਂ ਹੋਈਆਂ, ਪਰ ਐਸਾ ਕੋਈ ਸਮਾਂ ਯਾਦ ਨਹੀਂ ਆਉਂਦਾ ਜਦ ਉਹ ਉਪਰਲੀਆਂ ਸ਼ਰਤਾਂ ਦੀ ਪਾਲਣਾ ਦੇ ਬਾਵਜੂਦ ਅਰਦਾਸ ਪੂਰੀ ਨਾ ਹੋਈ ਹੋਵੇ। ਵਿਸ਼ਵਾਸ਼ ਨਾਲ ਨਿਰਮਾਣ ਹੋ ਕੇ ਕੀਤੀ ਹੋਈ ਅਰਦਾਸ ਐਡੀ ਛੇਤੀ ਪ੍ਰਵਾਨ ਹੁੰਦੀ ਹੈ ਕਿ ਹੈਰਾਨੀ ਦੀ ਹੱਦ ਨਹੀਂ ਰਹਿੰਦੀ। ਕਈ ਇਨਸਾਨੀ ਅਕਲ ਵਿਚ ਨਾ ਆਉਣ ਵਾਲੀਆਂ ਗੱਲਾਂ ਅਰਦਾਸ ਦੇ ਜ਼ਰੀਏ ਪਰਤੱਖ ਹੁੰਦੀਆਂ ਦੇਖੀਆਂ ਹਨ।

ਅਰਦਾਸ ਦੇ ਦੋ ਤਰੀਕੇ ਹਨ -

(ੳ) ਸੰਗਤਾਂ ਦੀ, ਦੀਵਾਨਾਂ ਵਿਚ ਮਿਲਵੀਂ ਅਰਦਾਸ, (Congregational Prayer)

(ਅ) ਹਰ ਇਕ ਸਿੱਖ ਦੀ ਇਕੱਲੀ ਇੱਕਲੀ ਅਰਦਾਸ (Individual Prayer)

ਪਹਿਲੀ ਕਿਸਮ ਦੀ ਅਰਦਾਸ ਦਾ ਸਿੱਖਾਂ ਵਿਚ ਸ਼ੁਰੂ ਤੋਂ ਰਿਵਾਜ ਚਲਿਆ ਆਉਂਦਾ ਹੈ। ਇਸ ਦੇ ਫਾਇਦੇ ਤੇ ਲੋੜਾਂ ਅਣਗਿਣਤ ਹਨ, ਇਹ ਅਰਦਾਸ ਸਿੱਖਾਂ ਦੀ ਕੌਮ ਨੂੰ ਸੁਰਜੀਤ ਰੱਖਣ ਦਾ ਇੱਕ ਵੱਡਾ ਕਾਰਨ ਹੈ। ਖਾਲਸੇ ਦੀ ਰੋਜ਼ਾਨਾ ਇਕੱਤਰਤਾ, ਕੀਰਤਨ ਸਰਵਣ ਕਰਨਾ, ਸਭ ਦੀ ਰਲ ਕੇ ਵਾਹਿਗੁਰੂ ਅੱਗੇ ਅਰਦਾਸ, ਪ੍ਰਾਰਥਨਾ, ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਸ਼ਹੀਦ ਸਿੰਘਾਂ ਸਿੰਘਣੀਆਂ ਦਾ ਜ਼ਿਕਰ ਭਰੋਸਾ ਦਾਨ, ਸਿਦਕ ਦਾਨ, ਦਾਨਾਂ ਸਿਰ ਦਾਨ ਨਾਮ ਦਾਨ ਮੰਗਣਾ, ਚੜ੍ਹਦੀਆਂ ਕਲਾ ਤੇ ਸਰਬੱਤ ਦੇ ਭਲੇ ਦੀ ਯਾਚਨਾ, ਗੁਰਦਵਾਰਿਆਂ, ਗੁਰ ਤੀਰਥਾਂ, ਚੌਕੀਆਂ, ਝੰਡਿਆਂ, ਬੁੰਗਿਆਂ, ਨਿਸ਼ਾਨਾਂ ਦੇ ਜੁਗੋ ਜੁਗ ਅਟੱਲ ਰਹਿਣ ਵਾਸਤੇ ਬੇਨਤੀ, ਕੌਮੀ ਜੀਵਨ ਨੂੰ ਕਾਇਮ ਰੱਖਣ ਦਾ ਨਿਹਾਇਤ ਚੰਗਾ ਤਰੀਕਾ ਹੈ। ਇਸ ਤਰ੍ਹਾਂ ਕੌਮ ਦਾ ਸਾਰਾ ਇਤਿਹਾਸ ਰੋਜ਼ ਦੁਹਰਾਇਆ ਜਾਂਦਾ ਹੈ, ਇਤਿਹਾਸਕ ਯਾਦ ਤਾਜ਼ਾ ਹੋ ਜਾਂਦੀ ਹੈ, ਖਾਲਸੇ ਦੇ ਦਿਲ ਵਿਚ ਕੌਮੀ ਪਿਆਰ, ਅਣਖ ਤੇ ਕੁਰਬਾਨੀ ਦੀ ਚਿਣਗ ਸਦਾ ਧੁਖਦੀ ਰਹਿੰਦੀ ਹੈ।

ਦੂਜੀ ਕਿਸਮ ਦੀ ਸ਼ਖਸੀ ਜਾਂ ਇਕੱਲੇ ਇਕੱਲੇ ਸਿੱਖ ਦੀ ਅਰਦਾਸ ਦੀਵਾਨਾਂ ਵਾਲੀ ਲੰਮੀ ਅਰਦਾਸ ਵੀ ਹੋ ਸਕਦੀ ਹੈ ਅਤੇ ਆਪਣੀ ਬੋਲੀ ਵਿਚ ਆਪਣੀ-ਆਪਣੀ ਲੋੜ ਤੇ ਖਿਆਲਾਂ ਅਨੁਸਾਰ ਛੋਟੀ ਵੀ। ਆਪਣੇ ਤਰੀਕੇ ਤੇ ਆਪਣੀ ਹਾਲਤ ਦੇ ਮੁਤਾਬਿਕ ਅਰਦਾਸ ਵਾਸਤੇ ਲਫਜ਼ਾਂ ਆਵਾਜ਼, ਢੰਗ, ਮਰਯਾਦਾ ਕਿਸੇ ਚੀਜ਼ ਦੀ ਖਾਸ ਲੋੜ ਨਹੀਂ, ਕੇਵਲ ਮਨ ਨੂੰ ਇੱਕ ਖਾਸ ਨਿਮਰਤਾ ਦੀ ਹਾਲਤ ਵਿਚ ਲਿਆਉਣਾ ਜ਼ਰੂਰੀ ਹੈ, ਜਿਥੇ ਇਹ ਤੁਕ ਘਟ ਸਕੇ-

ਮੈ ਨਾਹੀ ਕਛੁ ਆਹਿ ਨ ਮੋਰਾ ॥ ਅੰਗ - ੩੩੬

ਐਸੀ ਅਰਦਾਸ ਆਤਮਾ ਤੋਂ ਪ੍ਰਮਾਤਮਾ ਵਲ ਉਡਦੀ ਹੈ। ਆਤਮਾ ਦੀ ਬੋਲੀ ਵਿਚ ਉਚੀ-ਉਚੀ ਫਿਕਰੇ ਬੋਲਣ ਦੀ ਲੋੜ ਨਹੀਂ ਹੁੰਦੀ ਕੇਵਲ ਖਿਆਲ ਹੀ ਇਕ ਪਾਸਿਓਂ ਦੂਜੇ ਪਾਸੇ ਪਹੁੰਚਦੇ ਹਨ, (It is a language of ideas) ਇਹ ਸੰਕਲਪਾਂ ਜਾਂ ਫੁਰਨਿਆਂ ਦੀ ਬੋਲੀ ਹੁੰਦੀ ਹੈ।

ਜਦ ਅਰਦਾਸ ਕਰਨ ਦਾ ਠੀਕ ਤਰੀਕਾ ਆ ਜਾਵੇ ਤਾਂ ਅਰਦਾਸ ਦਾ ਜਵਾਬ ਝਟਪਟ ਆਉਂਦਾ ਹੈ। ਆਪਣੇ ਆਪ ਨੂੰ ਯਕੀਨ ਹੋ ਜਾਂਦਾ ਹੈ ਕਿ ਅਰਦਾਸ ਮਨਜ਼ੂਰ ਹੋ ਗਈ ਹੈ। ਇਸ ਵੇਲੇ ਇਕ ਅਜੀਬ ਖੁਸ਼ੀ ਪ੍ਰਤੀਤ ਹੁੰਦੀ ਹੈ। ਕੁਛ ਸਮੇਂ ਬਾਅਦ ਆਪਣੀ ਅਰਦਾਸ ਨੂੰ ਦ੍ਰਿਸ਼ਟੀਮਾਨ ਰੂਪ ਚਿੰਨ੍ਹ ਦੀ ਦੁਨੀਆਂ ਵਿਚ ਪ੍ਰਤੱਖ ਜ਼ਹੂਰ ਵਿਚ ਆਉਂਦੇ ਦੇਖ ਕੇ ਬੜੀ ਅਚੰਭੇ ਭਰੀ ਪ੍ਰਸੰਨਤਾ ਹੁੰਦੀ ਹੈ।

ਸ਼ਖਸੀ ਅਰਦਾਸ ਹਰ ਇਕ ਆਦਮੀ ਦੀ ਇਕੋ ਜੇਹੀ ਨਹੀਂ ਹੋ ਸਕਦੀ, ਕਿਉਂਕਿ ਹਰ ਸ਼ਖਸ ਦੀ ਆਤਮਕ ਅਵਸਥਾ ਵੱਖੋ-ਵੱਖਰੀ ਹੁੰਦੀ ਹੈ।

ਜੀਅ ਕੀ ਬਿਰਥਾ ਹੋਇ ਸੁ
ਗੁਰ ਪਹਿ ਅਰਦਾਸਿ ਕਰਿ ॥
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥
ਅੰਗ - ੫੧੯

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ
ਪ੍ਰਭ ਆਗੈ ਅਰਦਾਸਿ ॥ ਅੰਗ - ੭੧੪

ਅਰਦਾਸ ਦੀ ਪਹਿਲੀ ਅਵਸਥਾ

ਸਰੀਰਕ ਸੁੱਖਾਂ ਦੀ ਅਰਦਾਸ - ਆਮ ਆਦਮੀ ਸਰੀਰਕ ਜਾਂ ਦੁਨਿਆਵੀ ਸੁਖਾਂ ਵਾਸਤੇ ਅਰਦਾਸ ਕਰਦੇ ਹਨ। ਇਨਸਾਨ ਦੀ ਬਹੁ-ਗਿਣਤੀ ਏਸੇ ਸ਼੍ਰੇਣੀ ਵਿਚ ਆ ਜਾਂਦੀ ਹੈ। ਆਪਣੀ ਸਰੀਰਕ ਜਾਂ ਦੁਨਿਆਵੀ ਉਨਤੀ ਵਾਸਤੇ ਪ੍ਰਾਰਥਨਾ ਕਰਨੀ ਕੋਈ ਬੁਰੀ ਗੱਲ ਨਹੀਂ, ਜੋ ਲੋਕ ਆਖਦੇ ਹਨ ਕਿ -

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥
ਅੰਗ - ੯੫੮

ਉਹ ਇਹ ਨਹੀਂ ਜਾਣਦੇ ਕਿ ਨਾਮ ਦੀ ਉਚਤਾ ਅਤੇ ਸਾਰੇ ਪਦਾਰਥਾਂ ਨਾਲੋਂ ਵਿਸ਼ੇਸ਼ਤਾ, ਹਰ ਕਿਸੇ ਦੀ ਸਮਝ ਵਿਚ ਆਉਣੀ ਔਖੀ ਹੈ। ਇਨਸਾਨ ਰੱਬ ਪਾਸੋਂ ਹਮੇਸ਼ਾ ਉਹ ਚੀਜ਼ ਮੰਗਦਾ ਹੈ, ਜਿਸਨੂੰ ਉਹ ਸਭ ਤੋਂ ਚੰਗੀ ਤੇ ਜ਼ਰੂਰੀ ਸਮਝੇ। ਜਦ ਤਕ ਨਾਮ ਨਾਲ ਪਿਆਰ, ਇਸ ਦਾ ਅਭਿਆਸ ਤੇ ਇਸ ਦੇ ਵਡਮੁੱਲੇ ਲਾਭਾਂ ਦਾ ਇਨਸਾਨ ਨੂੰ ਪਤਾ ਨਾ ਲਗ ਜਾਵੇ, ਤਦ ਤਕ ਨਾਮ ਤੋਂ ਬਿਨਾਂ ਹੋਰ ਕੁਝ ਨਾ ਮੰਗਣਾ ਅਸੰਭਵ ਹੈ। ਹੱਥ ਜੋੜ ਕੇ, ਅੱਖਾਂ ਮੀਟ ਕੇ ਨਾਮ-ਦਾਨ ਮੰਗਣਾ ਤੇ ਦਿਲ ਵਿਚ ਦੁਨੀਆਂ ਦੇ ਸਾਧਾਰਨ ਸੁੱਖਾਂ ਵਾਸਤੇ ਤਰਸਣਾ, ਕਿਸੇ ਪਾਸੇ ਵੀ ਪੂਰੀ ਨਹੀਂ ਪੈਣ ਦਿੰਦਾ। ਇਸ ਤਰ੍ਹਾਂ ਕਰਨਾ ਸਗੋਂ ਜ਼ਾਹਿਰਦਾਰ ਤੇ ਪਖੰਡੀ ਬਣਾ ਦਿੰਦਾ ਹੈ। ਜ਼ਿੰਦਗੀ ਦੇ ਜਾਇਜ਼ ਸੁਖ, ਜਿਹਾ ਕਿ ਤੰਦਰੁਸਤੀ ਇੱਜ਼ਤ ਦੀ ਗੁਜ਼ਰਾਨ, ਗਮਾਂ, ਫਿਕਰਾਂ, ਬੀਮਾਰੀ ਤੋਂ ਆਜ਼ਾਦੀ, ਬਾਲ ਬੱਚੇ ਵਿਚ ਬੈਠਣ ਦੀ ਖੁਸ਼ੀ ਆਦਿ ਇਨਸਾਨੀ ਸਾਧਾਰਨ ਲੋਕਾਂ ਵਾਸਤੇ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਨੀ ਕੋਈ ਔਗੁਣ ਨਹੀਂ। ਭਗਤ, ਗੁਰੂ, ਪੀਰ, ਆਤਮਕ ਦਾਤਾਂ ਤੋਂ ਇਲਾਵਾ ਜ਼ਰੂਰੀ ਦੁਨਿਆਵੀ ਸੁਖ, ਰੱਬ ਪਾਸੋਂ ਬਗੈਰ ਸੰਕੋਚ ਮੰਗਦੇ ਆਏ ਹਨ।

ਕਬਯੋ ਵਾਚ ਬੇਨਤੀ ਚੌਪਈ ਪਾ: ੧੦
ਹਮਰੀ ਕਰੋ ਹਾਥ ਦੇ ਰੱਛਾ।
ਪੂਰਨ ਹੋਇ ਚਿੱਤ ਕੀ ਇੱਛਾ।
ਤਵ ਚਰਨਨ ਮਨ ਰਹੈ ਹਮਾਰਾ।
ਅਪਨਾ ਜਾਨ ਕਰੋ ਪ੍ਰਤਿਪਾਰਾ।
ਹਮਰੇ ਦੁਸਟ ਸਭੈ ਤੁਮ ਘਾਵਹੁ।
ਆਪੁ ਹਾਥ ਦੈ ਮੋਹਿ ਬਚਾਵਹੁ।
ਸੁਖੀ ਬਸੈ ਮੋਰੋ ਪਰਵਾਰਾ।
ਸੇਵਕ ਸਿੱਖ ਸਭੈ ਕਰਤਾਰਾ।
ਸੇਵਕ ਸਿੱਖ ਹਮਾਰੇ ਤਾਰੀਅਹਿ।
ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ।

ਧਨਾਸਰੀ ਧੰਨਾ ਜੀ -
ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ
॥ ੧ ॥ ਰਹਾਉ ॥ ਦਾਲਿ ਸੀਧਾ ਮਾਗਉ ਘੀਉ ॥
ਹਮਰਾ ਖੁਸੀ ਕਰੈ ਨਿਤ ਜੀਉ ॥
ਪਨ੍ਹੀਆ ਛਾਦਨੁ ਨੀਕਾ ॥
ਅਨਾਜੁ ਮਗਉ ਸਤ ਸੀ ਕਾ ॥ ੧ ॥
ਗਊ ਭੈਸ ਮਗਉ ਲਾਵੇਰੀ ॥
ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥
ਜਨੁ ਧੰਨਾ ਲੇਵੈ ਮੰਗੀ ॥ ਅੰਗ - ੬੯੫

ਦੂਸਰੀ ਅਵਸਥਾ

ਜਿਉਂ-ਜਿਉਂ ਆਤਮਕ ਅਵਸਥਾ ਤਰੱਕੀ ਕਰਦੀ ਜਾਵੇ, ਤਿਉਂ-ਤਿਉਂ ਇਨਸਾਨ ਦੀਆਂ ਖਾਹਿਸ਼ਾਂ, ਮੰਗਾਂ ਤੇ ਅਰਦਾਸਾਂ ਬਦਲਦੀਆਂ ਜਾਂਦੀਆਂ ਹਨ। ਉਹ ਸਰੀਰਕ ਸੁੱਖਾਂ ਨਾਲੋਂ ਜ਼ਿਆਦਾ ਅਨੰਦ, ਆਤਮਕ ਤਰੱਕੀ ਵਿਚ ਪ੍ਰਤੀਤ ਕਰਦਾ ਹੈ। ਸਾਰੇ ਸੰਸਾਰੀ ਸੁਖ ਉਸਨੂੰ ਨਾਸ਼ਵੰਤ ਆਰਜ਼ੀ ਅਤੇ ਫਜ਼ੂਲ ਨਜ਼ਰ ਆਉਣ ਲਗ ਜਾਂਦੇ ਹਨ। ਉਸ ਦਾ ਮਨ ਉਸਨੂੰ ਕਹਿਣਾ ਸ਼ੁਰੂ ਕਰ ਦਿੰਦਾ ਹੈ-

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ
...............।
ਅੰਗ - ੫੯੭

ਛੋਟਾ ਬੱਚਾ ਜਿਸ ਤਰ੍ਹਾਂ ਵਡੇਰੀ ਉਮਰ ਵਿਚ ਪਹੁੰਚ ਕੇ ਪਹਿਲੇ ਦਿਲ ਪਰਚਾਵੇ, ਖੇਡਾਂ ਖਿਡੌਣੇ ਭੁਲਾ ਕੇ, ਉਚੇਰੀਆਂ ਤੇ ਸਿਆਣੀਆਂ ਦਿਲਚਸਪੀਆਂ ਵਿਚ ਰੁਚੀ ਲਗਾਂਦਾ ਹੈ, ਉਸੇ ਤਰ੍ਹਾਂ ਇਸ ਅਵਸਥਾ ਦਾ ਪੁਰਸ਼ ਨਾ-ਪਾਏਦਾਰ ਦੁਨੀਆਂ ਦੇ ਆਰਜ਼ੀ ਸੁੱਖਾਂ ਤੋਂ ਅਸੰਤੁਸ਼ਟ ਹੋ ਜਾਂਦਾ ਹੈ। ਉਸਨੂੰ ਇਵੇਂ ਭਾਸਦਾ ਹੈ ਜਿਵੇਂ ਉਸਨੇ ਇਹ ਖੇਡ ਬੜਾ ਚਿਰ ਖੇਡ ਲਈ ਹੈ। ਉਸ ਦੀਆਂ ਰੁਚੀਆਂ ਕਿਸੇ ਅਟੱਲ ਸੁੱਖ ਦੀ ਪ੍ਰਾਪਤੀ ਵਲ ਮੋੜੇ ਪਾਂਦੀਆਂ ਹਨ ਉਸ ਦੇ ਦਿਲ ਵਿਚੋਂ ਇਹ ਅਰਦਾਸ ਨਿਕਲਦੀ ਹੈ -

ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥
ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥
ਅੰਗ - ੨੬੧

ਏਥੇ ਪਹੁੰਚ ਕੇ ਆਦਮੀ ਨੂੰ ਵਿਚਾਰ ਦਾ ਸ਼ੌਕ, ਖੋਜ ਦੀ ਇਛਿਆ ਅਤੇ ਰਹਿਨੁਮਾਈ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਉਹ ਆਖਦਾ ਹੈ -

ਮੈ ਅਜਾਨੁ ਜਨੁ ਤਰਿਬੇ
ਨ ਜਾਨਉ ਬਾਪ ਬੀਠੁਲਾ ਬਾਹ ਦੇ ॥ ਅੰਗ - ੮੭੩

ਉਸ ਦੇ ਦਿਲ ਵਿਚ ਕਿਸੇ ਅਣਡਿੱਠੇ ਆਤਮਕ ਮੰਡਲ ਵਿਚ ਪਹੁੰਚਣ ਦੀ ਰੀਝ ਉਪਜਦੀ ਹੈ, ਇਸ ਅਵਸਥਾ ਦੇ ਆਦਮੀ ਦੀ ਲੋੜ ਅਨੁਸਾਰ ਕੁਦਰਤ ਵਲੋਂ ਸਹਾਇਤਾ ਅਤੇ ਰਹਿਨੁਮਾਈ ਸ਼ੁਰੂ ਹੋ ਜਾਂਦੀ ਹੈ।

ਇਸ ਤੋਂ ਅੱਗੇ ਇਸ ਅਵਸਥਾ ਦਾ ਬੜਾ ਮੁਸ਼ਕਿਲ ਹਿੱਸਾ ਸ਼ੁਰੂ ਹੁੰਦਾ ਹੈ। ਮਨ ਨਾਲ ਬੜੀ ਕਸ਼ਮਕਸ਼ ਤੇ ਲੜਾਈ ਕਰਨੀ ਪੈਂਦੀ ਹੈ। ਮਨ ਦੇ ਪੁਰਾਣੇ ਸੁਭਾਉ, ਪੁਰਾਣੀਆਂ ਆਦਤਾਂ, ਪੁਰਾਣੇ ਨਿਸਚੇ ਛੱਡਣੇ ਤੇ ਨਵੀਆਂ ਆਦਤਾਂ ਪਾਣੀਆਂ ਪੈਂਦੀਆਂ ਹਨ। ਨਵੇਂ ਦ੍ਰਿਸ਼ਟੀਕੋਣ ਨਾਲ ਦੁਨੀਆਂ ਨੂੰ ਦੇਖਣਾ ਪਹਿਲੇ ਪਹਿਲ ਬੜਾ ਓਪਰਾ ਤੇ ਕਠਨ ਕੰਮ ਜਾਪਦਾ ਹੈ। ਕਦੀ ਮਨ ਆਪਣੇ ਮਗਰ ਤੋਰਨ ਦਾ ਜ਼ੋਰ ਲਗਾਂਦਾ ਹੈ, ਸਰੀਰਕ ਰਸਾਂ ਦੀ ਮਿੱਠੀ ਯਾਦ ਡੋਰੇ ਪਾ ਪਾ ਕੇ ਆਪਣੇ ਵਲ ਖਿਚਦੀ ਹੈ, ਕਦੀ ਆਤਮਾ ਦੀ ਆਵਾਜ਼ ਨਵੀਆਂ ਉਮੀਦਾਂ, ਨਵੇਂ ਇਕਰਾਰ, ਕਿਸੇ ਨਵੀਂ ਦੁਨੀਆਂ ਦੇ ਸੁਫਨੇ ਦਿਖਾ ਦਿਖਾ ਕੇ ਆਪਣੇ ਵਲ ਬੁਲਾਂਦੀ ਹੈ। ਇਹ ਸਰੀਰ ਤੇ ਆਤਮਾ ਦਾ ਘੋਲ ਪਹਿਲੇ ਬੜਾ ਭਿਆਨਕ ਮਾਲੂਮ ਹੁੰਦਾ ਹੈ। ਕਈ ਵਾਰੀ ਇੰਜ ਜਾਪਦਾ ਹੈ ਕਿ ਸਰੀਰਕ ਰਸਾਂ ਦੇ ਪੰਜੇ ਤੋਂ ਛੁਟਕਾਰਾ ਨਹੀਂ ਹੋਣਾ। ਇਸ ਅਵਸਥਾ ਦੇ ਇਕ ਤਿਆਗੀ ਮਹਾਤਮਾ ਮੈਨੂੰ ਮਿਲੇ। ਮੈਂ ਪੁਛਿਆ, ਮਹਾਰਾਜ ਕੀ ਹਾਲ ਹੈ? ਆਖਣ ਲੱਗੇ, ਬੜਾ ਭੈੜਾ ਹਾਲ ਹੈ। ਮੈਂ ਹੈਰਾਨ ਹੋ ਕੇ ਪੁੱਛਿਆ - ਕੀ ਸਬੱਬ ਮਹਾਰਾਜ? ਆਖਣ ਲੱਗੇ - ਨ ਇਧਰ ਕੇ ਰਹੇ ਨਾ ਉਧਰ ਕੇ ਰਹੇ। ਦੁਨੀਆਂ ਤੇ ਇਸ ਦੇ ਪਦਾਰਥ ਚੰਗੇ ਨਹੀਂ ਲਗਦੇ, ਪਰ ਹਰੀ ਦੇ ਪਾਸੇ ਵੀ ਚਿੱਤ ਹਰ ਵਕਤ ਨਹੀਂ ਲਗਦਾ। ਕਦੀ ਮਨ ਆਪਣਾ ਪਾਣੀ ਭਰਾਂਦਾ ਹੈ, ਕਦੀ ਗੁਰਦਵਾਰੇ ਜਾ ਸੇਵਾ ਕਰਦਾ ਹਾਂ, ਰਾਤ ਭਰ ਸੋਚਦਾ ਰਹਿੰਦਾ ਹਾਂ। ਕਦੀ ਚੰਡਾਲ ਦੇ ਕੰਮ ਕਰਨੇ, ਕਦੀ ਫਕੀਰੀ ਦਾ ਦਮ ਭਰਨਾਂ, ਇਹ ਕੀ ਹਾਲਤ ਹੋਈ ਅਜਬ ਕਸ਼ਮਕਸ਼ ਹੈ -

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥
ਅੰਗ - ੧੩੮੧

ਈਸ਼ਵਰ ਆਪਣੀ ਮਿਹਰ ਕਰੇ, ਹੋਰ ਕੋਈ ਆਸਰਾ ਨਹੀਂ।

ਇਨ੍ਹਾਂ ਮਹਾਤਮਾਵਾਂ ਦੀ ਥੋੜ੍ਹੇ ਦਿਨ ਸੰਗਤ ਕਰਨ ਮਗਰੋਂ ਪਤਾ ਲੱਗਾ ਕਿ ਮਨ ਦੀ ਲੜਾਈ ਤੋਂ ਛੁਟਕਾਰਾ ਪਾਉਣ ਦੇ ਖਿਆਲ ਨਾਲ ਆਪ ਨੇ ਆਪਣੀ ਇੰਦਰੀ ਕਟ ਸੁੱਟੀ ਹੋਈ ਸੀ, ਪਰ ਮਨ ਅੱਜ ਵੀ ਸ਼ਾਂਤ ਨਹੀਂ ਸੀ। ਕਈ ਖੋਜੀ ਏਥੇ ਪਹੁੰਚ ਕੇ ਨਿਰਾਸ਼ ਹੋ ਜਾਂਦੇ ਤੇ ਖੋਜ ਛੱਡ ਦਿੰਦੇ ਹਨ। ਮੈਂ ਖੁਦ ਨਿਰਾਸਤਾ ਵਿਚ ਕਈ ਵਾਰ ਫੈਸਲਾ ਕੀਤਾ ਕਿ ਉਤਲੀਆਂ ਆਤਮਕ ਉਡਾਰੀਆਂ ਮੇਰੇ ਨਸੀਬਾਂ ਵਿਚ ਨਹੀਂ, ਮੈਂ ਨਫਸ ਦਾ ਬੰਦਾ ਹਾਂ ਤੇ ਨਫਸ ਦਾ ਬੰਦਾ ਹੀ ਰਹਾਂਗਾ। ਪਰ ਏਥੇ ਪੁੱਜ ਕੇ ਹੌਂਸਲਾ ਨਹੀਂ ਹਾਰਨਾ ਚਾਹੀਦਾ। ਬਹਾਦਰ ਆਦਮੀ ਦੇ ਸਾਮ੍ਹਣੇ ਸਭ ਮੁਸ਼ਕਲਾਂ ਧੂੰਏਂ ਵਾਂਗ ਪਤਲੀਆਂ ਹੁੰਦੀਆਂ ਹੁੰਦੀਆਂ ਬਿਲਕੁਲ ਗਾਇਬ ਹੋ ਜਾਂਦੀਆਂ ਹਨ। ਰੱਬ ਉਤੇ ਪੂਰਨ ਭਰੋਸਾ ਰਖਿਆਂ, ਨਿਰਮਾਣ ਤੇ ਦਿਲੀ ਅਰਦਾਸਾਂ ਕੀਤਿਆਂ, ਕੁਦਰਤ ਵਲੋਂ ਅਕਲ ਚਕ੍ਰਿਤ ਕਰਨ ਵਾਲੀ ਰਹਿਨੁਮਾਈ ਹੁੰਦੀ ਹੈ। ਅੱਜ ਬਿਲਕੁਲ ਨਿਰਾਸ ਤੇ ਨਿਰਬਲ ਹੋ ਕੇ ਬੈਠ ਜਾਈਦਾ ਹੈ, ਕੱਲ ਅੰਦਰੋਂ ਫੇਰ ਉਤਸ਼ਾਹ ਦੀਆਂ ਲਹਿਰਾਂ ਠਾਠਾਂ ਮਾਰਨ ਲਗ ਜਾਂਦੀਆਂ ਹਨ। ਅਭਿਆਸੀ ਔਕੜਾਂ ਨਾਲ ਫੇਰ ਮੋਰਚਾ ਲਗਾ ਦਿੰਦਾ ਹੈ, ਫਤਹਿ ਅੱਖਾਂ ਅੱਗੇ ਫਿਰਨ ਲਗ ਜਾਂਦੀ ਹੈ। ਰੱਬ ਦੀ ਹਸਤੀ ਦਾ ਅਸਲ ਯਕੀਨ ਤਦ ਹੀ ਆਉਂਦਾ ਹੈ ਜਦ ਉਸ ਦਾ ਸਖੀ ਤੇ ਤਗੜਾ ਹੱਥ ਆਪਣੇ ਵਿਗੜਦੇ ਕੰਮ ਸੰਵਾਰਦਾ ਪ੍ਰਤੱਖ ਦੇਖੀਏ।

ਤਨ ਤੇ ਮਨ ਦੇ ਰੋਗ

ਸਰੀਰਕ ਰੋਗਾਂ ਨਾਲੋਂ ਮਨ ਦੇ ਰੋਗ ਕਿਤੇ ਭਿਆਨਕ ਤੇ ਖਤਰਨਾਕ ਹੁੰਦੇ। ਸਰੀਰਕ ਰੋਗਾਂ ਤੋਂ ਆਦਮੀ ਖੁਦ ਛੁਟਕਾਰਾ ਪਾਉਣਾ ਚਾਹੁੰਦਾ ਹੈ, ਪਰ ਮਨ ਦੇ ਰੋਗ ਉਸਨੂੰ ਮਿੱਠੇ ਲਗਦੇ ਹਨ। ਉਨ੍ਹਾਂ ਤੋਂ ਤੰਗ ਆਇਆ ਹੋਇਆ ਵੀ ਉਨ੍ਹਾਂ ਨੂੰ ਨਹੀਂ ਛੱਡ ਸਕਦਾ। ਬੁਖਾਰ ਦਾ ਰੋਗੀ ਬੁਖਾਰ ਨੂੰ ਘ੍ਰਿਣਾ ਕਰਦਾ ਤੇ ਉਸ ਤੋਂ ਛੁਟਕਾਰਾ ਪਾਣ ਵਾਸਤੇ ਬਿਹਬਲ ਹੁੰਦਾ ਹੈ। ਪਰ ਸ਼ਰਾਬ ਪੀਣ ਵਾਲਾ ਜਾਂ ਕਾਮੀ ਪੁਰਸ਼ ਆਪਣੇ ਐਬਾਂ ਦੇ ਬੁਰੇ ਨਤੀਜੇ ਦੇਖਦਾ ਹੋਇਆ ਵੀ ਉਨ੍ਹਾਂ ਨੂੰ ਦਿਲੋਂ ਨਹੀਂ ਛੱਡਦਾ। ਇਸ ਵਾਸਤੇ ਮਨ ਦੇ ਰੋਗਾਂ ਤੋਂ ਛੁਟਕਾਰਾ ਪਾਣ ਵਾਸਤੇ ਬੜੀਆਂ ਡੂੰਘੀਆਂ, ਸੱਚੀਆਂ ਤੇ ਲਗਾਤਾਰ ਅਰਦਾਸਾਂ ਦੀ ਲੋੜ ਹੁੰਦੀ ਹੈ। ਅਭਿਆਸੀ ਨਿਮਾਣਾ ਤੇ ਨਿਰਆਸਰਾ ਹੋ ਕੇ ਆਖਦਾ ਹੈ -

ਕੁਚਿਲ ਕਠੋਰ ਕਪਟ ਕਾਮੀ ॥
ਜਿਉ ਜਾਨਹਿ ਤਿਉ ਤਾਰਿ ਸੁਆਮੀ ॥ ੧ ॥ ਰਹਾਉ ॥
ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ
ਅਪਨੀ ਕਲ ਧਾਰਿ ॥ ੧ ॥
ਜਾਪ ਤਾਪ ਨੇਮ ਸੁਚਿ ਸੰਜਮ
ਨਾਹੀ ਇਨ ਬਿਧੇ ਛੁਟਕਾਰ ॥
ਗਰਤ ਘੋਰ ਅੰਧ ਤੇ ਕਾਢਹੁ
ਪ੍ਰਭ ਨਾਨਕ ਨਦਰਿ ਨਿਹਾਰਿ ॥ ਅੰਗ - ੧੩੦੧
ਮਾਟੀ ਕਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ ॥ ਅੰਗ - ੮੮੨
ਹਾ ਹਾ ਪ੍ਰਭ ਰਾਖਿ ਲੇਹੁ ॥
ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ
ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ਅੰਗ - ੬੭੫
ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ
ਆਇਓ ਸਰਨਿ ਤੁਹਾਰੇ ॥ ਅੰਗ - ੨੦੬

****

ਹਮ ਸੰਤਨ ਕੀ ਰੇਨੁ ਪਿਆਰੇ............॥

ਪ੍ਰਭਜੋਤ ਕੌਰ

ਇਸ ਸੰਸਾਰ ਅੰਦਰ ਦੋ ਚੀਜ਼ਾਂ ਬਹੁਤ ਮੁਸ਼ਕਿਲ ਨਾਲ ਮਿਲਦੀਆਂ ਨੇ। ਇਕ ਹਰੀ ਦਾ ਜਸ ਅਤੇ ਦੂਸਰਾ ਸਾਧੂ ਦੀ ਸੰਗਤ। ਕੋਈ ਪੂਰਬਲੇ ਹੀ ਕਰਮ ਹੋਣ, ਬਹੁਤੇ ਬਲੀ ਤਾਂ ਜਾ ਕੇ ਕੋਈ ਰਾਮ ਦੇ ਪਿਆਰੇ ਨਾਲ ਵਾਸਤਾ ਹੁੰਦਾ ਹੈ। ਜ਼ੋਰ ਲਾ ਲਏ ਆਦਮੀ ਜਿੰਨਾਂ ਲਗਦਾ ਹੈ, ਪਰੇਸ਼ਾਨ ਹੋਈ ਜਾਏਗਾ, ਨੁਕਸਾਨ ਉਠਾਈ ਜਾਏਗਾ ਪਰ ਜੇ ਸੰਜੋਗ ਨਾ ਹੋਵੇ ਸਾਧੂ ਨਹੀਂ ਮਿਲਦਾ। ਔਖਾ ਮੁਸ਼ਕਲ ਕੋਈ ਇਕ ਨਹੀਂ, ਪਹਿਲਾਂ ਤਾਂ ਸਾਧੂ ਹੀ ਨਹੀਂ ਲੱਭਦਾ। ਸਾਧੂ ਵੀ ਪੂਰਾ ਹੋਵੇ ਤਾਂ ਗੱਲ ਬਣਦੀ ਹੈ। ਹੁਣ ਜੇ ਵੈਸੇ ਸੰਸਾਰ 'ਚ ਦੇਖੋ, ਐਨੇ ਸਾਧੂ ਨੇ ਆਦਮੀ ਨੂੰ ਥਹੁ ਨਹੀਂ ਲਗਦਾ। ਪਰ ਮਹਾਰਾਜ ਕਹਿੰਦੇ, ਕੋਈ ਐਸਾ ਲੱਭ ਲੈ ਜਿਹਨੂੰ ਸਵਾਸ ਗਿਰਾਸ ਵਾਹਿਗੁਰੂ ਨਾ ਵਿਸਰੇ। ਆਦਮੀ ਤਲਾਸ਼ 'ਚ ਨਿਕਲ ਜਾਂਦਾ ਹੈ। ਮੇਰੇ ਯਾਦ ਹੈ, ਸੰਤ ਮਹਾਰਾਜ ਜੀ ਕੋਲ ਇਕ ਪ੍ਰੇਮੀ ਆਇਆ, ਸਾਨੂੰ ਮਿਲਿਆ, ਉਹ ਬੜਾ ਰੋਵੇ। ਕਹਿੰਦਾ, ਮੈਂ ਤਾਂ ਬਹੁਤ ਲੇਟ ਹੋ ਗਿਆ। ਮੈਂ ਉਨ੍ਹਾਂ ਨੂੰ ਕਿਹਾ ਅੰਕਲ! ਤੁਸੀਂ ਰੋਂਦੇ ਕਿਉਂ ਹੋ? ਕਹਿੰਦਾ, ਮੈਂ ਕੀ ਕਰਾਂ, ਮੇਰੀ ਅੱਧੀ ਤੋਂ ਜ਼ਿਆਦਾ ਉਮਰ ਲੰਘ ਗਈ ਤੇ ਹੁਣ ਜਾ ਕੇ ਮੈਨੂੰ ਕੋਈ ਮਿਲਿਆ ਹੈ। ਇਹ ਸੰਤ ਮਹਾਰਾਜ ਜੀ ਦੇ ਸਰੀਰ ਤਿਆਗਣ ਤੋਂ ਕਰੀਬ ਛੇ ਕੁ ਮਹੀਨੇ ਪਹਿਲਾਂ ਦੀ ਬਾਤ ਹੈ। ਸੋ ਪਹਿਲਾਂ ਤਾਂ ਐਡੇ ਸੰਸਾਰ 'ਚ ਕਿਤੇ ਐਸੇ ਮਹਾਤਮਾ ਦਾ ਮੇਲ ਹੋਣਾ ਬੜਾ ਔਖਾ ਹੈ। ਜੇ ਮਿਲ ਜਾਏ ਫਿਰ ਉਸਦੀ ਕਿਰਿਆ ਨੂੰ ਸਮਝਣਾ ਉਸ ਤੋਂ ਵੀ ਔਖਾ ਹੈ। ਸਾਧੂ ਆਪਣੀ ਕਿਰਿਆ ਐਸੀ ਕਰ ਲੈਂਦੇ ਨੇ, ਆਦਮੀ ਨੂੰ ਭੇਤ ਹੀ ਨਹੀਂ ਦਿੰਦੇ। ਐਸੇ ਚੱਕਰ 'ਚ ਪਾ ਕੇ ਰਖਦੇ ਨੇ, ਆਦਮੀ ਭੁੱਲ 'ਚ ਹੀ ਸਾਰੀ ਜ਼ਿੰਦਗੀ ਲੰਘਾ ਦਿੰਦਾ ਹੈ। ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਕਿਰਿਆ ਐਸੀ ਹੀ ਰਹੀ। ਵੱਡੇ-ਵੱਡੇ ਆ ਕੇ ਚੱਕਰ ਖਾ ਜਾਂਦੇ ਸੀ। ਜੇ ਆਪ ਜੀ ਨੇ ਰੂਹਾਨੀਅਤ ਦੀ ਬਾਤ ਕਰਨੀ, ਗੱਲ ਸਿਰੇ ਦੀ ਕਹਿਣੀ, ਆਮ ਬੁੱਧੀ ਦੇ ਤਾਂ ਉਹ ਆਰ-ਪਾਰ ਹੀ ਹੋ ਜਾਂਦੀ ਸੀ। ਬਹੁਤ ਗਹਿਰੀ ਬਾਤ ਕਰਦੇ ਹੁੰਦੇ। ਅਰ ਸਤਿਸੰਗ ਚਾਰ, ਸਾਢੇ ਚਾਰ-ਪੰਜ ਘੰਟੇ ਦਾ ਦੀਵਾਨ ਆਪ ਜੀ ਅਕਸਰ ਲਾ ਦਿੰਦੇ ਸੀ। ਪਤਾ ਨਹੀਂ ਕੀ ਕਰ ਦਿੰਦੇ ਸੀ। ਸੰਗਤ ਪਤਾ ਨਹੀਂ ਕਿਹੜੀ ਸਮਾਧੀ 'ਚ ਚਲੀ ਜਾਂਦੀ ਸੀ। ਕਈ ਵਾਰ ਐਸਾ ਹੋਇਆ ਕਿ ਦਿਨ ਛਿਪਣ ਲਗ ਜਾਣਾ। ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਇਕ ਦਮ ਦੇਖਣਾ, ਫਿਰ ਕਹਿਣਾ ਕਿ ਅੱਛਾ ਐਨਾ ਸਮਾਂ ਹੋ ਗਿਆ। ਮੈਨੂੰ ਤੁਸੀਂ ਦਸਦੇ ਹੀ ਨਹੀਂ।

ਕੋਈ ਚੁੰਬਕੀਯ ਸ਼ਕਤੀ ਹੁੰਦੀ ਹੈ ਮਹਾਤਮਾ ਦੀ ਰਸਨਾ 'ਚ ਉਹ ਜਦੋਂ ਆਪਣੇ ਮੁਖਾਰਬਿੰਦ ਤੋਂ ਕੁਝ ਫੁਰਮਾਉਂਦੇ ਨੇ, ਕਲਜੁਗੀ ਮਨਾਂ ਤੇ ਵਿਕਾਰੀ ਬਿਰਤੀਆਂ ਦੇ ਦੁੱਖਾਂ ਤੇ ਉਹਦਾ ਕਿਸੇ ਅਤਿ ਸ਼ੀਤਲ ਮਰਹਮ ਵਰਗਾ ਅਸਰ ਹੁੰਦਾ ਹੈ। ਆਹ ਦੇਖੋ ਨਾ ਸਤਿਸੰਗ ਤਾਂ ਹੁਣ ਵੀ ਬੜੇ ਹੁੰਦੇ ਨੇ, ਵੱਡੇ-ਵੱਡੇ ਇਕੱਠ, ਰੌਲਾ ਵੀ ਪੂਰਾ ਹੁੰਦਾ ਹੈ। ਨਹੀਂ, ਸਤਿਸੰਗ ਤਾਂ ਕਿਸੇ ਹੋਰ ਚੀਜ਼ ਦਾ ਨਾਮ ਹੈ ਉਥੇ ਇਕੱਠ ਵੀ ਹੋ ਸਕਦਾ ਹੈ, ਉਥੇ ਇਕੱਠ ਨਹੀਂ ਵੀ ਹੋ ਸਕਦਾ। ਪਰ ਉਥੇ ਖਾਮੋਸ਼ੀ ਹੁੰਦੀ ਹੈ, ਉਥੇ ਕੋਈ ਮਹਾਂ ਆਨੰਦ ਹੁੰਦਾ ਹੈ। ਉਥੇ ਟਿਕਾਉ ਹੁੰਦਾ ਹੈ। ਸਹਿਜਤਾ ਹੁੰਦੀ ਹੈ, ਸਥਿਰਤਾ ਹੁੰਦੀ ਹੈ। ਕੋਈ ਜੀਵਨ ਨੂੰ ਜੀਵਨ ਦੇਣ ਵਾਲੀ ਰੌ ਰੁਮਕਦੀ ਹੈ। ਉਥੇ ਇਹ ਕਹਿਣ ਦੀ ਲੋੜ ਨਹੀਂ ਪੈਂਦੀ ਕਿ ਚੁੱਪ ਦਾ ਦਾਨ ਬਖਸ਼ੋ, ਅਰ ਸੁਣੋ। ਨਹੀਂ, ਉਥੇ ਤਾਂ ਇਕ ਸਹਿਜ ਧਿਆਨ ਦੀ ਚੁੱਪ ਹੈ, ਬਿਰਤੀਆਂ ਦੇ ਵਿਸ਼ਰਾਮ ਦਾ ਬੋਲਬਾਲਾ ਹੁੰਦਾ ਹੈ। ਇਕ ਸਹਿਜ ਸਮਾਧੀ ਹੈ। ਜਿਥੇ ਕੋਈ ਪ੍ਰੇਮ ਰੱਤੀ ਰੂਹ ਕਿਸੇ ਦੂਸਰੇ ਸਰੀਰ ਜਾਂ ਰੂਹ ਨੂੰ ਹਲਕੀ ਛੂਹ ਦੇਣਾ ਵੀ ਮੁਨਾਸਿਬ ਨਹੀਂ ਸਮਝਦੀ। ਇਹ ਸਤਿਸੰਗ ਦਾ ਚੌਗਿਰਦਾ ਹੈ। ਗੁਰੂ ਨਾਨਕ ਦੀ ਫੁਲਵਾੜੀ ਹੈ। ਉਥੇ ਕੋਈ ਰਾਗ ਦੀ, ਦਵੈਸ਼ ਦੀ, ਈਰਖਾ ਦੀ, ਕ੍ਰੋਧ ਦੀ ਬਾਤ ਨਹੀਂ। ਨਿਰੋਲ ਨਾਮ ਦੀ, ਈਸ਼ਵਰੀਯ ਪ੍ਰੇਮ ਦੀ ਬਾਤ ਚਲਦੀ ਹੈ। ਨਾਮ ਜਪਣ ਵਾਲੇ ਜਗਿਆਸੂ ਦੀ ਜ਼ਿੰਦਗੀ ਦਾ ਗਹਿਣਾ ਹੁੰਦਾ ਹੈ Discipline, ਉਹਦੀ Life Hap Hazard ਨਹੀਂ ਹੁੰਦੀ। ਉਹਦੀ ਸਵੇਰ ਤੋਂ ਲੈ ਕੇ ਰਾਤ ਤੱਕ, ਉਹਦੀ ਨੀਂਦ ਉਹਦੇ ਸੁਫਨੇ ਨੂੰ ਵੀ ਗੁਰਬਾਣੀ ਧੰਨ ਕਹਿੰਦੀ ਹੈ। ਉਹਦੇ ਜੀਵਨ 'ਚ ਇਕਸਾਰਤਾ ਆਉਂਦੀ ਹੈ। ਜਦੋਂ ਇਕਸਾਰਤਾ ਆਏਗੀ ਉਦੋਂ ਸਰਲਤਾ ਆਏਗੀ, ਸਰਲਤਾ ਆਏਗੀ ਤਾਂ ਰਸ ਵੀ ਆਏਗਾ। ਜਦੋਂ ਰਸ ਆਇਆ ਫਿਰ ਆਨੰਦ ਉਪਜਦਾ ਹੈ। ਪਰ ਸੱਚ ਜਾਨਣਾ, ਇਹ ਸਾਰਾ ਕੁਝ ਕਦੇ ਨਹੀਂ ਹੁੰਦਾ, ਜਦ ਤਕ ਕੋਈ ਸਾਧੂ ਨਾ ਮਿਲੇ।

ਮਹਾਰਾਜ ਕਹਿੰਦੇ ਕੋਈ ਲੱਭ ਲੈ ਪੂਰਾ ਸਾਧੂ, ਜਿਹੜਾ ਤੈਨੂੰ ਸੇਧ ਦੇਵੇ, ਤੇਰੇ ਤੇ ਕ੍ਰਿਪਾ ਕਰੇ ਤਾਂ ਕਿ ਆਹ ਜਿਹੜੇ ਸਾਰੀ ਦੁਨੀਆਂ ਦੇ ਸਾਂਝੇ ਰਹਿਬਰ ਨੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ, ਇਨ੍ਹਾਂ ਦੀ ਬਾਤ ਤੇਰੇ ਸਮਝ 'ਚ ਆ ਜਾਏ। ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਬਚਨ ਕਰਦੇ ਹੁੰਦੇ ਕਿ ਉਧਰ ਸਾਰਾ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪਾਠ ਕਰ ਲਓ। ਉਧਰ ਵੱਡੇ ਮਹਾਰਾਜ ਜੀ (ਰਾੜਾ ਸਾਹਿਬ ਵਾਲੇ) ਦਾ ਜੀਵਨ ਦੇਖ ਲਓ। ਸਾਧੂ ਦਾ ਜਿਹੜਾ ਜੀਵਨ ਹੈ, ਸੰਤ ਦਾ ਵਿਹਾਰ ਹੈ, ਉਹ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਦਾ ਪ੍ਰੈਕਟੀਕਲ acpect ਹੁੰਦਾ ਹੈ। ਪਰਉਪਕਾਰ ਦਾ ਜਜ਼ਬਾ ਠਾਠਾਂ ਮਾਰਦਾ ਹੈ, ਸਾਧੂ ਦੇ ਅੰਦਰ। ਮਹਾਂਪੁਰਖਾਂ ਦਾ ਜੀਵਨ ਅਗਰ ਸੰਸਾਰਿਕ ਪੱਖ ਤੋਂ ਵੀ ਦੇਖਿਆ ਜਾਏ, ਅੱਧੇ ਤੋਂ ਜ਼ਿਆਦਾ ਸਮਾਂ ਸਫਰ ਕਰਦਿਆਂ ਬਤੀਤ ਕਰ ਦਿੰਦੇ ਨੇ। ਤਦੇ ਗੁਰਬਾਣੀ ਸਾਧੂ ਨੂੰ ਜੰਗਮ ਤੀਰਥ ਕਹਿੰਦੀ ਹੈ। ਜੜ੍ਹ ਨਹੀਂ ਹੁੰਦੇ। ਦੌੜੇ ਫਿਰਦੇ ਨੇ, ਕਿਸੇ ਦਾ ਭਲਾ ਹੋ ਜਾਏ। ਕੋਈ ਰੂਹ ਨਾਮ ਜਪਣ ਲਗ ਜਾਏ। ਕੋਈ ਲੋੜਾਂ ਦੇ ਵਸੀਭੂਤ ਨਹੀਂ ਹੁੰਦੇ। ਉਹ ਤਾਂ ਪ੍ਰੇਮ ਦੇ ਬੰਨ੍ਹੇ, ਦੂਸਰਿਆਂ ਦੇ ਭਲੇ ਦੀ ਇੱਛਾ ਦੇ ਵਸ ਹੋਏ ਮਹਾਂਪੁਰਖ ਸੰਸਾਰ ਨੂੰ ਨਾਮ ਦਾ ਛਿੱਟਾ ਦੇ ਕੇ ਸੁਰਜੀਤ ਕਰਦੇ ਹਨ। ਤਦੇ ਮਹਾਰਾਜ ਜੀ ਗੁਰਬਾਣੀ ਅੰਦਰ ਫੁਰਮਾਉਂਦੇ ਹਨ ਕਿ ਐਸੇ ਸੰਤਾਂ ਦੀ ਰੇਨ ਬਣ ਕੇ ਰਹਿ। ਐਸੇ ਸਾਧੂਆਂ ਦੀ ਸ਼ਰਨ 'ਚ ਰਹਿ। ਸਾਧੂ ਬਹੁਤ ਵੱਡਾ ਸਹਾਰਾ ਹੁੰਦਾ ਹੈ ਅਤੇ ਸੰਤਾਂ ਨੂੰ ਗਹਿਣਾ ਬਣਾ ਕੇ ਰੱਖ। ਸਾਧੂ ਦੇ ਜੀਵਨ ਅੰਦਰ ਪੂਰਨਤਾਈ ਹੈ, ਇਸੇ ਕਾਰਨ ਜੋ ਵੀ ਉਸ ਦੇ ਨਾਲ ਜੁੜਦਾ ਹੈ, ਉਸਦੇ ਕੰਮ, ਉਸਦੇ ਜੀਵਨ ਅੰਦਰ ਪੂਰਨਤਾਈ ਸੁੱਤੇਸਿੱਧ ਆ ਜਾਂਦੀ ਹੈ। ਫਿਰ ਮਹਾਰਾਜ ਕਹਿੰਦੇ, 'ਕੋਟਿ ਬਿਘਨ ਤੇ ਸਾਧੂ ਰਾਖੈ॥' ਇਹ ਜੀਵਨ ਰੱਬ ਆਸਰੇ ਹੀ ਚੱਲ ਰਿਹਾ ਹੈ। ਅਗਲੀ ਘੜੀ ਦਾ, ਆਉਣ ਵਾਲੇ ਪਲ ਦਾ ਸਾਨੂੰ ਕੋਈ ਅੰਦਾਜ਼ਾ ਨਹੀਂ ਹੁੰਦਾ। ਪਰ ਜੇ ਕਿਸੇ ਸਾਧੂ ਦੀ ਰਹਿਨੁਮਾਈ 'ਚ ਜੀਵਨ ਗੁਜ਼ਾਰਿਆ ਜਾਏ ਪਤਾ ਹੀ ਨਹੀਂ ਲਗਦਾ ਕਿਵੇਂ ਵਕਤ ਗੁਜ਼ਰ ਜਾਂਦਾ ਹੈ। ਸਾਧੂ ਜੀਵਨ ਨੂੰ ਸਹਿਜ ਬਣਾਉਣਾ ਤੇ ਰੰਗ ਭਰਦਾ ਹੈ। ਕੁਝ ਕੁ ਬਾਤਾਂ, ਕੁਝ ਬ੍ਰਿਤਾਂਤ ਜਿਹੜੇ ਪ੍ਰੇਮੀਆਂ ਨਾਲ ਵਰਤੇ। ਉਨ੍ਹਾਂ ਦਾ ਸੰਖੇਪ ਜ਼ਿਕਰ ਆਪ ਜੀ ਨਾਲ ਸਾਂਝਾ ਕਰੂੰਗੀ।

ਸੰਤ (ਸੰਤ ਵਰਿਆਮ ਸਿੰਘ ਜੀ ਮਹਾਰਾਜ) ਪਿਤਾ ਜੀ ਨੇ ਚੰਡੀਗੜ੍ਹ ਜਦੋਂ ਸਤਿਸੰਗ ਸ਼ੁਰੂ ਕੀਤੇ ਤਾਂ ਮਹਾਂਪੁਰਖਾਂ ਦੀ ਕੋਠੀ, ਗੈਰਾਜ਼ 'ਚ ਹੀ ਦੀਵਾਨ ਸਜਦਾ ਹੁੰਦਾ। ਅਸੀਂ ਨਿੱਕੇ-ਨਿੱਕੇ ਹੁੰਦੇ। ਬਹੁਤ ਥੋੜ੍ਹੇ ਪ੍ਰੇਮੀ ਹੁੰਦੇ ਸਨ। ਇਹ ਅੱਸੀਆਂ ਦੇ ਦਿਹਾੜੇ ਦੀ ਬਾਤ ਕਰ ਰਹੀ ਹਾਂ। ਜੇ ਕਹਾਂ ਕਿ ਮੁੱਠੀ ਭਰ ਲੋਕ ਹੀ ਹੁੰਦੇ ਸਨ ਪਰ ਉਸ 'ਚ ਵੀ ਬੜਾ ਅਨੰਦ ਸੀ। ਉਸ ਸਮੇਂ ਬੀਜੀ ਦਾ ਸਰੀਰ ਵੀ ਬਹੁਤ ਅੱਛਾ ਸੀ। ਬਹੁਤ ਵੇਰ੍ਹਾਂ ਨਾਲ ਸੇਵਾ ਕਰਦੇ ਅਤੇ ਕਰਵਾਉਂਦੇ। ਵੈਸੇ ਤਾਂ ਪਿਤਾ ਜੀ, ਸਾਧੂ ਸੁਭਾਅ ਦੇ ਅਨੁਕੂਲ ਬਹੁਤ ਦਿਆਲੂ ਬਿਰਤੀ ਰਹੀ ਪਰ ਬੀਜੀ ਦੀ ਕ੍ਰਿਪਾ ਵੀ ਬਹੁਤ ਸੀ। ਕਈ ਦਫਾ ਪਿਤਾ ਜੀ ਚੁੱਪ ਕਰ ਜਾਂਦੇ ਪਰ ਬੀਜੀ ਨੇ ਵੱਡੇ-ਵੱਡੇ ਗੁਨਾਹ ਬੇਨਤੀਆਂ ਕਰ-ਕਰ ਕੇ ਬਖਸ਼ਾ ਦੇਣੇ। ਗੁਰੂ ਮਾਂ ਵਾਲੀ ਬਿਰਤੀ ਸ਼ੁਰੂ ਤੋਂ ਹੀ ਹੈ ਆਪ ਜੀ ਦੀ। ਸੁਭਾਅ ਦੇ ਸਖਤ ਜ਼ਰੂਰ ਪ੍ਰਤੀਤ ਹੁੰਦੇ ਨੇ, ਪਰ ਅੰਦਰੋਂ ਤਾਂ ਮਾਨੋਂ ਕਮਲ ਦੇ ਫੁੱਲ ਵਰਗਾ ਕੋਮਲ ਹਿਰਦਾ ਹੈ। ਅੱਜ ਵੀ ਜਿਹਨੂੰ ਕਿਤੋਂ ਖੈਰ ਨਾ ਪਵੇ, ਕੋਈ ਚਲਾ ਜਾਏ, ਕ੍ਰਿਪਾ ਕਰ ਹੀ ਦਿੰਦੇ ਨੇ। ਸੋ, ਉਨ੍ਹਾਂ ਸਮਿਆਂ 'ਚ ਹਾਈਕੋਰਟ ਦੀ ਕੁਝ ਸੰਗਤ ਬਹੁਤ ਪ੍ਰੇਮ ਵਾਲੀ ਸੀ। ਉਨ੍ਹਾਂ ਵਿਚੋਂ ਦੋ ਬੀਬੀਆਂ ਬਹੁਤ ਪ੍ਰੇਮ ਵਾਲੀਆਂ ਸਨ। ਗੁਰੂ ਕ੍ਰਿਪਾ ਦੇ ਨਾਲ ਆਪਣੀ ਨੌਕਰੀ ਕਰਦੀਆਂ ਸਨ। ਇਕ ਦਿਨ ਦਫਤਰ 'ਚ ਕਿਸੇ ਸ਼ਰਾਰਤੀ ਅਨਸਰ ਨੇ ਇਨ੍ਹਾਂ ਦੀ ਕੋਈ ਜ਼ਰੂਰੀ ਫਾਈਲ ਲੁਕਾ ਦਿਤੀ। ਬਹੁਤ ਲੱਭੀ ਪਰ ਕੋਈ ਉੱਘ ਸੁੱਘ ਨਾ। ਉਧਰ ਅਗਲੇ ਦਿਨ ਉਹ ਫਾਈਲ putup ਹੋਣੀ ਸੀ। ਬਹੁਤ ਪਰੇਸ਼ਾਨ। ਆਖਿਰ ਸੰਤ ਮਹਾਰਾਜ ਜੀ ਦੀ ਕੋਠੀ ਪਹੁੰਚ ਗਈਆਂ। ਆ ਕੇ ਸਾਰੀ ਵਿਥਿਆ ਦੱਸੀ। ਆਪ ਜੀ ਨੇ ਸਭ ਕੁਛ ਸੁਣਿਆ, ਨੇਤਰ ਬੰਦ ਕਰ ਲਏ। ਅੰਤਰ ਧਿਆਨ ਹੋ ਗਏ। ਕੁਝ ਪਲ ਮਗਰੋਂ ਨੇਤਰ ਖੋਲ੍ਹ ਕੇ ਕਿਹਾ ਕਿ ਫਲਾਣੀ ਅਲਮਾਰੀ 'ਚ ਪਈ ਹੈ ਜਾ ਕੇ ਲੈ ਲਓ। ਸੋ ਲੋਕ ਪਰਲੋਕ ਸਹਾਈ ਹੁੰਦੇ ਹਨ। ਆਪ ਹੱਥ ਦੇ ਕੇ ਰਖਦੇ ਹਨ। ਇਸ ਲਈ ਹੀ ਮਹਾਰਾਜ ਗੁਰਬਾਣੀ ਅੰਦਰ ਫੁਰਮਾਨ ਕਰਦੇ ਹਨ -

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ - ੨੭੨

ਸਾਧੂ ਕੀ ਮਹਿਮਾ ਕਹੀ ਹੀ ਨਹੀਂ ਜਾ ਸਕਦੀ। ਉਸਦਾ ਜੀਵਨ ਐਨਾ ਵਿਸ਼ਾਲ ਹੁੰਦਾ ਹੈ ਕਿ ਉਸਦਾ ਕੋਈ ਪਾਰਾਵਾਰ ਹੀ ਨਹੀਂ ਰਹਿੰਦਾ। ਸਰੀਰ ਕਿਤੇ ਹੁੰਦਾ ਹੈ। ਆਪ ਕਿਤੇ ਫਿਰਦੇ ਹੁੰਦੇ ਨੇ। ਇਕ ਹੋਰ ਛੋਟੀ ਘਟਨਾ ਹੈ ਆਪ ਜੀ ਨਾਲ ਸਾਂਝੀ ਕਰੂੰਗੀ। ਬੀਬੀ ਸੁਖਦੇਵ ਜੀ ਹੋਰਾਂ ਦੇ ਸਾਥੀ ਹਨ ਬੀਬੀ ਧਾਮ ਜੀ। ਪੰਜਾਬ ਹਰਿਆਣਾ ਹਾਈਕੋਰਟ 'ਚ ਸਰਵਿਸ ਕਰਦੇ ਸਨ। ਬੜੇ ਸਾਲ ਪਹਿਲਾਂ ਹਾਈਕੋਰਟ 'ਚ, ਬੀਬੀ ਧਾਮ ਜੀ ਦੇ ਡਿਪਾਰਟਮੈਂਟ 'ਚ ਅੱਗ ਲੱਗ ਗਈ। ਸਭ ਕੁਝ ਸੜ ਕੇ ਸੁਆਹ ਹੋ ਗਿਆ। ਕਹਿਣ ਲੱਗੇ, ਰਾਤ ਨੂੰ ਦੇਰ ਰਾਤ ਮੈਨੂੰ ਖਬਰ ਮਿਲੀ। ਮੈਂ ਵੀ ਚਲੀ ਗਈ। ਕਹਿੰਦੇ, ਮੈਨੂੰ ਬਹੁਤ ਘਬਰਾਹਟ ਕਿ ਮੇਰੀ ਸੀਟ ਤੇ ਤਾਂ ਮਹਾਰਾਜ ਜੀ ਦੀ ਫੋਟੋ ਲੱਗੀ ਹੋਈ ਹੈ, ਉਹ ਵੀ ਸੜ ਗਈ ਹੋਣੀ। ਪਰ ਜਦੋਂ ਜਾ ਕੇ ਅੰਦਰ ਦੇਖਿਆ ਤਾਂ ਛੱਤ ਦੇ ਪੱਖੇ, ਟਾਈਪ ਰਾਈਟਰ, ਆਸੇ-ਪਾਸੇ ਪਿਆ ਸਾਰਾ ਸਮਾਨ ਸੜਿਆ ਪਿਆ ਪਰ ਪਿਤਾ ਜੀ ਦੀ ਉਹ ਤਸਵੀਰ ਤੇ ਮੇਰੀ ਸਮਾਨ ਪਾਉਣ ਵਾਲੀ ਛੋਟੀ ਜਿਹੀ ਡੱਬੀ ਸਹੀ ਸਲਾਮਤ। ਕਹਿਣ ਲੱਗੇ ਮੈਂ ਹੈਰਾਨ ਹੋ ਗਈ ਤੇ ਮਹਾਰਾਜ ਜੀ ਦਾ ਸ਼ੁਕਰ ਕੀਤਾ ਕਿ ਇਹ ਸਰੂਪ ਦੀ ਬੇਅਦਬੀ ਨਹੀਂ ਹੋਈ। ਸੋ ਐਸਾ ਸਾਥ ਬਣ ਜਾਂਦਾ ਹੈ ਜਿਹੜਾ ਕਦੇ ਵਿਛੜਦਾ ਹੀ ਨਹੀਂ। ਸਰੀਰ ਚਲੇ ਜਾਂਦੇ ਨੇ, ਪਰ ਉਹ ਸਾਂਝ ਸਦੀਵੀ ਹੋ ਗੁਜ਼ਰਦੀ ਹੈ। ਅੱਜ ਵੀ ਦੇਸ਼ਾਂ ਵਿਦੇਸ਼ਾਂ ਵਿਚ ਪ੍ਰੇਮੀ ਉਨ੍ਹਾਂ ਦੀ ਯਾਦ 'ਚ ਬੈਠੇ ਨੇ। ਮੇਰਾ ਤਾਂ ਸੀਸ ਝੁਕਦਾ ਹੈ ਉਨ੍ਹਾਂ ਸਾਰਿਆਂ ਅੱਗੇ ਕਿ ਭਾਵੇਂ ਉਸ ਸਰੀਰ ਦੇ ਜੁਦਾ ਹੋਏ ਸਾਨੂੰ ਇਕ ਦਹਾਕਾ ਹੋ ਗਿਆ ਪਰ ਉਨ੍ਹਾਂ ਦੀ ਯਾਦ 'ਚ ਪ੍ਰੇਮੀ ਅੱਜ ਵੀ ਉਨ੍ਹਾਂ ਦੇ ਬਚਨਾਂ ਤੇ ਪਹਿਰਾ ਦੇ ਰਹੇ ਹਨ।

ਸੰਤ ਬਾਬਾ ਹਰਪਾਲ ਸਿੰਘ ਜੀ ਜੋ ਹੁਣੇ ਥੋੜ੍ਹਾ ਸਮਾਂ ਪਹਿਲਾਂ ਜੱਥੇ ਸਮੇਤ ਵਿਦੇਸ਼ ਯਾਤਰਾ ਤੋਂ ਪਰਤੇ ਸਨ, ਦਸ ਰਹੇ ਸਨ ਕਿ ਪ੍ਰੇਮੀਆਂ ਦਾ ਮਹਾਰਾਜ ਜੀ ਪ੍ਰਤੀ ਪ੍ਰੇਮ, ਉਨ੍ਹਾਂ ਦੇ ਨਿਤਨੇਮ, ਸੇਵਾ, ਸਿਮਰਨ ਦੇਖ ਕੇ ਆਪ ਮੁਹਾਰੇ ਹੀ ਉਨ੍ਹਾਂ ਦੀ ਯਾਦ ਆਉਂਦੀ ਹੈ। ਬਾਕੀ ਸਾਧੂ ਤੋਂ ਲਾਭ ਉਠਾਉਣਾ ਇਹ ਆਪਣੇ ਹੱਥ ਵਿਚ ਵੀ ਹੁੰਦਾ ਹੈ। ਮੈਂ ਕਿਸੇ ਮਹਾਂਪੁਰਖ ਦੇ ਬਚਨ ਸੁਣ ਰਹੀ ਸੀ ਕਹਿੰਦੇ ਦੋ ਤਰ੍ਹਾਂ ਦੇ ਲੋਕ ਹੁੰਦੇ ਨੇ, ਸਾਧੂ ਦੇ ਨਾਲ ਇਕ ਜਿਹੜੇ ਬਹੁਤ ਨਿਕਟਵਰਤੀ, ਇਕ ਦੂਰ ਵਾਲੇ। ਬੜਾ ਸੁੰਦਰ ਪ੍ਰਮਾਣ ਦਿਤਾ, ਕਹਿੰਦੇ, ਮੱਝ ਦੇ ਕੋਲ ਵੀ ਦੋ ਤਰ੍ਹਾਂ ਦੇ ਜੀਵ ਪਾਏ ਜਾਂਦੇ ਨੇ ਇਕ ਚਿੱਚੜ ਹੁੰਦੇ ਨੇ ਦੂਸਰਾ ਵੱਛਾ ਹੁੰਦਾ ਹੈ। ਸੋ ਬਿਰਤੀ ਆਪੋ-ਆਪਣੀ ਹੈ। ਕਿਹੋ ਜਿਹਾ ਲਾਭ ਲੈਣਾ ਹੈ, ਕਿਹੋ ਜਿਹਾ ਵਣਜ ਵਪਾਰ ਕਰਨਾ ਹੈ। ਉਹ ਆਪਣੇ ਤੇ ਨਿਰਭਰ ਹੈ ਕਿਉਂਕਿ ਵਾਹਿਗੁਰੂ ਜੀ ਨੇ ਕਰਮ ਕਰਨ ਦੀ ਸੁਤੰਤਰਤਾ ਦਿੱਤੀ ਹੈ ਜੀਵ ਨੂੰ। ਬਾਕੀ ਪੂਜਯ ਪਿਤਾ ਜੀ ਨੇ ਰਤਵਾੜਾ ਸਾਹਿਬ ਗੁਰੂ ਸੇਵਾ ਅਤੇ ਲੋਕ ਸੇਵਾ ਹਿਤ ਬੇਅੰਤ ਸੇਵਾਵਾਂ ਚਲਾ ਦਿੱਤੀਆਂ। ਨਾਮ ਬਾਣੀ, ਸੇਵਾ ਸਿਮਰਨ ਦਾ ਕੁੰਭ ਚੱਲ ਰਿਹਾ ਹੈ, ਜਦੋਂ ਵੀ ਆਪ ਜੀ ਨੂੰ ਸਮਾਂ ਮਿਲੇ, ਯਥਾਸ਼ਕਤ ਸਹਿਯੋਗ ਦਿਓ। ਬਾਕੀ ਰਤਵਾੜਾ ਸਾਹਿਬ ਦਾ ਤਾਂ ਸਿਸਟਮ ਮਹਾਰਾਜ ਜੀ ਨੇ ਐਨਾ ਪਾਰਦਰਸ਼ੀ ਕਰ ਦਿੱਤਾ ਕਿ ਟਰੱਸਟ ਬਣਾ ਦਿੱਤਾ, ਟਰੱਸਟ ਪੜ੍ਹੇ-ਲਿਖੇ ਜਾਣਦੇ ਹਨ, ਪਬਲਿਕ ਦੀ ਪ੍ਰਾਪਟੀ ਹੁੰਦੀ ਹੈ। ਕਿਸੇ ਦਾ ਕੋਈ ਹਿਤ ਨਹੀਂ। ਨਿਜੀ ਹਿਤ ਵਾਲਾ ਤਾਂ ਇੱਥੇ ਆ ਹੀ ਨਹੀਂ ਸਕਦਾ। ਜੇ ਕੋਈ ਆਉਂਦਾ ਹੈ ਆਪੇ ਚਲਾ ਜਾਂਦਾ ਹੈ। ਆਸ਼ਰਮ ਦੀ ਇੱਕ ਇੰਚ ਪ੍ਰਾਪਟੀ, ਕੋਈ ਚੀਜ਼ ਵੀ ਕਿਸੇ ਇਕੱਲੇ ਆਦਮੀ ਦੇ ਨਾਮ ਨਹੀਂ। ਬੜਾ honest ਸਿਸਟਮ ਹੈ। ਬਾਕੀ ਪਿਤਾ ਜੀ ਦੀ ਅਤੇ ਬੀਜੀ ਦੀ, ਬਾਬਾ ਹਰਪਾਲ ਸਿੰਘ ਜੀ ਹੋਰਾਂ 'ਤੇ ਵੱਡੀ ਕ੍ਰਿਪਾ ਹੈ। ਸ਼ੁਰੂ ਤੋਂ ਹੀ ਆਪ ਜੀ ਕਹਿੰਦੇ ਹੁੰਦੇ ਸੀ ਕਿ ਇਹ ਦਰਵੇਸ਼ ਹਨ, ਸਾਧੂ ਹਨ। ਸੋ ਬੜੇ ਸਹਿਜ ਢੰਗ ਨਾਲ ਸਾਰੇ ਕੰਮ ਨਿਪਟਾ ਰਹੇ ਹਨ ਤੇ ਸਭ ਤੋਂ ਵੱਡਾ ਕੰਮ ਨਾਮ-ਜਪਣਾ-ਜਪਾਉਣਾ, ਸੇਵਾ ਸਿਮਰਨ ਨਾਲ ਜੋੜਨਾ, ਇਹ ਗੁਰੂ ਆਸ਼ੇ ਅਨੁਸਾਰ, ਗੁਰੂ ਕ੍ਰਿਪਾ ਨਾਲ ਸਹਿਜ ਹੋ ਰਿਹਾ ਹੈ। ਆਪਾਂ ਸਾਰੇ ਵਡਭਾਗੇ ਹਾਂ ਕਿ ਐਸੇ ਮਹਾਂਪੁਰਖਾਂ ਦਾ ਸੰਗ, ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਸਾਨੂੰ ਨਿਰੰਤਰ ਮਿਲਿਆ, ਮਿਲ ਰਿਹਾ ਹੈ ਅਤੇ ਇਹੀ ਅਰਦਾਸ ਕਰਾਂਗੇ ਕਿ ਰਹਿੰਦਾ ਜੀਵਨ ਵੀ ਇਨ੍ਹਾਂ ਦੇ ਚਰਨਾਂ 'ਚ ਬਤੀਤ ਹੋ ਜਾਵੇ। ਬਾਕੀ ਇਕ ਮੇਰੀ ਬੇਨਤੀ ਹੈ ਪਿਤਾ ਜੀ ਨੇ ਬਹੁਤ ਘਾਲਣਾ ਤੇ ਮਿਹਨਤ ਨਾਲ ਆਤਮ ਮਾਰਗ ਮੈਗਜ਼ੀਨ, ਆਤਮ ਮਾਰਗ ਦੇ ਪਾਂਧੀਆਂ ਲਈ ਕੱਢਿਆਂ। ਨਿਰੋਲ ਗੁਰਮਤਿ ਦੀ ਬਾਤ ਹੈ ਇਸ ਵਿਚ। ਨਾਮ-ਸੇਵਾ-ਸਿਮਰਨ ਦੀਆਂ ਸੁਖੈਨ ਜੁਗਤਾਂ ਦੇ ਭੇਤ ਖੋਲ੍ਹਦਾ ਇਹ ਪਿਤਾ ਜੀ ਦਾ ਪ੍ਰੇਮ-ਸੰਦੇਸ਼ ਘਰ-ਘਰ ਪਹੁੰਚਾਈਏ। ਆਓ ਸਾਰੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਤਤਪਰ ਹੋਈਏ। ਆਪ ਜੀ ਸਾਰੇ ਸਹਿਯੋਗ ਦਿਓ ਇਸਦੇ ਨਵੇਂ ਮੈਂਬਰ ਬਣਾਓ। ਇਨ੍ਹਾਂ ਬੇਨਤੀਆਂ ਨਾਲ ਆਪੇ ਵਿਚਾਰ ਸੰਕੋਚਦੀ ਹਾਂ। ਗੁਰੂ ਕ੍ਰਿਪਾ ਕਰਨ ਬੀਜੀ ਨੂੰ ਦੇਹ ਅਰੋਗਤਾ ਬਖਸ਼ਣ ਤਾਂ ਜੋ ਸਾਨੂੰ ਉਨ੍ਹਾਂ ਦੇ ਦਰਸ਼ਨ ਦੀਦਾਰ, ਪਿਆਰ, ਆਸੀਸ ਹਮੇਸ਼ਾ ਹੀ ਮਿਲਦਾ ਰਹੇ।

****

ਸਤਵੰਤ ਕੌਰ

ਭਾਈ ਸਾਹਿਬ ਭਾਈ ਵੀਰ ਸਿੰਘ

(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ - 52)

ਇਸ ਤੋਂ ਮਗਰੋਂ ਸਿੱਖਾਂ ਦਾ ਪੈਰ ਪੰਜਾਬ ਵਿਚ ਜੰਮਦਾ ਗਿਆ ਸੀ ਤੇ ਅਬਦਾਲੀ ਰਾਜ ਦਾ ਸੁਪਨਾ ਸਾਰਾ ਤ੍ਰਟ ਗਿਆ, ਉਹ ਅਬਦਾਲੀ ਵੱਡੇ ਘੱਲੂਘਾਰੇ ਵਿਚ ਸਾਰਾ ਤਾਣ ਲਾ ਕੇ ਵੀ ਸਿੱਖਾਂ ਨੂੰ ਮਾ ਮਾਰ ਸਕਿਆ। ਬਾਰਾਂ ਘੰਟੇ ਸਿੱਖ ਪਿੱਛੇ ਹਟਦੇ ਗਏ ਤੇ ਅਬਦਾਲੀ ਦੱਬੀ ਗਿਆ, ਪਰ ਸਾਰਾ ਤਾਣ ਲਾ ਕੇ ਬੀ ਉਨ੍ਹਾਂ ਦੀਆਂ ਸਫਾ ਨਾ ਤੋੜ ਸਕਿਆ, ਅਰ ਪੈਂਤੜਾ ਨਾ ਹਿਲਾ ਸਕਿਆ। ਚਾਹੇ ਹਜ਼ਾਰਾਂ ਸਿੱਖ ਮਾਰੇ ਗਏ; ਪਰ ਉਨ੍ਹਾਂ ਦੀ ਮਰਦਾਨਗੀ ਤੇ ਜੰਗੀ ਵਿਚਾਰ ਦੀ ਪ੍ਰਬੀਨਤਾ ਦਾ ਅਬਦਾਲੀ ਵੀ ਕਾਇਲ ਹੋ ਗਿਆ। ਇਸ ਤੋਂ ਮਗਰੋਂ ਸਿੱਖਾਂ ਦਾ ਪੈਰ ਪੰਜਾਬ ਵਿਚ ਜੰਮਦਾ ਗਿਆ ਸੀ ਤੇ ਅਬਦਾਲੀ ਦਾ ਸੁਪਨਾ ਹਿੰਦ ਪਰ ਮੁੜ ਪਠਾਣ ਰਾਜ ਥਾਪ ਲੈਣ ਦਾ ਸਾਰਾ ਨਸ਼ਟ ਹੋ ਗਿਆ ਸੀ। ਆਖਰੀ ਹਮਲੇ ਵਿਚ ਤਾਂ ਉਹ ਆਪ ਸਰਦਾਰ ਲਹਿਣਾ ਸਿੰਘ ਨੂੰ ਲਾਹੌਰ ਦੀ ਸੂਬੇਦਾਰੀ ਦਿੰਦਾ ਸੀ, ਪਰ ਉਸ ਬੀਰ ਨੇ ਕਿਹਾ ਸੀ ਕਿ ਸਾਡੇ ਡੌਲੇ ਤੇ ਤਲਵਾਰ ਰਾਜ ਪੈਦਾ ਕਰਨਗੇ, ਕਿਸੇ ਦਾ ਦਿੱਤਾ ਰਾਜ ਅਸੀਂ ਨਹੀਂ ਲੈਣਾ।

ਹੁਣ ਇਹ ਕਾਫਲਾ ਜਲਾਲਬਾਦ ਲਾਗ ਆ ਪਹੁੰਚਾ। ਦਰਿਆ ਲੁੰਡੇ ਦੇ ਸੱਜੇ ਕਿਨਾਰੇ ਤੇ ਇਹ ਤ੍ਰੈ ਚਾਰ ਹਜ਼ਾਰ ਦੀ ਵਸੋਂ ਦਾ ਸ਼ਹਿਰ ਆਬਾਦ ਹੈ, ਇਸ ਦੇ ਸੁੰਦਰ ਨਜ਼ਾਰੇ ਨੇ ਦਿਲਾਂ ਨੂੰ ਪ੍ਰਸੰਨ ਕਰ ਦਿੱਤਾ। ਸੰਝ ਕੁ ਵੇਲੇ ਜਸਵੰਤ ਤੇ ਸਾਈਂ ਦਰਿਆ ਦੇ ਕਿਨਾਰੇ ਬੈਠੇ ਸਨ। ਜਸਵੰਤ ਨੇ ਰਹਿਰਾਸ ਦਾ ਭੋਗ ਪਾਇਆ, ਇਸਨੂੰ ਸਾਈਂ ਨੇ ਪ੍ਰੇਮ ਨਾਲ ਸੁਣਿਆਂ ਅਰ ਅਰਦਾਸੇ ਵਿਚ ਸਰੀਰ ਆਪੇ ਖੜੋ ਬੀ ਗਿਆ ਤੇ ਭੋਗ ਪਰ ਮੱਥਾ ਬੀ ਟਿਕ ਗਿਆ।

ਜਦ ਘਰ ਨੂੰ ਮੁੜੇ ਤਦ ਜਸਵੰਤ ਨੇ ਮੁਸਕਰਾ ਕੇ ਕਿਹਾ, ਸੱਜਣ ਜੀ! ਅੱਜ ਤਾਂ ਤੁਸੀਂ ਬੀ ਕਾਫਰ ਹੋ ਗਏ।

ਸਾਈਂ - ਕਿਕੂੰ?

ਜਸਵੰਤ - ਕਾਫਰਾਂ ਦੀ ਨਿਮਾਜ਼ ਦਿਲ ਲਾ ਕੇ ਸੁਣੀ, ਸ਼ਾਮਲ ਹੋਏ, ਫੇਰ ਕਾਫਰਾਂ ਦੇ ਖੁਦਾ ਨੂੰ ਮੱਥਾਂ ਬੀ ਟੇਕਿਆ।

ਸਾਈਂ (ਹੱਸ ਕੇ) - ਹੱਛਾ, ਇਹ ਗੱਲ ਹੈ, ਮੈਂ ਤਾਂ ਨਾ ਕਾਫਰਾਂ ਦੇ ਖੁਦਾ ਨੂੰ ਮੱਥਾ ਟੇਕਿਆ ਹੈ, ਨਾ ਮੋਮਨਾਂ ਦੇ ਖੁਦਾ ਨੂੰ ਮੈਂ ਤਾਂ ਆਪਣੇ ਜਸਵੰਤ ਦੀ ਨਿਮਾਜ਼ ਪੜ੍ਹੀ ਹੈ ਤੇ ਜਸਵੰਤ ਦੇ ਪਿਆਰ ਨੂੰ ਮੱਥਾ ਟੇਕਿਆ ਹੈ। ਮੈਂ ਤਾਂ ਕੋਈ ਜੀਉਂਦਾ ਜਾਗਦਾ ਪਿਆਰ ਲੱਭਿਆ ਤੇ ਉਸੇ ਨੂੰ ਪਿਆਰ ਕੀਤਾ, ਇਹੋ ਮੇਰੀ ਪੂਜਾ ਤੇ ਇਹੋ ਮੇਰੀ ਇਬਾਦਤ ਰਹੀ ਹੈ। ਛੋਟੇ ਹੁੰਦਿਆਂ ਮੇਰਾ ਨੇਕ ਪਿਤਾ ਮੇਰਾ ਖੁਦਾ ਸੀ, ਮੈਂ ਅੱਠੇ ਪਹਿਰ ਉਸੇ ਦੇ ਸਦਕੜੇ ਹੁੰਦੀ ਰਹੀ। ਵਿਆਹੀ ਗਈ ਤਾਂ ਵਰ੍ਹੇ ਭਰ ਦਾ ਸੁਪਨਾ ਆਪਣਾ ਪਤੀ ਮੇਰਾ ਪੂਜ ਸੀ, ਮੈਂ ਉਸੇ ਦੀ ਪੂਜਾ ਕਰਦੀ, ਨਿਮਾਜ਼ ਗੁਜ਼ਾਰਦੀ ਰਹੀ। ਉਹ ਅੱਖਾਂ ਮੀਟ ਗਿਆ ਤਾਂ ਆਗਾ ਖਾਂ ਦੀ ਮਾਂ ਨੂੰ ਮਾਬੂਦ (ਪੂਜ) ਬਣਾਇਆ ਤੇ ਉਸ ਤੋਂ ਘੋਲੀ ਹੁੰਦੀ ਰਹੀ। ਉਹ ਮਰ ਗਈ ਤਾਂ ਆਗਾ ਖਾਂ ਨੂੰ ਪੂਜ ਤੇ ਪਿਆਰ ਦਾ ਨਿਸ਼ਾਨਾ ਬਣਾਇਆ। ਹੁਣ ਉਸੇ ਦੀ ਹੁੱਬ ਦੀ ਖਾਤਰ ਤੁਹਾਡੇ ਨਾਲ ਮੋਹ ਪੈ ਗਿਆ ਹੈ। ਮੈਂ ਕੀਹ ਜਾਣਾ ਨਿਮਾਜ਼ਾਂ ਤੇ ਰੋਜ਼ੇ, ਮੈਂ ਤਾਂ ਆਪਣੇ ਪਿਆਰੇ ਦੇ ਪਿਆਰ ਨੂੰ ਨਿਮਾਜ਼ ਰੋਜ਼ਾ ਜਾਣਦੀ ਹਾਂ।

ਇਹ ਲਫਜ਼ ਕੁਛ ਐਸੇ ਪਿਆਰ ਤੇ ਨਰਮੀ ਨਾਲ ਕਹੇ ਗਏ ਕਿ ਹਸਦੇ ਹਸਦੇ ਜਸਵੰਤ ਦੇ ਅੱਖਾਂ ਵਿਚ ਨੀਰ ਲੈ ਆਏ। ਹੱਸ ਕੇ ਪਰ ਸ਼ਾਂਤਿ ਨਾਲ -

ਜਸਵੰਤ - ਹੈ ਤਾਂ ਡਾਢੀ ਚੰਗੀ ਗੱਲ, ਜਿਸ ਦਾ ਮੁੱਲ ਨਹੀਂ ਪੈ ਸਕਦਾ, ਪਰ ਖੁਦਾ ਦਾ ਨਾਮ ਜ਼ਰਾ ਵਧੇਰੇ ਅਦਬ ਨਾਲ ਲਿਆ ਕਰੋ। ਇਹੋ ਪ੍ਰੇਮ ਦੀ ਮੰਜ਼ਲ ਉਸ ਤੱਕ ਲੈ ਜਾਂਦੀ ਹੈ ਤੇ ਹਰ ਮੰਜ਼ਲ ਉਤੇ, ਰਸਤੇ ਦੇ ਹਰ ਕਦਮ ਉਤੇ ਉਹ ਆਪ ਹੈ। ਪਰ ਮੰਜ਼ਲਾਂ ਤੇ ਰਸਤੇ ਨੂੰ ਅਦਬ ਸੁਆਰੇ ਖੁਦਾ ਕਹਿਣ ਵੇਲੇ ਚੁੱਪ ਤੋਂ ਕੰਮ ਲੈਂਦੇ ਹਨ। ਉਹ ਆਪ ਪ੍ਰੇਮ ਹੈ, ਉਹ ਹਰ ਥਾਂ ਵਸਦਾ ਹੈ, ਪਰ ਵਰਤਦਾ ਅਲੇਪ ਹੈ। ਪ੍ਰੇਮ ਆਪ ਦਾ ਮੁੱਲ ਹੈ, ਦਿਲ ਦੀ ਜਿਸ ਅਟਾਰੀ ਵਿਚ ਪਿਤਾ, ਪਤੀ, ਸੁਆਣੀ ਤੇ ਆਗਾ ਖਾਂ ਵਸਦੇ ਰਹੇ ਹਨ, ਏਥੇ ਹੀ ਉਸ ਮਾਲਕ ਨੇ ਆ ਵਸਣਾ ਹੈ। ਇਹ ਉਸੇ ਦੇ ਪਿਆਰ ਤਣੁੱਕੇ ਹਨ ਜੋ ਥਾਓਂ ਥਾਓਂ ਆ ਆ ਵਜਦੇ ਹਨ।

ਸਾਈਂ - ਇਸ ਵੇਲੇ ਕੋਈ ਕਸਰ ਨਿਕਲ ਸੱਕਣੀ ਕਠਨ ਹੈ, ਕਿਉਂਕਿ ਡਾਢੀ ਵਿੱਥ ਪੈ ਰਹੀ ਹੈ। ਜਦੋਂ ਹੁਣ ਵਾਲਾ ਮਾਮਲਾ ਸਿਰੇ ਚੜ੍ਹ ਜਾਏਗਾ ਤਦੋਂ ਖਬਰੇ ਸ਼ੁਕਰਾਨੇ ਵਿਚ ਕੋਈ ਪੂਰਾ ਭਾਂਡਾ ਮੇਰੀਆਂ ਕਸਰਾਂ ਕੱਢ ਦੇਵੇਗਾ। ਜਿਸ ਘਰ ਦੀ ਮੈਂ ਉਮਰਾ ਤੋਂ ਨਿਮਾਣੀ ਸੇਵਾ ਕਰ ਰਹੀ ਹਾ, ਉਹ ਤਾਂ ਬਹੁਤ ਹੀ ਉਪਕਾਰੀ ਤੇ ਤਿਲ ਨੂੰ ਮੇਰੂ ਕਰਕੇ ਜਾਣਨ ਵਾਲਾ ਹੈ।

ਜਸਵੰਤ - ਅੱਜ ਮੈਥੋਂ ਰਿਹਾ ਨਹੀਂ ਜਾਂਦਾ, ਮੈਂ ਗੁਸਤਾਖੀ ਕਰਕੇ ਬੀ ਪੁੱਛ ਲੈਣਾ ਹੈ। ਪਿਆਰੇ ਸਾਂਈਂ ਜੀ! ਦੱਸੋ ਨਾ ਤੁਸੀਂ ਕਦੇ ਤਕ ਬੁਝਾਰਤਾਂ ਪਾਓਗੇ ਅਰ ਮੈਨੂੰ ਹਨ੍ਹੇਰੇ ਵਿਚ ਰੱਖੋਗੇ। ਜਦ ਤੁਸੀਂ ਮੈਨੂੰ ਐਨਾ ਪਿਆਰ ਕਰਦੇ ਹੋ, ਤਾਂ ਹਾਲ ਕਿਉਂ ਨਹੀਂ ਖੋਲ੍ਹਦੇ, ਵਲਾ ਵਲਾ ਕਿਉਂ ਜਾਂਦੇ ਹੋ? ਜੇ ਤਾਂ ਮੈਨੂੰ ਕੁਛ ਥਹੁ ਨਾ ਹੁੰਦਾ ਤਾਂ ਹੋਰ ਗੱਲ ਸੀ, ਕੁਛ ਭਿਣਕ ਮੇਰੇ ਕੰਨੀਂ ਪੈ ਚੁੱਕੀ ਹੈ, ਮੇਰੀ ਆਪਣੀ ਅਕਲ ਜੋੜ ਤੋੜ ਬਣਾਉਂਦੀ ਤੇ ਢਾਹੁੰਦੀ ਰਹਿੰਦੀ ਹੈ। ਮੈਂ ਆਪਣੀ ਹੈਰਾਨੀ ਲਈ ਨਹੀਂ ਪੁੱਛਦਾ ਮੈਨੂੰ ਪਿਆਰ ਤਣੁੱਕੇ ਵੱਜਣ ਲਗ ਪਏ ਹਨ ਤੇ ਤੁਹਾਡੇ ਹੋਰ ਨੇੜੇ ਕਰਨਾ ਚਾਹੁੰਦੇ ਹਨ।

ਸਾਈਂ (ਠੰਢਾ ਸਾਹ ਲੈ ਕੇ)-ਪਿਆਰ ਜੀ! ਤੁਹਾਥੋਂ ਕੀ ਲੁਕਾਉ ਹੈ? ਪਰ ਦੁੱਖਾਂ ਦੀਆਂ ਗੰਢਾਂ ਖੋਲ੍ਹਿਆਂ ਚੋਭ ਹੀ ਵੱਜਣੀ

ਹੈ।

ਜਸਵੰਤ - ਸੱਚ ਹੈ, ਪਰ ਅਸੀਂ ਮਿਲੇ ਹੀ ਦੁੱਖਾਂ ਵਿਚ ਹਾਂ, ਦੁੱਖਾਂ ਵਿਚ ਹੋਏ ਮੇਲੇ ਪਿਆਰ ਦੀ ਗੋਦੀ ਵਿਚ ਛੇਤੀ ਲੈ ਜਾਂਦੇ ਹਨ। ਮੈਂ ਕਿਹੜੇ ਸੁੱਖਾਂ ਵਿਚ ਹਾਂ?

ਸਾਈਂ - ਮੈਨੂੰ ਅੱਗੇ ਹੀ ਖਿਆਲ ਸੀ ਕਿ ਤੁਸੀਂ ਪੰਜਾਬੀ ਹੋ ਅਰ ਰੱਬ ਨਾ ਭੁਲਾਵੇ ਤਾਂ ਕੈਦ ਵਿਚ ਆਏ ਹੋ ਤੇ ਹੁਣ ਕਿਸੇ ਜੁਗਤ ਨਾਲ ਮੁੜੇ ਜਾਂਦੇ ਹੋ।

ਜਸਵੰਤ - ਬਿਲਕੁਲ ਠੀਕ ਹੈ। ਡਾਢੀਆਂ ਮੁਸ਼ਕਲਾਂ ਨਾਲ ਛੁਟਕਾਰਾ ਹੋਇਆ ਹੈ ਤੇ ਪ੍ਰਮੇਸ਼ਰ ਫਜ਼ਲ ਕਰੇ, ਆਪ ਦੇ ਆਗਾ ਖਾਂ ਦੀ ਕ੍ਰਿਪਾ ਨਾਲ ਸ਼ਾਇਦ ਵਤਨ ਅੱਪੜ ਪਵਾਂ, ਪਰ ਪਠਾਣ ਹੋਣ ਕਰਕੇ ਮੈਂ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਨਹੀਂ ਕੀਤੀ, ਪਰ ਸਾਈਂ ਜੀ! ਪ੍ਰੇਮ ਅੱਗੇ ਕਦ ਤਕ ਲੁਕੇ ਰਹਿ ਸਕਦੇ ਹਨ।

ਸਾਈਂ - ਕੋਈ ਗੈਬ ਤੋਂ ਬਲਾ ਨਾ ਆ ਪਵੇ, ਮੇਰਾ ਲਾਲ ਤਾਂ ਸਿਰ ਤੱਕ ਤੁਹਾਡੇ ਨਾਲ ਨਿਬਾਹੇਗਾ।

ਜਸਵੰਤ - ਉਸ ਦੀ ਜ਼ਾਤ ਤੋਂ ਅਰ ਤੁਹਾਡੇ ਤੋਂ ਇਹੋ ਉਮੈਦ ਹੈ। ਮੇਰਾ ਰੱਬ ਨਾ ਭੁਲਾਵੇ, ਮੇਰੇ ਮਿੱਠੇ ਮਿੱਠੇ ਸਾਈਂ ਜੀਓ! ਤੁਹਾਡੇ ਤੇ ਮੇਰੇ ਲਹੂ ਵਿਚ ਉਹ ਵਿੱਥ ਨਹੀਂ ਹੈ ਜੋ ਦਿੱਸ ਪਈ ਆਉਂਦੀ ਹੈ।

ਸਾਈਂ - ਇਹ ਖਿਆਲ ਆਪ ਦਾ ਠੀਕ ਹੈ। ਮੈਂ ਪਠਾਣੀ ਨਹੀਂ ਅਰ ਨਾ ਮੁਸਲਮਾਨੀ ਹਾਂ। ਮੇਰੇ ਇਹ ਰੂਪ ਬੀ ਪ੍ਰੇਮ ਨੇ ਹੀ ਢਾਲ ਕੱਢੇ ਹਨ, ਯਾ (ਹੱਸ ਕੇ) ਮੇਰੇ ਪੂਰਬਲੇ ਕਰਮਾਂ ਨੇ।

ਜਸਵੰਤ (ਸਾਈਂ ਦਾ ਹੱਥ ਘੁੱਟ ਕੇ) - ਰੱਬ ਮਿਹਰ ਕਰੇ, ਛੇਤੀ ਦੱਸੋ ਜੋ ਤੁਸੀਂ ਕਿਸ ਕੁਲ ਵਿਚੋਂ ਹੋ? ਮੇਰਾ ਕਲੇਜਾ ਉਛਲ ਰਿਹਾ ਹੈ, ਇਸ ਮੁੱਠ ਵਿਚ ਨਹੀਂ ਆਉਂਦਾ।

ਸਾਈਂ - ਮੈਂ ਸਪਤ ਸਿੰਧੂ (ਸੱਤ ਪਾਣੀਆਂ ਵਾਲੇ) ਪੰਜਾਬ ਦੀ ਪੁੱਤਰੀ ਹਾਂ। ਹਾਂ ਮੈਂ ਰਾਜਪੂਤ ਕੁਲ ਦੀ, ਪਰ ਪੰਜਾਬ ਦੇ ਪਹਾੜਾਂ ਦੀ ਜਾਈ ਹਾਂ। ਪਿਤਾ ਮੇਰੇ ਚੰਗੇ ਜ਼ਿੰਮੀਦਾਰ ਸਨ। ਨਾਦੌਣ ਵਿਚ ਮੇਰਾ ਘਰ ਸੀ, ਸ਼ਕਤੂ ਮੇਰੇ ਜਨਕ ਜੀ ਦਾ ਨਾਮ ਸੀ। ਸਿਆਣੀ ਹੋਈ ਨੂੰ ਪਿਤਾ ਨੇ ਵਿਆਹ ਦਿੱਤਾ। ਥੋੜ੍ਹੇ ਹੀ ਦਿਨ ਵਿਆਹ ਦਾ ਜੀਵਨ ਡਿੱਠਾ ਕਿ ਪਤੀ ਤੇ ਪਿਤਾ ਕੱਠੇ ਹੀ ਪ੍ਰਲੋਕ ਟੁਰ ਗਏ। ਇਸ ਵੇਲੇ ਅਸੀਂ ਲਾਹੌਰ ਸਾਂ। ਜਿਸ ਮਹੱਲੇ ਵਿਚ ਵਾਸ ਸੀ ਉਥੇ ਇਕ ਗੰਭੀਰ ਆਸ਼ਗ਼ ਲੋਕ ਵੱਸਦੇ ਸਨ। ਮੇਰੇ ਦੁੱਖ ਵਿਚ ਉਨ੍ਹਾਂ ਦੀ ਵਹੁਟੀ ਨੇ, ਜੋ ਨੇਕੀ ਦਾ ਅਵਤਾਰ ਸੀ, ਮੇਰੇ ਨਾਲ ਅਤਿ ਪਿਆਰ ਕੀਤਾ। ਇਸ ਪਿਆਰ ਵਿਚ ਪੁਰੋਤੀ ਉਨ੍ਹਾਂ ਦੀ ਹੀ ਹੋ ਗਈ। ਸੋ ਪਿਆਰੇ ਜਸਵੰਤ ਜੀ! ਮੇਰੀਆਂ ਰਗਾਂ ਵਿਚ ਪੰਜਾਬ ਦੇ ਪਰਬਤਾਂ ਉਤੇ ਵਹਿੰਦੇ ਪਵਿੱਤਰ ਪਾਣੀਆਂ ਤੋਂ ਬਣਿਆਂ ਪਵਿੱਤ੍ਰ ਖੂਨ ਠਾਠਾਂ ਮਾਰਦਾ ਹੈ ਅਰ ਚਾਹੇ ਤੁਸੀਂ ਮਰਦ ਹੋ ਤੇ ਮੈਂ ਤੀਮੀਂ ਹਾਂ, ਤੁਸੀਂ ਮੇਰੇ ਪੁਤਾਂ ਜੇਡੇ ਹੋ, ਮੈਂ ਆਪ ਨੂੰ ਦੇਸ਼ ਵੀ ਤੇ ਸੱਕਾ ਵੀਰ ਜਾਣ ਕੇ ਇਸ ਵੇਲੇ ਮਿਲੇ ਬਿਨਾਂ ਰੁਕ ਨਹੀਂ ਸਕਦੀ। ਇਹ ਕਹਿੰਦਿਆਂ ਜੱਫੀ ਪਾ ਲਈ ਅਰ ਐਸਾ ਘੁੱਟ ਕੇ ਮਿਲੀ ਕਿ ਅੱਖਾਂ ਤੋਂ ਅੰਝੂ ਵਹਿ ਤੁਰੇ ਅਰ ਸ੍ਵਾਸ ਲੰਮੇ ਹੋ ਗਏ ਤੇ ਹੋਸ਼ ਕੱਸੀ ਪੈ ਗਈ। ਕਿਤਨਾ ਚਿਰ ਦੇਸ ਤਰ੍ਹਾਂ ਲੰਘ ਗਿਆ।

ਜਸਵੰਤ - ਸਾਈਂ! ਪਿਆਰ ਦੇ ਅਵਤਾਰ ਸਾਈਂ! ਸ਼ੁਕਰ ਹੈ, ਇਸ ਬਿਦੇਸ਼, ਇਸ ਉਜਾੜ ਤੇ ਓਪਰੀ ਧਰਤੀ ਵਿਚ, ਇਸ ਇਕੱਲ ਦੇ ਵਿਛੋੜੇ ਵਿਚ ਮੈਨੂੰ ਦੇਸ਼-ਭੈਣ ਦਾ ਮੇਲਾ ਹੋਇਆ ਅਰ ਇਸ ਪਿਆਰ ਵਿਚ ਹੋਇਆ ਕਿ ਜਦੋਂ ਪਵਿੱਤ੍ਰ ਉਛਾਲੇ ਵਿਚ ਵਿੱਥ ਨਹੀਂ ਰਹੀ। ਜੇ ਕਦੀ ਮੇਰੀ ਇਕ ਹੋਰ ਆਸ ਬੀ ਪੂਰੀ ਹੋ ਜਾਵੇ ਤਾਂ ਮੇਰੇ ਖੁਸ਼ੀ ਸੰਪੂਰਨ ਹੋ ਜਾਵੇ। ਹਾਂ ਹੁਣ ਪਿਆਰ ਭਰੀ ਸਾਈਂ ਜੀ ਦੀ ਮਿੱਠੀ ਰਸੀਲੀ ਰਸਨਾ ਉਹ ਮਧੂ ਭੀ ਦਾਨ ਕਰੇ।

ਸਾਈਂ - ਉਹ ਕੀ ਹੈ?

ਜਸਵੰਤ - ਮੇਰਾ ਲਹੂ ਉਛਾਲੇ ਮਾਰ ਕੇ ਆਖਦਾ ਹੈ ਕਿ ਆਗਾ ਖਾਂ ਦੀਆਂ ਰਗਾਂ ਵਿਚ ਬੀ ਪੰਜਾਬ ਦੀ ਪਵਿੱਤ੍ਰ ਧਰਤੀ ਦਾ ਖੂਨ ਗੇੜੇ ਲਾ ਰਿਹਾ ਹੈ। ਉਸ ਦੀਆਂ ਜੋਸ਼ ਭਰੀਆਂ ਨਾੜਾਂ ਵਿਚ ਕਠੋਰਤਾ ਦਾ ਓਪਰਾ ਓਪਰਾ ਖੂਨ ਨਹੀਂ ਹੈ। ਉਥੇ ਉਤਸ਼ਾਹ ਦੇ ਬਲ ਵਾਲੀ ਰੱਤੀ ਰੱਤ ਜੋਸ਼ ਮਾਰਦੀ ਹੈ। ਪਿਆਰੀ ਭੈਣ! ਮੇਰੀ ਆਸ 'ਨਾਂਹ' ਕਰਕੇ ਨਾ ਤੋੜ ਦੇਈਂ। ਪਰਮੇਸ਼ੁਰ ਕਰੇ ਤੇਰਾ ਜਵਾਬ ਤੇ ਸੱਚ ਦੋਵੇਂ ਮੇਰੀ ਆਸ ਪੂਰਣ ਵਾਲੇ ਹੋਣ।

ਸਾਈਂ - ਪਿਆਰੇ ਵੀਰ! ਕੀਹ ਦੱਸਾਂ। ਦੁੱਖਾਂ ਦੀਆਂ ਪੰਡਾਂ ਹਨ, ਪਰ ਸੁਣ ਅਰ ਦਿਲ ਥੰਮ੍ਹ ਕਲੇਜਾ ਘੁੱਟ ਕੇ ਸੁਣ! ਤੁਹਾਡੀ ਪੁੱਛ ਦੇ ਸਾਰੇ ਉਤਰ ਮੇਰੀ ਅਗਲੀ ਵਿੱਥਿਆ ਵਿਚ ਆ ਜਾਣਗੇ।

ਮੈਂ ਆਪਣੀ ਵਿੱਥਿਆ ਦੀ ਪਿਛੇ ਛੱਡੀ ਲੜੀ ਫੇਰ ਅੱਗੇ ਤੋਰਦੀ ਹਾਂ; ਜਦ ਮੈਨੂੰ ਹੁਣ ਆਪਣੇ ਪਿਆਰ ਦਾ ਨਵਾਂ ਆਲੰਬ ਮਿਲ ਗਿਆ, ਤਦ ਮੈਂ ਉਸੇ ਦੇ ਪਿਆਰ ਵਿਚ ਲਗ ਗਈ।

ਮੇਰੀ ਮਾਲਕਾਣੀ ਕਹਾਂ ਕਿ ਭੈਣ ਕਹਾਂ ਭਲਿਆਈ ਹੀ ਭਲਿਆਈ ਸੀ। ਸੱਚ ਦੀ ਪੁਤਲੀ ਸੀ। ਸੁਤੇ ਸੁਭਾਵ ਹੀ ਉਸ ਨੇ ਬੁਰਾ ਕਦੀ ਕੀਤਾ ਹੀ ਨਹੀਂ ਸੀ, ਹਸਮੁਖ ਸਦਾ ਸੁਖ ਦਾਤੀ। ਦਿਨ ਰਾਤ ਗਾਉਂਦੀ, ਗੁਰੂ ਜੀ ਦੀ ਬਾਣੀ ਪੜ੍ਹਦੀ ਤੇ ਗੁਰੂ ਗੁਰੂ ਕਰਦੀ ਸੀ। ਸੁੰਦਰ, ਬਾਂਕੀ, ਕੋਇਲ ਵਰਗੀ ਬਰੀਕ ਤੇ ਬੁਲਬੁਲ ਵਰਗੀ ਮਿੱਠੀ ਆਵਾਜ਼। ਪਤੀ ਉਸ ਦੇ ਬੀਰ ਬਾਂਕੁਰੇ ਸਖੀ, ਨੇਕ, ਸਚੇ, ਧਰਮੀ ਤੇ ਸਦਾ ਉਪਕਾਰੀ। ਇਹ ਜੋੜੀ ਇਕ ਅਨੂਪਮ ਜੋੜੀ ਸੀ। ਇਕ ਕਾਕੀ ਇਨ੍ਹਾਂ ਦੇ ਘਰ ਸੀ। ਹੁਣ ਵਾਹਿਗੁਰੂ ਨੇ ਬਰਕਤ ਦਿੱਤੀ, ਇਕ ਕਾਕਾ ਜਨਮਿਆਂ ਜੋ ਸੁੰਦਰਤਾ ਵਿਚ ਚੰਦ ਨੂੰ ਮਾਤ ਕਰੇ। ਮੇਰੇ ਉਹ ਦਿਨ ਇਸ ਪਰਿਵਾਰ ਦੀਆਂ ਖੁਸ਼ੀਆਂ ਤੇ ਭਜਨਾਂ ਵਿਚ ਸੁਹਾਵਣੇ ਲੰਘੇ। ਮੈਨੂੰ ਉਹ ਦਿਨ ਪੇਕੇ ਘਰ ਨਾਲੋਂ ਬੀ ਵਧੀਕ ਸੁਖੀ ਬੀਤੇ ਯਾਦ ਪੈਂਦੇ ਹਨ।

ਸਾਡੇ ਘਰ ਪਰਾਹੁਣੇ ਬਹੁਤ ਆਉਂਦੇ ਸਨ। ਸੁਆਣੀ ਦਾ ਖਿੜਿਆ ਮੱਥਾ ਪਰਾਹੁਣਿਆਂ ਨੂੰ ਪਿਆਰ ਕਰਦਾ ਸੀ। ਉਹ ਸਦਾ ਸੇਵਾ ਵਿਚ ਰੁੱਝੀ ਰਹਿੰਦੀ ਸੀ ਤੇ ਮੈਂ ਬੱਚੇ ਦੇ ਪਾਲਣ ਪੋਸ਼ਣ

ਵਿਚ ਰਹਿੰਦੀ ਸਾਂ। ਅਕਸਰ ਕਈ ਵੇਰ ਜਦ ਸੁਆਣੀ ਢੇਰ ਚਿਰ ਰੁੱਝੀ ਰਵੇ ਜਾਂ ਕਮਜ਼ੋਰੀ ਦੇ ਨਾਲ ਕੁਛ ਕੁ ਬੀਮਾਰ ਹੋ ਜਾਵੇ, ਤਾਂ ਬੱਚੇ ਨੂੰ ਮੈਂ ਆਪਣੀ ਛਾਤੀ ਤੇ ਪਾਉਣਾ। ਪਿਆਰ ਦੀ ਖਿੱਚ ਤੇ ਆਂਦਰਾਂ ਦੇ ਵਲਵਲੇ ਦਾ ਅਸਰ ਦੇਖੋ ਜੋ ਮੈਨੂੰ ਦੁੱਧ ਉਤਰ ਆਇਆ। ਫੇਰ ਤਾਂ ਸੌਖ ਹੋ ਗਿਆ, ਅੱਗੇ ਤੋਂ ਵਧੀਕ ਵਕਤ ਬੱਚੇ ਨੂੰ ਮੇਰਾ ਹੀ ਦੁੱਧ ਮਿਲਦਾ ਸੀ। ਪਿਆਰ ਦੀਆਂ ਹੋਰ ਕਥਾ ਕੀ ਸੁਣਾਵਾਂ? ਯਾਦ ਕਰਦਿਆਂ ਰੋਣਾ ਆਉਂਦਾ ਹੈ, ਉਸ ਸਤਿਸੰਗ ਉਪਕਾਰ, ਖੁਸ਼ੀ ਦੇ ਰੰਗ ਮੈਂ ਦੱਸ ਨਹੀਂ ਸਕਦੀ ਜੋ ਸਾਡੇ ਘਰ ਵਿਚ ਵਰਤਦਾ ਸੀ।

ਦੇਸ਼ ਦੇ ਅਭਾਗ ਆ ਗਏ, ਦਿੱਲੀ ਦੇ ਤਖਤ ਉਤੇ ਔਰੰਗਜ਼ੇਬ ਬੈਠ ਕੇ ਜੋ ਤਅੱਸਬ ਨਾਲ ਪਰਜਾ ਵਿਚ ਨਫਰਤ ਦੇ ਬੀ ਬੀਜ ਗਿਆ ਸੀ ਉਹ ਰਾਜ ਪ੍ਰਬੰਧ ਦਾ ਸੱਤਿਆਨਾਸ ਕਰਦੇ ਗਏ। ਅਖੀਰ ਨਿਕੰਮਾ ਤੇ ਰੋਗੀਲਾ ਪਾਤਸ਼ਾਹ ਮੁਹੰਮਦ ਸ਼ਾਹ ਓਸੇ ਤਖਤ ਉਤੇ ਬੈਠ ਗਿਆ ਤੇ ਇਧਰੋਂ ਨਾਦਰਸ਼ਾਹ, ਸਾਡੇ ਦੇਸ਼ ਦੀ ਸ਼ਾਮਤ, ਦਲਾਂ ਦੇ ਦਲ ਲੈ ਕੇ ਆ ਗਿਆ। ਪਿਸ਼ੌਰ ਤੋਂ ਦਿੱਲੀ ਤਕ ਵੈਰਾਨੀ ਛਾ ਗਈ। ਲਹੂ ਦੇ ਦਰਿਆ ਵਹਿ ਗਏ। ਸੱਤਰ ਕ੍ਰੋੜ ਤੋਂ ਵਧੀਕ ਦਾ ਸੋਨਾ ਚਾਂਦੀ ਤੇ ਰਤਨ ਨਾਦਰ ਨੇ ਦਿੱਲੀ ਤੋਂ ਲੁੱਟੇ ਗੋਲਕੁੰਡੇ ਦਾ ਕੋਹਨੂਰ ਹੀਰਾ ਤੇ ਸ਼ਾਹਜਹਾਂ ਦਾ ਤਖਤੇ ਤਾਊਸ ਇਸੇ ਲੁੱਟ ਵਿਚ ਹੀ ਗਏ। ਬੇਗਿਣਤ ਭਾਰਤਵਾਸੀ ਕੈਦ ਪੈ ਕੇ ਗੋਲੇ ਬਣਾਏ ਗਏ। ਸਿੱਖਾਂ ਨੇ ਮੁੜੇ ਜਾਂਦੇ ਨਾਦਰ ਪਾਸੋਂ ਬਹੁਤ ਕੁਛ ਰਾਤਾਂ ਨੂੰ ਛਾਪੇ ਮਾਰ ਮਾਰ ਕੇ ਲੁਟਿਆ, ਬਹੁਤ ਕੈਦੀ ਛੁਡਾਏ ਪਰ ਜਿਨ੍ਹਾਂ ਦੇ ਭਾਗ ਹਿਰੇ ਸਨ ਉਨ੍ਹਾਂ ਦਾ ਕੀ ਬਣਦਾ ਸੀ। ਲਾਹੌਰ ਵਿਚ ਆ ਕੇ ਨਾਦਰਸ਼ਾਹ ਨੇ ਸਿੱਖਾਂ ਦੇ ਹਾਲ ਪੁੱਛੇ, ਪਤਾ ਕਰਕੇ ਹੱਕਾ ਬੱਕਾ ਰਹਿ ਗਿਆ ਤੇ ਖਾਨ ਬਹਾਦਰ ਨੂੰ ਕਹਿਣ ਲੱਗਾ, ਸੰਭਲ ਕੇ ਵਰਤੋ, ਇਹ ਲੋਕ ਜੋ ਗੁਣ ਰੱਖਦੇ ਹਨ, ਰਾਜ ਕਰਨਗੇ। ਪਰ ਕੌਣ ਸੁਣਦਾ ਸੀ ਤੇ ਉਹ ਆਪ ਸਿੱਖਾਂ ਨਾਲ ਕੀ ਘੱਟ ਗੁਜ਼ਾਰਦਾ ਸੀ? ਅਸੀਂ ਇਨ੍ਹੀ ਦਿਨੀ ਵਟਾਲੇ ਸਾਂ, ਮਹਾਰਾਜ ਨੇ ਸੱਦਿਆ ਸੀ। ਲੁਧਿਆਣੇ ਕੋਲ ਇਸ ਆਗਾ ਖਾਂ ਦੇ ਪਠਾਣ ਪਿਤਾ ਦੇ ਢਹੇ ਚੜ੍ਹ ਗਏ, ਜੋ ਕਿਸੇ ਸਰਕਾਰੀ ਕੰਮ ਕਰਕੇ ਬਹੁਤ ਪਿੱਛੇ ਆ ਰਿਹਾ ਸੀ। ਮੈਂ ਮੇਰੀ ਸੁਆਣੀ, ਬੱਚੇ ਤੇ ਘਰ ਦੇ ਮਾਲਕ ਜੀ ਫਸ ਗਏ। ਲਾਹੌਰ ਤੋਂ ਪਹਿਲੇ ਪਹਿਲੀ ਰਾਤ ਦੇ ਸਿੱਖਾਂ ਵਲੋਂ ਕਿਸੇ ਛਾਪੇ ਪਏ ਤੇ ਮਾਲਕ ਜੀ ਤੇ ਕਾਕੀ ਤਾਂ ਸਿੱਖਾਂ ਦੇ ਹੱਥ ਚੜ੍ਹ ਗਏ ਪਰ ਅਸੀਂ ਤਿੰਨੇ ਹੱਥ ਨਾ ਆਏ। ਫੇਰ ਤਾਂ ਅਟਕ ਤੱਕ ਸਿੱਖਾਂ ਦੇ ਛਾਪੇ ਵਜਦੇ ਰਹੇ। ਸ਼ਾਇਦ ਸਾਡੇ ਛੁਡਾਉਣ ਲਈ ਮਾਲਕ ਜੀ ਬੀ ਆਉਂਦੇ ਰਹੇ ਹੋਣ, ਪਰ ਪੇਸ਼ ਕੁਛ ਨਾ ਗਈ, ਅਸੀਂ ਛੁਡਾਉਣ ਹਾਰਿਆਂ ਦੇ ਹੱਥ ਨਾ ਚੜ੍ਹੇ। ਇਸ ਵੇਲੇ ਜ਼ਾਲਮ ਹਸਨ ਖਾਂ (ਆਗਾ ਦਾ ਪਠਾਣ ਬਾਪੂ) ਫੌਜ ਦੇ ਅਗੇਰੇ ਦਲ (ਹਰਾਵਲ) ਵਿਚ ਸੀ। ਜਿਸ ਦਿਨ ਨਾਦਰ ਅਟਕ ਤੇ ਅਟਕਿਆ ਇਹ ਪਾਰ ਲੰਘ ਚੁਕਾ ਸੇ, ਇਸ ਕਰਕੇ ਅਟਕ ਪਰ ਸਿੱਖਾਂ ਦਾ ਜੋ ਭਾਰਾ ਛਾਪਾ ਪਿਆ ਉਸ ਵਿਚ ਅਸੀਂ ਨਾ ਛੁਟ ਸਕੇ। ਉਂਞ ਕਈ ਸੌ ਤੋਂ ਵਧੀਕ ਹਿੰਦ ਜ਼ਨਾਨੀਆਂ, ਬੱਚੇ ਗੱਭਰੂ ਸਿੱਖ ਛੁਡਾ ਕੇ ਲੈ ਗਏ ਸੀ, ਇਹ ਗੱਲ ਅਸਾਂ ਅੱਗੇ ਆ ਕੇ ਸੁਣੀ ਸੀ। ਪਰ ਸਾਡੇ ਨਸੀਬ ਦੇ ਡੱਬੇ ਨੂੰ ਮੁਹਰ ਵੱਜੀ ਹੀ ਰਹੀ। ਗੱਲ ਕੀਹ, ਬੁਰੇ ਹਾਲੀਂ ਕਾਬਲ ਪਹੁੰਚੇ। ਹਸਨ ਖਾਂ ਨੇ ਨਾਦਰ ਤੋਂ ਵਿਦੈਗੀ ਲੈ ਕੇ ਆਪਣੇ ਪਿੰਡ ਡੇਰੇ ਲਾਏ, ਲੁੱਟ ਸਾਂਭੀ ਤੇ ਹਿੰਦੁਸਤਾਨ ਦੇ ਬਗੀਚੇ ਦੇ ਫੁੱਲਾਂ ਨੂੰ ਮਲਣਾ ਸ਼ੁਰੂ ਕੀਤਾ। ਪੰਜ ਪੰਜ ਰੁਪਏ ਨੂੰ ਭਾਰਤਵਰਸ਼ ਦੀਆਂ ਪੁਤਰੀਆਂ ਤੇ ਪੁੱਤਰ ਮੰਡੀ ਵਿਚ ਪਸ਼ੂਆਂ ਵਾਂਗ ਵਿਕੇ। ਮੇਰੀ ਸੁਆਣੀ ਦੀ ਸੁੰਦਰਤਾ ਤੇ ਬਾਲਕ ਦੀ ਸ਼ਕਲ ਅਤੇ ਗੁਣਾਂ ਪਰ ਹਸਨ ਖਾਂ ਰੀਝ ਪਿਆ। ਉਨ੍ਹਾਂ ਨੂੰ ਘਰ ਰੱਖ ਲਿਓਸੁ ਤੇ ਉਨ੍ਹਾਂ ਦੀ ਸੇਵਾ ਖਾਤਰ ਮੈਂ ਬੀ ਵਿਕਣੋਂ ਬਚ ਗਈ, ਪਰ ਨਸੀਬ ਅਜੇ ਖਹਿੜਾ ਕਦ ਛੱਡਦੇ ਸੇ? ਹਸਨ ਖਾਂ ਨੇ ਮੇਰੀ ਦੇਵੀ ਸੁਆਣੀ ਨੂੰ ਵਹੁਟੀ ਬਣਾਉਣ ਲਈ ਕਲਮਾਂ ਪੜ੍ਹਾਉਣਾ ਚਾਹਿਆ। ਸਤਵੰਤੀਆਂ ਦੀ ਵੰਸ਼, ਬੀਰਾਂ ਦੀ ਔਲਾਦ ਤੇ ਧਰਮ ਦੀ ਪੁਤਲੀ ਇਹ ਗਿਰਾਉ ਕਦ ਖਾਂਦੀ ਸੀ? ਹਸਨ ਖਾਂ ਨੂੰ ਮੂੰਹ ਤੋੜ ਜਵਾਬ ਦਿੱਤੇ ਤੇ ਇਕ ਨਾ ਮੰਨੀ। ਕਹਿਰ ਵਿਚ ਆ ਕੇ ਹਸਨ ਖਾਂ ਨੇ ਤਲਵਾਰ ਦਿਖਾਈ ਓਰ ਡਰਾਇਆ, ਪਰ ਡਰੇ ਕੌਣ? ਜਿਨ ਨਿਰਭੈ ਨੂੰ ਪੂਜਿਆ ਹੋਵੇ ਉਹ ਡਰ ਕੀ ਜਾਣੇ? ਹਸਨ ਕਾਂ ਨੇ ਬਥੇਰਾ ਜ਼ੋਰ ਲਾਇਆ, ਪਰ ਮੇਰੀ ਪਿਆਰੀ ਭੈਣ ਨੇ ਇਕ ਨਾ ਮੰਨੀ। ਹਸਨ ਖਾਂ ਦਾ ਕਹਿਰ ਵਧਦਾ ਗਿਆ ਤੇ ਅੰਤ ਉਸ ਦੀ ਤਲਵਾਰ ਪਿਆਰੀ ਦੇ ਸਿਰ ਫਿਰ ਗਈ ਅਰ ਮੇਰੇ ਪਿਆਰ ਦਾ ਆਸਰਾ, ਮੇਰੇ ਜੀਵਨ ਦਾ ਆਧਾਰ, ਧਰਤੀ ਪਰ ਲੇਟਨ ਲਗ ਗਿਆ। ਕੋਈ ਦੋ ਘੰਟੇ ਤੜਫ ਤੜਫ ਕੇ ਪਿਆਰੀ ਨੇ ਜਾਨ ਦੇ ਦਿੱਤੀ। ਉਸ ਵੇਲੇ ਮੈਂ ਤੇ ਬੱਚਾ ਕੋਲ ਸਾਂ। ਬੱਚੇ ਦਾ ਰੋਣਾ ਤੇ ਮਾਂ ਦੀ ਤੜਫਣੀ ਨੂੰ ਵੇਖਣਾ ਨਜ਼ਾਰੇ ਸਨ ਜੋ ਗੁਰੂ ਕਿਸੇ ਨੂੰ ਕਦੀ ਨਾ ਦਿਖਾਵੇ। ਮੇਰਾ ਇਨ੍ਹਾਂ ਰੰਗਾਂ ਨੂੰ ਵੇਖ ਵੇਖ ਕੇ ਜੀ ਇਹ ਕਰਦਾ ਸੀ ਕਿ ਛੁਰੀ ਮਾਰ ਕੇ ਮਰ ਜਾਵਾਂ, ਪਰ ਪਿਆਰੀ ਨੇ ਅਖੀਰ ਦਮਾਂ ਵਿਚ ਮੈਨੂੰ ਸੁਗੰਧ ਦੇ ਕੇ ਕਿਹਾ ਕਿ ਜਿਉਂ ਜਾਣੇ ਮੇਰੇ ਲਾਲ ਨੂੰ ਪਾਲੀਂ, ਜੋ ਸਿਰ ਆਵੀ ਝੱਲੀਂ, ਜੋ ਕਰਨਾ ਪਰੀ ਕਰੀਂ, ਪਰ ਏਸ ਬੱਚੇ ਨੂੰ ਪਾਲੀਂ ਤੇ ਜਦੋਂ ਇਹ ਪਲ ਖਲੋਵੇ ਤੇ ਜਦੋਂ ਫੇਰ ਤੇਰਾ ਦਾਉ ਲੱਗੇ, ਇਸ ਨੂੰ ਇਸ ਦਾ ਜਨਮ ਤੇ ਮੇਰੀ ਬ੍ਰਿਥਾ ਸੁਣਾ ਦੇਵੀਂ ਤੇ ਉਸਦਾ ਫਲ ਦੇਖੀਂ ਕਿ ਉਹ ਆਪਣੇ ਅਸਲੇ ਨੂੰ ਜਾਏਗਾ। ਜੇ ਮੇਰਾ ਬੱਚਾ ਅਸਲੇ ਪਰ ਚਮਕ ਪਵੇ ਤਾਂ ਮੇਰੀ ਇੱਛਾ ਇਹ ਦੱਸੀਂ ਕਿ ਦੇਸ਼ ਜਾ ਕੇ ਆਪਣੇ ਦੇਸ਼ ਕੌਮ ਦੀ ਸੇਵਾ ਕਰੇ, ਸਿੱਖੀ ਸਿਦਕ ਧਾਰਨ ਕਰੇ, ਬੱਸ ਇਹ ਮੇਰਾ ਕੱਰ ਹੈ, ਜੋ ਮੈਂ ਤੇਰੇ ਸਿਰ ਛੱਡਦੀ ਹਾਂ ਅਰ ਤੇਰੇ ਸਿਰ ਕੱਰ ਪਾ ਕੇ ਮੈਂ ਆਪ ਸੁਖੀ ਤੇ ਸ਼ਾਂਤਿ ਮਰਦੀ ਹਾਂ, ਇਸ ਤਰ੍ਹਾਂ ਮੈਨੂੰ ਨਿਸ਼ਚਾ ਹੈ ਕਿ ਮੇਰਾ ਬੱਚਾ ਉਸ ਆਪਣੀ ਵਾੜੀ ਵਿਚ ਜਾ ਪਹੁੰਚੇਗਾ। ਸੋ ਰਾਤ ਤਾਂ ਮੈਂ ਰੋ ਰੋ ਕੇ ਹਨੇਰੇ ਵਿਚ ਤੜਫਦਿਆਂ ਤੇ ਲਾਲ ਨੂੰ ਪਿਆਰ ਦੇਂਦਿਆਂ ਕੱਟੀ। ਦਿਨੇ ਕੁਛ ਅਕਾਸ਼ਾਂ ਤੋਂ ਹੌਂਸਲਾ ਤੇ ਜ਼ੋਰ ਆ ਗਿਆ, ਮੈਂ ਬੱਚੇ ਨੂੰ ਲੈ ਕੇ ਹਸਨ ਖਾਂ ਦੇ ਚਰਨਾਂ ਵਿਚ ਜਾ ਸੁੱਟਿਆ ਤੇ ਆਖਿਆ ਕਿ ਮਾਂ ਤਾਂ ਇਸ ਦੀ ਮਰ ਗਈ ਹੈ, ਹੁਣ ਇਸ ਵਾਸਤੇ ਕੀਹ ਹੁਕਮ ਹੈ? ਕਹਿਣ ਲੱਗਾ, ਇਹ ਬੀ ਕਲਮਾਂ ਨਹੀਂ ਪੜ੍ਹੇਗਾ? ਮੈਂ ਹੱਥ ਜੋੜ ਕੇ ਕਿਹਾ ਕਿ ਇਹ ਮਾਸੂਮ ਬੱਚਾ ਹੈ, ਇਹ ਪੜ੍ਹਨਾ ਤੇ ਨਾ ਪੜ੍ਹਨਾ ਕੀਹ ਜਾਣਦਾ ਹੈ? ਇੰਨਾ ਮੈਂ ਆਪ ਨੂੰ ਦੱਸ ਦਿੰਦੀ ਹਾਂ ਕਿ ਇਹ ਬੜੀ ਉੱਚੀ ਕੁਲ ਦਾ ਹੈ ਅਰ ਇਕ ਵੱਡੇ ਸਿੱਖਾਂ ਦੇ ਸਰਦਾਰ ਵਰਗੇ ਸਰਦ

ਪੁਜਦੇ ਵਾਲੇ ਖਾਨਦਾਨ ਵਿਚੋਂ ਹੈ। ਇਹ ਮਾਮੂਲੀ ਵਵਾ ਦੇਣ ਲਾਇਕ ਸ਼ੈ ਨਹੀਂ ਹੈ। ਇਹ ਅਮੋਲਕ ਲਾਲ ਹੈ, ਜੋ ਰਹਿਮ ਦੇ ਯੋਗ ਹੈ। ਪਤਾ ਨਹੀਂ ਕੀ ਕੌਤਕ ਵਰਤਿਆ, ਬੱਚੇ ਨੇ ਦੋਵੇਂ ਹੱਥ ਉਚੇ ਕਰਕੇ ਜੋ ਤੱਕਿਆ ਤਾਂ ਹਸਨ ਖਾਂ ਦੀਆਂ ਅੱਖਾਂ ਲੜ ਗਈਆਂ ਅਰ ਉਸ ਕਠੋਰ ਪੱਥਰ ਨੇ ਬੱਚੇ ਨੂੰ ਚੁੱਕ ਕੇ ਗੋਦ ਵਿਚ ਲੈ ਲਿਆ, ਤੇ ਕਿਹਾ, ਮੇਰੀ ਗੋਦ ਸੁੰਞੀ ਸੀ। ਅੱਲਾ ਨੇ ਹਰੀ ਕੀਤੀ ਇਹ ਮੇਰਾ ਬੇਟਾ ਹੋਇਆ। ਜੀਓ ਬੇਟਾ! ਉਸ ਵੇਲੇ ਵੱਡੀ ਬੇਗਮ ਨੂੰ ਬੁਲਾ ਕੇ ਬੱਚਾ ਉਸਦੀ ਗੋਦੀ ਪਾਇਆ। ਪਰ ਬੱਚਾ ਵਿਚਲਦਾ ਨਹੀਂ ਸੀ, ਉਹ ਬਾਰ-ਬਾਰ ਮੇਰੀ ਵੱਲ ਉਲਰਦਾ ਸੀ। ਬੇਗਮ ਨੂੰ ਜਦ ਪਤਾ ਲੱਗਾ ਕਿ ਮਾਂ ਇਸ ਦੀ ਕਤਲ ਹੋ ਚੁੱਕੀ ਹੈ, ਉਸ ਨੂੰ ਬੀ ਠੰਢ ਪੈ ਗਈ, ਬੱਚੇ ਨੂੰ ਪੁੱਤਰ ਬਣਾ ਲੈਣਾ ਬੀ ਉਸ ਦੇ ਪਸੰਦ ਆ ਗਿਆ, ਪਰ ਮੇਰੀ ਵਲੋਂ ਦੋਵੇਂ ਵਹੁਟੀ, ਗੱਭਰੂ ਝਿਜਕਦੇ ਸਨ। ਉਨ੍ਹਾਂ ਦੇ ਦਿਲ ਦੀ ਗੱਲ ਤਾੜ ਕੇ ਮੈਂ ਬੇਨਤੀ ਕੀਤੀ, ਖਾਂ ਸਾਹਿਬ! ਹੁਣ ਬਾਕੀ ਮੈਂ ਹਾਂ, ਮੈਂ ਇਨ੍ਹਾਂ ਦੀ ਨੌਕਰ ਹਾਂ ਅਰ ਇਸ ਬੱਚੇ ਦੀ ਦਾਈ ਹਾਂ, ਪਾਲਿਆ ਬੀ ਮੈਂ ਹੈ ਤੇ ਖਿਡਾਇਆ ਬੀ ਮੈਂ ਹੈ। ਜੇ ਆਪ ਮਾਰਨਾ ਚਾਹੋ ਤਾਂ ਹਾਜ਼ਰ ਹਾਂ, ਜੇ ਰੱਖਣਾ ਚਾਹੋ, ਤਾਂ ਇਸ ਦੀ ਸੇਵਾ ਕਰਾਂਗੀ। ਰਾਤ ਇਸ ਦੀ ਮਾਂ ਮੋਈ ਹੈ ਤੇ ਜੇ ਮੈਂ ਮਾਰੀ ਗਈ ਤਾਂ ਇਹ ਦੋ ਹੇਰਵੇਂ ਨਹੀਂ ਝੱਲ ਸਕੇਗਾ, ਰੋ ਰੋ ਕੇ ਮਰ ਜਾਵੇਗਾ। ਹੁਣ ਤੁਸੀਂ ਇਸ ਨੂੰ ਪੁੱਤ ਬਣਾ ਚੁੱਕੇ ਹੋ, ਇਸ ਦੀ ਜਾਨ ਖਾਤਰ ਮੈਨੂੰ ਖਿਡਾਵੀ ਰੱਖ ਲਓਗੇ ਤਾਂ ਮੈਂ ਸੇਵਾ ਕਰਾਂਗੀ? ਹਸਨ ਖਾਂ ਕਹਿਣ ਲੱਗਾ - ਤੂੰ ਬੀ ਸਿੱਖਣੀ ਹੈਂ? ਮੈਂ ਕਿਹਾ, ਮੈਂ ਤਾਂ ਪਹਾੜਨ ਹਾਂ। ਕਹਿਣ ਲੱਗਾ, ਤਦ ਸਖਤ ਮਾਦਾ ਨਹੀਂ ਹੈ। (ਮੇਰੇ ਵੱਲ ਘੂਰ ਕੇ) ਕੀ ਤੂੰ ਕਲਮਾਂ ਪੜ੍ਹੇਗੀਂ? ਮੇਰੀ ਹਿੱਕ ਤੇ ਭੈਣ ਦਾ ਹੁਕਮ ਸੀ, ਮੈਂ ਸੋਚਿਆ ਮੇਰਾ ਧਰਮ ਤਾਂ ਪਿਆਰ ਹੈ। ਹਾਂ, ਮੈਨੂੰ ਹਿੰਦੂ ਪੁਣੇ ਨਾਲ ਕੀਹ ਤੇ ਮੁਸਲਮਾਨ ਪੁਣੇ ਨਾਲ ਕੀਹ, ਮੈਂ ਤਾਂ ਪਿਆਰ ਦਾ ਅੰਗ ਪਾਲਣਾ ਹੈ, ਬੱਚੇ ਨੂੰ ਸਿਰੇ ਚੜ੍ਹਾਉਣਾ ਹੈ, ਇਸ ਮੰਤਵ ਲਈ ਜੋ ਬੀ ਕਰਨਾ ਪਵੇ ਸੋ ਹੀ ਮੇਰਾ ਧਰਮ ਹੈ। ਮੈਂ ਕਿਹਾ, ਜਿਵੇਂ ਕਹੋ ਹਾਜ਼ਰ ਹਾਂ। ਇਹ ਸੁਣ ਕੇ ਖੁਸ਼ ਹੋ ਗਿਆ ਤੇ ਕਹਿਣ ਲੱਗਾ, ਦੇਖੋ ਇਸ ਬੱਚੇ ਨੂੰ ਕਦੇ ਜਨਮ ਦਾ ਭੇਤ ਨਹੀਂ ਦੱਸਣਾ। ਇਹ ਸੁਣ ਕੇ ਮੇਰਾ ਸਿਰ ਨਿਉਂ ਗਿਆ ਅਰ ਗਸ਼ ਜੇਹੀ ਆ ਗਈ। ਜੀਂ ਮੇਰੀ ਨੇ ਕੀਹ ਖੁੱਲ੍ਹਣਾ ਸੀ? ਕਿਉਂਕਿ ਇਹੋ ਹੀ ਤਾਂ ਮੇਰਾ ਫਰਜ਼ ਸੀ ਜਿਸ ਲਈ ਮੈਂ ਜੀਵਨ ਦਾ ਪ੍ਰਬੰਧ ਕੀਤਾ ਸੀ। ਥੋੜ੍ਹੀ ਦੇਰ ਬਾਦ ਇੱਕ ਮੁੱਲਾਂ ਆ ਗਿਆ। ਮੈਨੂੰ ਮੁਸਲਮਾਨ ਹੋਣ ਲਈ ਹੁਕਮ ਹੋਇਆ ਤਦ ਮੈਂ ਕਿਹਾ - ਮੈਂ ਹਾਜ਼ਰ ਹਾਂ, ਪਰ ਮੈਨੂੰ ਉਹ ਮੁਰਦਾ ਦੇਹ ਦਾੜ ਲੈਣ ਦਿਓ ਜੋ ਅੰਦਰ ਪਈ ਹੈ ਤੇ ਫੇਰ ਜੋ ਕਹੋ ਕਰ ਸਾਂ। ਤਦ ਮੈਂ ਉਸ ਨੂੰ ਸਮਝਾਇਆ ਕਿ ਮਰ ਗਏ ਨਾਲ ਬੀਰ ਲੋਕ ਵੈਰ ਨਹੀਂ ਕਰਦੇ। ਫੇਰ ਉਹ ਸਰਦਾਰਨੀ ਸੀ, ਤੁਸੀਂ ਸਰਦਾਰ ਹੋ, ਤੁਹਾਡੀ ਸਰਦਾਰੀ ਨੂੰ ਯੋਗ ਨਹੀਂ ਹੈ ਕਿ ਰਾਜ ਕੁਲ ਦੇ ਮਕਤੂਲਾਂ ਨਾਲ ਐਸਾ ਸਲੂਕ ਕਰੋ। ਗੱਲ ਕੀਹ ਬਹੁਤ ਝਗੜੇ ਬਾਅਦ ਦਰਿਆ ਵਿਚ ਪਾਉਣ ਦੀ ਬੇਨਤੀ ਮੰਨੀ ਗਈ। ਸੋ ਮੈਂ ਆਪਣੇ ਝੋਲੇ ਵਿਚੋਂ ਚਾਦਰ ਤੇ ਲੀੜੇ ਕੱਢੇ ਅਰ ਉਸ ਪਿਆਰੀ, ਜਾਨ ਤੋਂ ਪਿਆਰੀ ਨੂੰ ਲਪੇਟ ਕੇ ਆਪਣੇ ਮੋਢੇ ਤੇ ਚਾ ਕੇ ਇਕ ਦਰਿਆ ਦੇ ਕਿਨਾਰੇ ਲੈ ਗਈ। ਸ੍ਰੀ ਵਾਹਿਗੁਰੂ ਕਹਿੰਦਿਆਂ ਤੇ ਰੋਂਦਿਆਂ ਇਸ਼ਨਾਨ ਕਰਵਾਇਆ, ਫੇਰ ਲੀੜੇ ਲਪੇਟੇ ਤੇ ਕੁਛ ਪੱਥਰ ਨਾਲ ਬੰਨ੍ਹੇ, ਜੋ ਮੁਰਦਾ ਤਰੇ ਨਾ ਤੇ ਹੇਠਾਂ ਰੁੜੇ। ਮੈਂ ਪਿਆਰੀ ਦੇ ਪਿੰਜਰੇ ਨੂੰ ਤੱਤਾਂ ਦੇ ਵਜ਼ੀਰ ਦੇਵਤਾ ਪਾਣੀ ਦੇ ਸਪੁਰਦ ਕਰਕੇ ਦਿਲ ਨੂੰ ਕਿਹਾ - ਲੈ ਮਨਾਂ! ਤ੍ਰੈ ਪਿਆਰੇ ਤਾਂ ਹੱਥੀਂ ਟੋਰੇ ਨੀਂ, ਹੁਣ ਚੌਥੇ ਪਿਆਰੇ ਦੀ ਸੇਵਾ ਕਰ, ਦੇਖ ਉਸ ਦਾ ਕੀ ਬਣਦਾ ਹੈ? ਹੇ ਹੋਣੀ ਬਲਵਾਨ! ਤੇਰੇ ਚਾਲੇ ਕੈਸੇ ਨਿਆਰੇ ਹਨ।

ਪਿਆਰੀ ਦਾ ਪ੍ਰਣ ਪੂਰਾ ਕਰਨ ਲਈ ਮੈਂ ਲਿਫ ਗਈ ਅਰ ਉਸ ਗਰ ਵਿਚ ਮੈਂ ਇਸ ਤਰ੍ਹਾਂ ਧਸੀ ਕਿ ਜਿੱਕੂੰ ਕੋਈ ਨਿੱਤ ਦਾ ਘਰ ਦਾ ਆਪਣਾ ਆਦਮੀ ਹੁੰਦਾ ਹੈ। ਮੇਰਾ ਇਤਬਾਰ ਬਣ ਗਿਆ ਅਰ ਪਠਾਣੀਆਂ ਵਿਚ ਮੈਂ ਪਠਾਣੀ ਹੋ ਗਈ। ਆਪਣੇ ਲਾਲ ਨੂੰ ਪਾਲਦੀ ਰਹੀ। ਸੋ ਪਿਆਰੇ ਜਸਵੰਤ ਸਿੰਘ ਜੀ! ਇਸੇ ਆਗਾ ਖਾਂ ਦੀਆਂ ਨਾੜਾਂ ਦਾ ਲਹੂ ਤੁਹਾਨੂੰ ਬਹੁਤ ਨੇੜੇ ਹੈ, ਇਹ ਦੇਸ਼ ਵੀਰ ਬੀ ਹੈ ਤੇ ਧਰਮ ਵੀਰ ਬੀ ਹੈ।

ਸਤਵੰਤ ਨੇ ਇਹ ਸਾਰੀ ਕਥਾ ਸਾਹ ਵੱਟ ਕੇ ਸੁਣੀ ਸੀ, ਕਈ ਵੇਰ ਰੋਈ ਤੇ ਕਈ ਵੇਰ ਹਾਉਕੇ ਲੈ ਹਟੀ ਸੀ। ਹੁਣ ਇਸ ਨੇ ਉੱਛਲ ਕੇ ਸਾਈਂ ਨੂੰ ਗਲ ਲਾ ਲਿਆਂ ਤੇ ਬੋਲੀ ਤੇਰੇ ਮੂੰਹ ਗੁਲਾਬਾਂ ਨਾਲ ਭਰਾਂ, ਤੂੰ ਧੰਨ ਹੈਂ, ਜਿਸਨੇ ਮੇਰੇ ਖਿਆਲ ਨੂੰ ਆਪਣੀ ਆਸ ਦੀ ਅਟਾਰੀ ਤੋਂ ਹੇਠਾਂ ਨਹੀਂ ਉਤਰਨ ਦਿੱਤਾ। ਸ਼ੁੱਕਰ ਹੈ! ਲੱਖ ਲੱਖ ਸ਼ੁਕਰ ਹੈ!! ਪਿਆਰੀ ਮਾਂ ਜੀ! ਮੇਰੀ ਇਹੋ ਟੋਹ ਸੀ ਕਿ ਇਸ ਆਗਾ ਖਾਂ ਦੀਆਂ ਨੀਲੀਆਂ ਰਗਾਂ ਪੰਜਾਬੀ ਹਨ ਤੇ ਉਨਹਾਂ ਵਿਚ ਵਹਿ ਰਿਹਾ ਪਵਿੱਤਰ ਖੂਨ ਸਿੱਖੀ ਦਾ ਹੈ। ਹੁਣ ਬਾਕੀ ਵਿੱਥਿਆ ਸੁਣਾਓ।

ਸਾਈਂ - ਹੋਰ ਕੀ ਦੱਸਾਂ? ਸਤਾਰਾਂ ਕੁ ਵਰ੍ਹੇ ਇਸ ਕੈਦ ਵਿਚ ਬੀਤੇ। ਗੋਲਿਆਂ ਦੀ ਤਰ੍ਹਾਂ ਸੇਵਾ ਕੀਤੀ, ਜੀ ਜੀ ਦੀ ਕੁਸ਼ਾਮਦ ਕੀਤੀ, ਰਾਜਪੂਤ ਹੋ ਕੇ ਤੁਰਕਾਂ ਦੇ ਘਰ ਦਾ ਖਾਧਾ, ਛੱਤੀ ਖੇਖਣ ਢਾਲੇ ਪਰ ਬੱਧੀ ਓਸ ਸੁਖਨ ਦੀ ਕਿ ਲਾਲ ਨੂੰ ਪਾਲਣਾ ਹੈ ਤੇ ਭੇਤ ਦੱਸਣਾ ਹੈ, ਨਹੀਂ ਤਾਂ ਸਿੱਖਾਂ ਦੇ ਘਰ ਰਹਿ ਕੇ ਮੇਰਾ ਅੱਗੇ ਹੀ ਕੁਰਾੜਾ ਰਾਜਪੂਤੀ ਮਨ ਹੋਰ ਕਰੜਾ ਹੋ ਗਿਆ ਸੀ। ਸੌ ਵਿਸਵਾ ਮੈਂ ਬੀ ਦੂਏ ਦਿਨ ਕਤਲ ਹੀ ਹੁੰਦੀ, ਪਰ ਲੱਗੀਆਂ ਦੀ ਤੋੜ ਨਿਬਾਹੁਣੀ ਕੋਈ ਖੇਡ ਨਹੀਂ ਹੁੰਦੀ। ਜਦ ਲਾਲ ਕੁਛ ਸਿਆਣਾ ਹੋ ਗਿਆ ਤੇ ਮੈਂ ਬੈਠਾਂ, ਸੋਚਾਂ - ਲਾਲ ਨੂੰ ਭੇਤ ਦੱਸਾਂ; ਪਰ ਫੇਰ ਵਿਚਾਰਾਂ ਇਹ ਖਬਰੇ ਕੀ ਕਰੇ! ਕਿਤੇ ਮਾਂ ਦਾ ਮਤਲਬ ਹੀ ਨਾ ਉੱਡ ਜਾਵੇ। ਇਸ ਕਰਕੇ ਇਸ ਦੀ ਜੁਆਨੀ ਤੇ ਸਿਆਣੀ ਅਵਸਥਾ ਨੂੰ ਉਡੀਕਦੀ ਰਹੀ। ਹੁਣ ਜਦ ਇਹ ਭਰ ਜੁਆਨ ਹੋਇਆ, ਸਿੱਖੀ ਖੂਨ ਕਾਬਲੀ ਮੇਵੇ ਖਾ ਕੇ ਮੌਲਿਆਂ ਤਾਂ ਤੁਸਾਂ ਆਪ ਡਿੱਠਾ ਹੀ ਹੈ ਕਿ ਦੇਖਿਆਂ ਸਿੱਕ ਭੁੱਖ ਲਹਿੰਦੀ ਹੈ; ਹਾਂ, ਸੱਚੀਂ ਜਿਸ ਪਠਾਣ ਮਾਂ ਦੀ ਇਸ ਲਾਲ ਨੂੰ ਗੋਦੀ ਪਾਇਆ ਸੀ ਉਹ ਬਹੁਤ ਭਲੀ ਤ੍ਰੀਮਤ ਸੀ। ਇਸ ਨਾਲ ਪਿਆਰ ਪੁੱਤਰਾਂ ਵਾਲਾ ਹੀ ਕਰਦੀ ਸੀ, ਮੈਨੂੰ ਬੀ ਪੂਰਾ ਸੁਖੀ ਰਖਦੀ ਸੀ, ਸ਼ੋਕ ਇਹ ਕਿ ਉਹ ਬੀ ਮਰ ਗਈ। ਹਸਨ ਖਾਂ ਨੇ ਹੋਰ ਵਿਆਹ ਕੀਤਾ। ਇਹ ਨਵੀਂ ਆਈ ਹਸਨ ਖਾਂ ਦੀਆਂ ਵਹੁਟੀਆਂ ਦੀ

ਸਰਦਾਰ ਹੈ, ਮੁਟਿਆਰ ਹੈ ਤੇ ਡਾਢੀ ਸੁੰਦਰ ਹੈ। ਪਹਿਲੇ ਤਾਂ ਉਹ ਮੇਰੇ ਲਾਲ ਨਾਲ ਅੰਦਰੋਂ ਕੈਰੀ ਅੱਖ ਰਖਦੀ ਸੀ, ਪਰ ਕੁਛ ਸਮੇਂ ਤੋਂ ਉਸ ਦਾ ਲਾਲ ਨਾਲ ਪਿਆਰ ਬਹੁਤ ਵਧਦਾ ਗਿਆ। ਮੈਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ, ਪਰ ਲਾਲ ਭੋਲੇ ਨੂੰ ਪਤਾ ਨਹੀਂ ਸੀ ਕਿ ਮੇਰੀ ਮਤ੍ਰੇਈ ਮਾਂ ਦੇ ਅੰਦਰ ਖੋਟ ਹੈ ਕਿ ਲਾਲ ਨੂੰ ਕਿਸੇ ਵੇਲੇ ਪਾਰ ਬੁਲਾਏਗਾ। ਉਸਦਾ ਕਾਰਨ ਇਹ ਹੈ ਕਿ ਉਸਦੇ ਪਹਿਲੇ ਘਰਵਾਲੇ ਵਿਚੋਂ ਇਕ ਪੁੱਤਰ ਹੈ, ਜੋ ਪਹਿਲੇ ਤਾਂ ਪੇਕੇ ਰਿਹਾ ਤੇ ਹੁਣ ਉਸ ਨੇ ਘਰ ਲੈ ਆਂਦਾ ਹੈ। ਉਹ ਹੁਣ ਇਹ ਲੋਚਦੀ ਸੀ ਕਿ ਆਗਾ ਖਾਂ ਨੂੰ ਹੱਥਾਂ ਤੇ ਪਾਈ ਰੱਖਾਂ ਜੋ ਹਸਨ ਖਾਂ ਨਾ ਤ੍ਰਬ੍ਹਕੇ ਤੇ ਸਹਿਜੇ ਸਹਿਜੇ ਇਸ ਦਾ ਮੋਹ ਘਟਾ ਕੇ (ਜੋ ਹਸਨ ਖਾਂ ਦੇ ਅੰਦਰ ਐਤਨਾ ਡੂੰਘਾ ਹੈ ਕਿ ਨਿਕਲ ਨਹੀਂ ਸਕਦਾ) ਆਪਣੇ ਪੁੱਤ ਦਾ ਮੋਹ ਵਾੜਾਂ ਤੇ ਫੇਰ ਕਿਸੇ ਵੇਲੇ ਇਸਦਾ ਬੇੜਾ ਪਾਰ ਕਰਾਂ, ਫੇਰ ਹਸਨ ਖਾਂ ਆਪੇ ਮੇਰੇ ਪੁੱਤ ਨੂੰ ਪਿਆਰ ਕਰੇਗਾ। ਇਸ ਬੁੱਢੇ ਨੇ ਤਾਂ ਮਰ ਹੀ ਜਾਣਾ ਹੈ, ਸੋ ਇਸ ਤਰ੍ਹਾਂ ਸਾਰੇ ਸਰਬੰਸ ਦੀ ਮਾਲਕੀ ਮੇਰੇ ਹੱਥ ਆ ਜਾਵੇਗੀ।

ਉਸਦੇ ਇਨ੍ਹਾਂ ਮਨਸੂਬਿਆਂ ਦਾ ਪਤਾ ਲੱਗ ਜਾਣ ਤੇ ਮੈਂ ਲਾਲ ਨੂੰ ਸਮਝਾਇਆ। ਲਾਲ ਦਾ ਮੇਰੇ ਨਾਲ ਅਤਿ ਪਿਆਰ ਹੈ, ਉਸ ਨੇ ਸੁਣਿਆਂ ਤਾਂ ਸਹੀ, ਮੰਨਿਆ ਬੀ, ਪਰ ਜੁਆਨੀ ਦੇ ਬਲਕਾਰ ਵਿਚ ਉਸਨੂੰ ਇਹ ਖਿਆਲ ਸੁਣਨਾ ਬੀ ਨੀਵਾਂ ਲਗਦਾ ਸੀ ਕਿ ਮੈਨੂੰ ਕੋਈ ਮਾਰ ਸਕਦਾ ਹੈ? ਇਸ ਤਰ੍ਹਾਂ ਨਾਲ ਕੁਛ ਸਮਾਂ ਲੰਘ ਗਿਆ। ਲਾਲ ਤਾਂ ਜੁਆਨੀ ਦੇ ਬਲਕਾਰ ਵਿਚ ਰਹੇ, ਪਰ ਮੈਂ ਉਸਦੀਆਂ ਰਾਖੀਆਂ ਦੇ ਆਹਰਾਂ ਵਿਚ ਰਹਾਂ। ਇਕ ਦਿਨ ਮੈਂ ਫੇਰ ਸਮਝਾਇਆ, ਉਸ ਵੇਲੇ ਅਵਾਗੁਤ ਮੇਰੇ ਮੂੰਹੋਂ ਨਿਕਲ ਗਿਆ – ਲਾਲ ਜੀ! ਤੁਸੀਂ ਚੌਕਸ ਨਹੀਂ ਰਹਿੰਦੇ, ਪਛਤਾਉਗੇ, ਇਨ੍ਹਾਂ ਪਠਾਣਾਂ ਦਾ ਇਤਬਾਰ ਨਾ ਕਰਿਆ ਕਰੋ। ਇਹ ਸੁਣ ਕੇ ਲਾਲ ਕਹਿਣ ਲੱਗਾ – ਇਨ੍ਹਾਂ ਪਠਾਣਾਂ ਦਾ ਕੀ ਮਤਲਬ? ਤੁਸੀਂ ਤੇ ਮੈਂ ਪਠਾਣ ਹਾਂ ਕਿ ਕੁਝ ਹੋਰ? ਮੈਂ ਹੱਸ ਪਈ ਤੇ ਜਿਕੂੰ ਕੋਈ ਕੁਛ ਲੁਕਾਉਂਦਾ ਹੈ, ਐਉਂ ਟਾਲ ਕੇ ਚਲੀ ਗਈ। ਦੂਜੇ ਦਿਨ ਸਵੇਰੇ ਹੀ ਮੈਨੂੰ ਸੁੱਤੀ ਪਈ ਨੂੰ ਲਾਲ ਨੇ ਆ ਜਗਾਇਆ। ਕਹਿਣ ਲੱਗਾ, ਮਾਂ! ਤੂੰ ਮੈਨੂੰ ਸਭ ਤੋਂ ਪਿਆਰੀ ਹੈਂ, ਤੂੰ ਹੀ ਰਾਤੀਂ ਮੈਨੂੰ ਇਕ ਵਾਢਵੀਂ ਗੱਲ ਕਹੀ ਹੈ ਤੇ ਫੇਰ ਕਿਸੇ ਗੱਲ ਦਾ ਲੁਕਾ ਕੀਤਾ ਹੈ। ਮੈਂ ਹੁਣ ਕੀਹ ਕਰਾਂ? ਮੈਂ ਸਾਰੀ ਰਾਤ ਸੌਂ ਨਹੀਂ ਸਕਿਆ, ਜੀ ਤੜਫ ਤੜਫ ਉੱਠਦਾ ਹੈ ਕਿ ਹੈਂ ਮੈਂ ਤੇ ਮਾਂ ਵਿਚ ਕੋਈ ਪੜਦਾ ਹੈ, ਇਹ ਸੁਣ ਕੇ ਮੈਂ ਸੋਚਿਆ ਕਿ ਲਾਲ ਨੂੰ ਸੁਨੇਹੇ ਦੇਣ ਦਾ ਵੇਲਾ ਠੀਕ ਹੈ। ਸੋ ਉਸ ਵੇਲੇ ਲਾਲ ਨੂੰ ਮੈਂ ਸੁਗੰਧਾਂ ਦੇ ਕੇ ਤੇ ਤਲਵਾਰ ਅੱਗੇ ਧਰ ਕੇ ਆਖਿਆ, ਬੱਚਾ! ਜੇ ਮੇਰੀ ਗੱਲ ਤੇ ਤੈਨੂੰ ਯਕੀਨ ਨਾ ਆਵੇ, ਜਾਂ ਮੇਰੀ ਗੱਲ ਨਾ ਭਾਵੇ ਤਾਂ ਮੈਨੂੰ ਆਪਣੀ ਹੱਥੀਂ ਕਤਲ ਕਰ ਦੇਈਂ, ਪਰ ਅੱਗੇ ਗੱਲ ਨਾ ਕਰੀਂ। ਇਸ ਤਰ੍ਹਾਂ ਨਾਲ ਤੋਂ ਕੌਲ ਲੈ ਕੇ ਫੇਰ ਮੈਂ ਸਾਰੀ ਵਿਥਿਆ ਸੁਣਾਈ। ਜਿਉਂ-ਜਿਉਂ ਮੈਂ ਹਾਲ ਕਹਾਂ ਮੈਂ ਉਸ ਸ਼ੇਰ ਦੇ ਬੱਚੇ ਤੇ ਅਚਰਜ ਅਸਰ ਹੁੰਦਾ ਵੇਖਾਂ। ਮੈਂ ਹੈਰਾਨ ਸਾਂ ਕਿ ਸਤਾਰਾਂ ਅਠਾਰ੍ਹਾਂ ਵਰ੍ਹੇ ਗੈਰ ਲੋਕਾਂ ਦੇ ਵਿਚ ਅਗਿਆਲ ਪਲ ਕੇ, ਇਕ ਚੰਗੇ ਇਲਾਕੇ ਦਾ ਸਰਦਾਰ ਹੋ ਕੇ, ਦੌਲਤ ਮਾਲ ਦਾ ਵਾਲੀ ਹੋ ਕੇ ਜਦ ਆਪਣੇ ਸਲੇ ਨੂੰ ਸੁਣੇਂਗਾ ਤਾਂ ਸਿਵਾ ਦੱਸਣ ਵਾਲੇ ਨਾਲ ਗੁੱਸੇ ਹੋ ਪੈਣ ਦੇ ਹੋਰ ਕੀਹ ਕਰੇਗਾ? ਪਰ ਓਥੇ ਕੁਛ ਹੋਰ ਵਰਤਿਆ, ਓਹ ਮੁਸਲਮਾਨ ਤੇ ਪਠਾਣ ਗੱਭਰੂ ਆਪਣਾ ਅਸਲਾ ਸੁਣਦਾ, ਆਪਣੀ ਮਾਤਾ ਦੇ ਦੁਖੜੇ ਸਮਝਦਾ ਤੇ ਮੇਰੀ ਕੁਰਬਾਨੀ ਦੇ ਹਾਲ ਸੁਣਦਾ ਲੋਹਾ ਲਾਖਾ ਹੁੰਦਾ ਗਿਆ, ਛੇਕੜ ਬੁੱਲ੍ਹ ਟੁੱਕਣ ਲੱਗ ਗਿਆ, ਤੇ ਤੀਉੜ ਬਦਲ ਗਏ, ਅੱਖਾਂ ਅੰਗਾਰਾ ਹੋ ਗਈਆਂ ਤੇ ਤਲਵਾਰ ਚੁੱਕ ਕੇ ਉਠ ਤੁਰਿਆ। ਮੈਂ ਬਾਂਹੋਂ ਫੜ ਕੇ ਕਿਹਾ – ਕਿੱਧਰ? ਕਹਿਣ ਲੱਗਾ, ਆਪਣੀ ਮਾਂ ਦੇ ਕਾਤਲ ਦਾ ਕੱਸਾਸ (ਬਦਲਾ) ਲੈਣ ਜਾਂਦਾ ਹਾਂ। ਮੈਂ ਬਾਂਹੋਂ ਖਿੱਚ ਬਹਾਲ ਲਿਆ ਤੇ ਫੇਰ ਛਾਤੀ ਨਾਲ ਗਲ ਲਾਇਆ ਤੇ ਪਿਆਰ ਦੇ ਕੇ ਸਮਝਾਇਆ ਕਿ ਤੇਰੀ ਮਾਂ ਦੇਵਤਾ ਸੀ, ਉਹ ਬਦਲਾ ਮਾਫ ਕਰ ਗਈ ਸੀ, ਜੋ ਗੱਲ ਉਹ ਕਹਿ ਗਈ ਸੀ, ਉਹ ਗੱਲ ਤੇ ਉਸਦੀ ਮਰਜ਼ੀ ਸਿਰੇ ਚਾੜ੍ਹਨੀ ਇਹ ਤੇਰਾ ਧਰਮ ਹੈ।

ਮੇਰੀ ਗੱਲ ਸੁਣ ਕੇ ਠਿਠੰਬਰ ਗਿਆ ਤੇ ਉਨ੍ਹਾਂ ਲਾਲ ਅੱਖਾਂ ਵਿਚੋਂ ਦੋ ਗਰਮ ਗਰਮ ਸੜਦੇ ਅੱਥਰੂ ਕਿਰੇ ਤੇ ਕਹਿਣ ਲੱਗਾ, ਛੇਤੀ ਦੱਸੋ, ਮੇਰੀ ਮਾਂ ਦੀ ਕੀਹ ਮਰਜ਼ੀ ਸੀ? ਮੈਂ ਕਿਹਾ, ਉਹ ਮੈਂ ਅਜੇ ਨਹੀਂ ਦੱਸਦੀ, ਮੈਂ ਉਸਦੀ ਵਾਕ ਸੱਤਾ ਵੇਖਣੀ ਹੈ। ਪਹਿਲੇ ਤੂੰ ਦੱਸ ਕਿ ਹੁਣ ਤੂੰ ਕੀ ਕਰੇਂਗਾ? ਕਹਿਣ ਲੱਗਾ – ਮੈਂ ਕੀਹ ਕਰਨਾ ਹੈ, ਹਸਨ ਖਾਂ ਨੂੰ ਕਤਲ ਕਰਕੇ ਪੰਜਾਬ ਵਿਚ ਚਲਾ ਜਾਵਾਂਗਾ ਅਰ ਆਪਣੇ ਬੁੱਢੇ ਬਾਪ ਨੂੰ ਤਲਾਸ਼ ਕਰਕੇ ਦੱਸਾਂਗਾ ਕਿ ਮੈਂ ਸ਼ੇਰ ਬੱਚਾ ਮਾਂ ਦਾ ਬਦਲਾ ਲੈ ਕੇ ਆਇਆ ਹਾਂ। ਮੈਂ ਕਿਹਾ, ਖਬਰੇ ਉਹ ਤੇਰੇ ਨਾਲ ਵਰਤੇ ਕਿ ਨਹੀਂ ਕਿਉਂਕਿ ਮੁਸਲਮਾਨਾਂ ਨਾਲ ਸਾਡੇ ਦੇਸ਼ ਦੇ ਲੋਕ ਖਾਂਦੇ ਪੀਂਦੇ ਨਹੀਂ ਹਨ। ਇਹ ਸੁਣ ਕੇ ਕਹਿਣ ਲੱਗਾ, ਕੀ ਮੇਰਾ ਬਾਪ ਮੈਨੂੰ ਆਪਣੇ ਘੋੜਿਆਂ ਦੇ ਘਾਸ ਕੱਟਣ ਤੇ ਬੀ ਨਾ ਰੱਖੇਗਾ ਅਰ ਕੀਹ ਮੇਰੀ ਭੈਣ ਨਹੀਂ ਹੈ, ਜੋ ਆਪਣੀ ਡਿਉਡੀ ਤੇ ਮੈਨੂੰ ਪਹਿਰੇਦਾਰ ਨਾ ਰੱਖ ਲਵੇਗੀ? ਤੂੰ ਧਰੋਹ ਕੀਤਾ ਹੈ ਜੋ ਮੈਨੂੰ ਪਹਿਲੇ ਨਹੀਂ ਦੱਸਿਆ, ਮੈਂ ਆਪਣੀ ਮਾਂ ਦੇ ਕਾਤਲਾਂ ਦੇ ਘਰ ਪਲਦਾ ਰਿਹਾ ਹਾਂ, ਮੈਂ ਕਾਤਲਾਂ ਦਾ ਅੰਨ੍ਹ ਪਾਣੀ ਖਾਂਦਾ ਰਿਹਾ ਹਾਂ। ਧ੍ਰਿਗ ਹੈ ਮੇਰੀ ਜ਼ਿੰਦਗੀ 'ਤੇ।

ਇਹ ਸੁਣ ਕੇ ਮੈਂ ਰੋ ਪਈ ਅਰ ਘੜੀ ਭਰ ਮੈਨੂੰ ਹੋਸ਼ ਨਹੀਂ ਰਹੀ ਕਿ ਮੈਂ ਕਿੱਥੇ ਹਾਂ, ਮੈਂ ਆਪਣੀ ਪਿਆਰੀ ਦੀ ਵਾਕ ਸੱਤਾ ਵੇਖ ਵੇਖ ਕੇ ਅਸਚਰਜ ਵਿੱਚ ਡੁੱਬ ਰਹੀ ਸਾਂ। ਇਧਰ ਲਾਲ ਜੀ ਕਦੇ ਲਹੂ ਹੰਝੂ ਕੇਰਦੇ, ਕਦੇ ਬੁਲ੍ਹ ਟੁਕਦੇ ਤੇ ਕਦੇ ਧਰਤੀ ਤੇ ਅੱਡੀਆਂ ਮਾਰਦੇ ਰਹੇ। ਛੇਕੜ ਮੈਨੂੰ ਟੁੰਬ ਹਿਲਾ ਕੇ ਬੋਲੇ – ਮਾਂ! ਦੱਸ ਛੇਤੀ, ਮੇਰੀ ਅੰਮਾਂ ਦਾ ਕੀ ਹੁਕਮ ਹੈ? ਮੈਂ ਸਖਤ ਬੇਚੈਨ ਹਾਂ। ਮੇਰਾ ਖੂਨ ਉਬਲ ਰਿਹਾ ਹੈ ਅਰ ਮੇਰੇ ਵੱਸ ਤੋਂ ਬਾਹਰ ਜੋਸ਼ ਮਾਰਦਾ ਹੈ। ਤਦ ਮੈਂ ਦੱਸਿਆ, ਤੇਰੇ ਲਈ ਕੋਈ ਹੁਕਮ ਨਹੀਂ ਹੁਕਮ ਮੇਰੇ ਲਈ ਤੈਨੂੰ ਪਾਲਣ ਤੇ ਭੇਤ ਦੇ ਦੱਸਣ ਦਾ ਸੀ। ਹਾਂ, ਇਹ ਅਗੰਮ ਵਾਕ ਉਹ ਕਹਿ ਗਈ ਸੀ ਕਿ ਜਦੋਂ ਮੇਰਾ ਲਾਲ ਇਹ ਹਾਲ ਸੁਣੇਗਾ ਤਾਂ ਕਦੇ ਗੈਰਾਂ ਵਿਚ ਨਹੀਂ ਰਹੇਗਾ, ਆਪਣੀ ਵਾੜੀ ਵਿਚ ਜਾਏਗਾ। ਮੇਰੀ ਮਰਜ਼ੀ ਹੈ ਤੂੰ ਉਸਨੂੰ ਦੱਸ ਦੇਵੀਂ। ਲਾਲ ਨੇ ਕਿਹਾ, ਇਸ ਤੋਂ ਉਤੇ ਹੋਰ ਕੀਹ ਹੁਕਮ ਹੈ? ਮੈਂ ਦੇਸ਼ ਆਪਣੇ ਜਾਵਾਂਗਾ ਅਰ ਆਪਣੀ ਮਾਂ ਦੇ ਕਾਤਲ ਦਾ ਸੀਸ ਨੇਜ਼ੇ ਤੇ ਟੰਗ ਕੇ ਖੈਬਰ ਦੇ ਦਰੇ ਵਿਚੋਂ ਨਿਹੱਤਾ ਲਿਜਾਵਾਂਗਾ ਅਰ ਪੰਜਾਬ ਦੇ ਦਰਿਆ ਇਸੇ ਤਰ੍ਹਾਂ ਪਰਾ ਕਰਾਂਗਾ। ਆਪਣੇ ਪਿਤਾ ਦੇ ਚਰਨਾਂ ਵਿਚ ਜਾ ਕੇ ਮਨਹੂਸ ਸਿਰ ਧਰਾਂਗਾ ਤੇ ਕਹਾਂਗਾ, ਬਾਪੂ ਜੀ! ਇਹ ਮੂਜ਼ੀ ਹੈ, ਜਿਸਨੇ ਆਪ ਨੂੰ ਦੁੱਖ ਦਿੱਤਾ ਸੀ, ਮੈਨੂੰ ਸ਼ਾਬਾਸ਼ ਦਿਓ ਕਿ ਮੈਂ ਇੰਤਕਾਮ (ਬਦਲਾ) ਲੈ ਆਇਆ ਹਾਂ।

ਮੈਂ ਕਿਹਾ, ਲਾਲ ਜੀ! ਤੁਹਾਡੀ ਅੰਮੀ ਨੇ ਆਪਣੇ ਅੰਤ ਸਮੇਂ ਵੇਲੇ ਬੇਹੋਸ਼ ਹੋ ਜਾਣ ਤੋਂ ਪਹਿਲਾਂ ਇਕ ਆਪਣੇ ਪਤੀ ਤੇ ਕਾਕੀ ਦੀ ਸੁਖ ਸਲਾਮਤੀ ਲਈ ਪ੍ਰਾਰਥਨਾ ਕੀਤੀ ਸੀ, ਇਕ ਮੇਰੇ ਤੇ ਆਪ ਦੀ ਸੁਖ ਸਲਾਮਤੀ ਲਈ ਤੇ ਇਕ ਹਸਨ ਖਾਂ ਲਈ ਪ੍ਰਾਰਥਨਾ ਕੀਤੀ ਸੀ ਕਿ ਹੇ ਪਰਮੇਸ਼ੁਰ! ਮੈਂ ਇਸ ਆਪਣੇ ਫੰਧਕ ਤੇ ਕਾਤਲ ਨੂੰ ਬੀ ਬਖਸ਼ਿਆ। ਲਾਲ ਦੰਦ ਕ੍ਰੀਚ ਕੇ ਬੋਲਿਆ, ਤਾਂ ਮੇਰੀ ਮਾਂ ਵਿਚ ਬਹਾਦਰੀ ਨਹੀਂ ਸੀ? ਮੈਂ ਕਿਹਾ - ਲਾਲ ਜੀ! ਤੁਸੀਂ ਅਜੇ ਸਿੱਖਾਂ ਤੋਂ ਵਾਕਫ ਨਹੀਂ ਹੋ, ਉਹ ਜਾਂਗਲੀ ਜੋਧੇ ਨਹੀਂ ਉਹ ਉਤਸ਼ਾਹ ਭਰੇ ਬੀਰ ਹਨ। ਉਹ ਰੋਜ਼ 'ਸਰਬੱਤ ਦਾ ਭਲਾ' ਮੰਗਦੇ ਹਨ। ਉਹ ਫਕੀਰ ਹਨ ਜੋ ਧਰਤੀ ਦਾ ਭਾਰ ਹਰਨ ਆਏ ਹਨ। ਉਹ ਬਦਲੇ ਨਹੀਂ ਲੈਂਦੇ, ਉਹ ਨਿਰਵੈਰ ਹਨ, ਪਰ ਬਦੀ ਨਾਲ ਲੜਦੇ ਹਨ, ਪਾਪ ਜ਼ੁਲਮ ਨਾਲ ਟਾਕਰੇ ਕਰਦੇ ਹਨ। ਇਸ ਤਰ੍ਹਾਂ ਜਾ ਮੈਂ ਕੁਛ ਹਾਲ ਸਿੱਖਾਂ ਦੇ ਸੁਣਾਏ, ਤਾਂ ਗੁੱਸਾ ਪਲਟ ਗਿਆ ਅਰ ਉਸ ਦੇ ਨੈਣਾਂ ਤੋਂ ਵੈਰਾਗ ਦਾ ਮੀਂਹ ਛੁੱਟ ਪਿਆ। ਹੁਣ ਉਹ ਆਪਣੀ ਹਾਲਤ ਨੂੰ ਸਿੱਖਾਂ ਨਾਲ ਮੁਕਾਬਲਾ ਕਰੇ ਅਰ ਆਪਣੇ ਵਿਛੋੜੇ ਨੂੰ ਰੋਵੇ।

ਇਸ ਵੇਲੇ ਮੈਂ ਲਾਲ ਨੂੰ ਉਸਦਾ ਕੜਾ ਤੇ ਕ੍ਰਿਪਾਨ ਦਿੱਤੀ ਜੋ ਹਸਨ ਖਾਂ ਦੇ ਹਵਾਲੇ ਕਰਨ ਤੋਂ ਪਹਿਲੇ ਮੈਂ ਸਾਂਭ ਲਈ ਸੀ ਤੇ ਉਸ ਦੀ ਮਾਤਾ ਦਾ ਗੁਟਕਾ ਜੋ ਉਸ ਦੇ ਪਤੀ ਦੇ ਹੱਥਾਂ ਦੀ ਲਿਖਤ ਸੀ, ਉਹ ਦਿੱਤਾ ਅਰ ਸਾਰੀ ਗੱਲ ਸਮਝਾਈ ਕਿ ਆਪ ਦੀ ਮਾਤਾ ਆਪ ਲਈ ਏਹ ਦੇ ਗਈ ਸੀ ਕਿ ਮੇਰੇ ਬੱਚੇ ਨੂੰ ਇਹ ਮੇਰਾ ਵਿਰਸਾ ਉਸ ਵੇਲੇ ਦੇਈਂ ਜਿਸ ਵੇਲੇ ਉਹ ਸਾਰੀ ਵਿਥਿਆ ਸੁਣ ਲਵੇ। ਇਸ ਤੋਹਫੇ ਨੂੰ ਉਸ ਨੇ ਸੀਸ ਤੇ ਰੱਖਿਆ ਅਰ ਮੈਨੂੰ ਕਿਹਾ ਕਿ ਹੁਣ ਤੇਰਾ ਹੁਕਮ ਤੇ ਮਾਂ ਦਾ ਹੁਕਮ ਮੰਨ ਕੇ ਮੈਂ ਹਸਨ ਖਾਂ ਨੂੰ ਮਾਰਦਾ ਨਹੀਂ, ਪਰ ਮੈਂ ਇਸ ਦੇ ਘਰ ਰਹਿਣਾ ਨਹੀਂ। ਫੇਰ ਮੈਂ ਸਮਝਾਇਆ ਕਿ ਕਾਹਲੀ ਕਰਨੀ ਅੱਛੀ ਨਹੀਂ, ਜ਼ਰਾ ਕੁਛ ਸਮਾਂ ਕੱਟੋ ਅਰ ਜੁਗਤ ਨਾਲ ਨਿਕਲੋ। ਸਫਰ ਖਤਰਨਾਕ ਹੈ, ਪੈਂਡਾ ਖੋਟਾ ਹੈ, ਕਿਸੇ ਹਿਕਮਤ ਨਾਲ ਪਹੁੰਚਣਾ ਹੈ, ਸੀਨਾਜ਼ੋਰੀ ਠੀਕ ਨਹੀਂ ਹੈ। ਗੱਲ ਕੀ ਮੇਰਾ ਆਖਿਆ ਮੰਨ ਲੈਣ ਦਾ ਪਿਆਰ ਜੋ ਲਾਲ ਦੇ ਅੰਦਰ ਅੱਗੇ ਹੀ ਬੜਾ ਸੀ, ਉਸਨੂੰ ਰੋਕੀ ਗਿਆ ਤੇ ਲਾਲ ਹਸਨ ਖਾਂ ਦੀ ਜਾਨ ਲੈਣ ਤੋਂ ਟਲ ਗਿਆ। ਫਿਰ ਇਹ ਸਮਝਕੇ ਕਿ ਮੈਂ ਉਸਦੀ ਜਾਨ ਦੀ ਖਾਤਰ ਆਪਣਾ ਧਰਮ ਵਾਰਿਆ ਤੇ ਉਸਦੀ ਮਾਂ ਨਾਲ ਕੀਤਾ ਪ੍ਰਣ ਪਾਲਿਆ ਹੈ, ਉਸਨੂੰ ਹੋਰ ਮੇਰੇ ਪਿਆਰ ਵਿਚ ਗਰਕ ਕਰ ਗਿਆ, ਇਸ ਕਰਕੇ ਮੇਰੇ ਸਮਝਾਉਣ ਬੁਝਾਉਣ ਨਾਲ ਉਹ ਪਹਿਲਾਂ ਜੋਸ਼ ਦਾ ਉਬਾਲ ਟਲ ਗਿਆ।

ਹੁਣ ਸੁਤੇ ਹੀ ਲਾਲ ਦਾ ਖਿਆਲ ਮਾਪਿਆਂ ਵਲੋਂ ਵਟੀਣ ਲੱਗਾ, ਉਹ ਮੇਰੇ ਕਹੇ ਜ਼ੋਰ ਤਾਂ ਬੜਾ ਲਾਉਂਦਾ ਕਿ ਮਾਪਿਆਂ ਨੂੰ ਉਸਦੇ ਅੰਦਰਲੇ ਰੁਖ ਦਾ ਪਤਾ ਨਾ ਲੱਗੇ, ਪਰ ਮਾਂ ਨੂੰ ਰੁਖ ਪਲਟੇ ਦਾ ਥਹੁ ਪੈ ਗਿਆ ਤੇ ਉਸਨੂੰ ਬਹੁਤ ਦੁਖ ਹੋਇਆ, ਫੇਰ ਉਹ ਕਾਰਨ ਲੱਭਣ ਲੱਗੀ। ਹੋਰ ਤਾਂ ਕੁਛ ਪਤਾ ਨਾ ਲੱਗਾ, ਪਰ ਇਕ ਦੋ ਵੇਰੀ ਮੇਰੇ ਨਾਲ ਗੂੜ੍ਹੀਆਂ ਗੱਲਾਂ ਵਿਚ ਡਿੱਠੋ ਸੁ। ਇਹ ਗੱਲ ਉਸ ਨੇ ਹਸਨ ਖਾਂ ਨੂੰ ਦੱਸੀ। ਹਸਨ ਖਾਂ ਬੀ ਪੁੱਤਰ ਦਾ ਰੁਖ ਪਲਟਿਆ ਵੇਖ ਰਿਹਾ ਸੀ। ਜਾਂ ਉਸਨੂੰ ਗੱਲ ਮਾਲੂਮ ਹੋਈ ਤਾਂ ਉਸਨੂੰ ਸ਼ੱਕ ਪੈ ਗਿਆ ਕਿ ਮਤਾਂ ਮੈਂ ਭੇਤ ਦੱਸ ਦਿੱਤਾ ਹੋਵੇ ਯਾ ਕੋਈ ਭਿਣਕ ਪਾ ਦਿੱਤੀ ਹੋਵੇ। ਕਈ ਵੇਰ ਲੁਕ ਛਿਪ ਕੇ ਸਿਰੇਬੀ ਆਏ। ਪਤਾ ਤਾਂ ਕੁਛ ਨਾ ਲੱਗੇ ਨੇ, ਪਰ ਆਗਾ ਖਾਂ ਦੀ ਕਦੇ ਕਦੇ ਅਕਾਰਨ ਉਦਾਸੀ ਨੇ ਉਸਨੂੰ ਬੀ ਤੌਖਲਾ ਪਾ ਦਿੱਤਾ ਕਿ ਮਤਾਂ ਮੈਂ ਭੇਤ ਦੱਸ ਕੇ ਉਸ ਦਾ ਕੰਮ ਖਰਾਬ ਨਾ ਕੀਤਾ ਹੋਵੇ, ਯਾ ਕਰ ਨਾ ਦਿਆਂ, ਸੋ ਉਸਨੇ ਇਹ ਗੋਂਦ ਗੁੰਦੀ ਕਿ ਉਸਨੂੰ ਬਿਦੇਸ਼ ਭੇਜੇ ਤੇ ਪਿੱਛੋਂ ਮੈਨੂੰ ਪਾਰ ਕਰੇ ਤੇ ਆਏ ਨੂੰ ਕਹਿ ਦੇਵੇ ਕਿ ਬੀਮਾਰ ਹੋ ਕੇ ਮਰ ਗਈ ਹੈ।

ਜਸਵੰਤ - ਐਉਂ ਤੁਹਾਨੂੰ ਚੋਰੀ ਕਿਉਂ ਮਾਰਦਾ ਸੀ?

ਸਾਂਈਂ ਉਹ ਡਰਦਾ ਸੀ ਕਿ ਆਗਾ ਦਾ ਮੇਰੇ ਨਾਲ ਅਤਿ ਪਿਆਰ ਹੈ, ਜੇਕਰ ਉਸਦੇ ਸਾਹਮਣੇ ਮਾਰਿਆ ਤਾਂ ਕੀ ਜਾਣੀਏ ਭੜਕ ਉਠੇ ਅਰ ਘਰ ਵਿਚ ਤਲਵਾਰ ਚੱਲ ਪਏ, ਇਸ ਕਰਕੇ ਉਸ ਨੇ ਇਹ ਵਤੀਰਾ ਸੋਚਿਆ। ਲਾਲ ਨੇ ਪੰਜਾਬ ਜਾਣਾ ਤਾਂ ਗਨੀਮਤ ਸਮਝਿਆ, ਪਰ ਮੇਰਾ ਪਿਛੇ ਰਹਿਣਾ ਪਸੰਦ ਨਹੀਂ ਕੀਤਾ। ਚੁੱਪ ਚਾਪ ਤਰਕੀਬ ਕੋਈ ਸੁੱਝਦੀ ਨਹੀਂ ਸੀ, ਇਸ ਕਰਕੇ ਅਤਿ ਦੁਖੀ ਸੀ, ਪਰ ਧੰਨ ਵਾਹਿਗੁਰੂ ਹੈ! ਤੁਹਾਡਾ ਮੇਲ ਹੋ ਗਿਆ ਤੇ ਇਹ ਵਿਉਂਤ ਮੇਰੀ ਬੱਚੇ ਦੇ ਨਾਲ ਜਾਣ ਦੀ ਨਿਕਲ ਪਈ।

ਇਸ ਤਰ੍ਹਾਂ ਦੀਆਂ ਗੱਲਾਂ ਕਰਦਿਆਂ ਰਾਤ ਬਹੁਤ ਬੀਤ ਗਈ। ਸਾਂਈਂ ਤਾਂ ਸੌਂ ਗਈ, ਪਰ ਸਤਵੰਤ ਨੂੰ ਨੀਂਦ ਨਹੀਂ ਆਈ। ਮਨ ਵਿਚ ਵਿਚਾਰਾਂ ਕਰਦੀ ਹੈ ਕਿ ਪਰਮੇਸ਼ੁਰਾ! ਸਾਡੇ ਦੇਸ਼ ਨੂੰ ਕੀਹ ਵਗ ਗਈ ਹੈ ਕਿ ਆਪਣੇ ਆਪ ਨੂੰ ਸੰਭਾਲਦਾ ਹੀ ਨਹੀਂ। ਇਥੇ ਆ ਕੇ ਸਾਡੇ ਦੇਸ਼ ਵਾਸੀਆਂ ਦਾ ਕੀ ਕੀ ਹਾਲ ਹੁੰਦਾ ਹੈ, ਜਿਥੇ ਕਿਸੇ ਨੂੰ ਤਰਸ ਹੀ ਨਹੀਂ। ਆਪਣੇ ਦੇਸ਼ ਵਿਚ ਤਾਕਤ ਤਾਂ ਹੈ, ਪਰ ਹੰਨੇ ਹੰਨੇ ਮੀਰੀ ਹੈ। ਸਾਡਾ ਅਭਾਗ ਦੇਸ਼ ਹੋਸ਼ ਹੀ ਨਹੀਂ ਫੜਦਾ? ਆਪਣੇ ਹਾਲਾਤ, ਗੁਰਮੁਖ ਜੀ ਤੋਂ ਹੋਰਨਾਂ ਭਰਾਵਾਂ ਭੈਣਾਂ ਦੇ ਸੁਣੇ ਹਾਲਾਤ ਤੇ ਇਹ ਆਗਾ ਖਾਂ ਤੇ ਸਾਂਈਂ ਦੇ ਹਾਲਾਤ ਅਚੰਭੇ ਤੋਂ ਅਚੰਭੇ ਵਾਲੇ ਸਨ। ਇਨ੍ਹਾਂ ਅਚੰਭਿਆਂ ਵਿਚ ਹੈਰਾਨ ਹੁੰਦਿਆਂ ਤੇ ਸੋਚਾਂ ਸੋਚਦਿਆਂ ਤੇ ਆਪਣੀ ਕੌਮ ਦੇ ਸੱਤ ਦੀ ਤਾਸੀਰ ਪਰ ਵੀਚਾਰ ਕਰਦਿਆਂ ਤਾਰਾ ਮੰਡਲ ਚੱਕਰ ਖਾ ਗਿਆ ਪਰ ਸਤਵੰਤ ਅਜੇ ਸੋਚ ਵਿੱਚ ਹੀ ਹੈ। ਮਾਈ ਆਸ ਕੌਰ ਦਾ ਪਰਦੇਸ਼ ਵਿਚ ਕਤਲ ਹੋਣਾ ਤੇ ਸਤਾਰਾਂ ਵਰ੍ਹੇ ਬਾਅਦ ਪੁੱਤਰ ਦਾ ਆਪਣੇ ਅਸਲੇ ਦੇ ਹਾਲਾਤ ਸੁਣ ਕੇ ਪਿਤਾ ਪ੍ਰੇਮ, ਧਰਮ ਦੇ ਪਿਆਰ ਤੇ ਵਤਨਾਂ ਦੀ ਹੁੱਬ ਨਾਲ ਭੜਕ ਉਠਸਾ, ਸੁਖ ਅਮੀਰੀ ਤੋਂ ਮੂੰਹ ਮੋੜ ਕੇ ਆਪਣਿਆਂ ਵਿਚ ਖਖੇੜਾਂ ਬਖੇੜਾਂ ਦਾ ਜੀਵਨ ਬਤੀਤ ਕਰਨ ਲਈ ਟੁਰ ਪੈਣਾ, ਉਸ ਦੇ ਉੱਚ ਜੀਵਨ ਦਾ ਅਸਚਰਜ ਨਮੂਨਾ ਸੀ, ਜਿਸ ਨੇ ਸਤਵੰਤ ਦੇ ਦਿਲ ਤੇ ਉਸਦੀਆਂ ਖੂਬੀਆਂ ਤੇ ਆਪਣੇ ਪੰਥ ਦੀ ਸਤਿਅਤਾ ਦਾ ਡਾਢਾ ਡੂੰਘਾ ਅਸਰ ਪਾਇਆ। ਇਸ ਤਰ੍ਹਾਂ ਦੇ ਹਰਿਆਨੀ ਦੇ ਚੱਕਰਾਂ ਵਿਚ ਹੀ ਅੱਖ ਦੇ ਛੱਪਰ ਭਾਰੇ ਹੋ ਕੇ ਡਿੱਗ ਪਏ ਤੇ ਸਤਵੰਤ ਨੂੰ ਨੀਂਦ ਆ ਗਈ।

****

ਉਤਸ਼ਾਹ ਭਰਪੂਰ ਸਹਿਜ ਮਾਰਗ
(PATH OF FIRE AND LIGHT) Vol. 1

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਅਧਿਆਇ ਪਹਿਲਾ

ਪ੍ਰਾਣਾਯਾਮ ਦੇ ਵਿਕਸਿਤ ਅਭਿਆਸ ਦੀ ਤਿਆਰੀ

ਪ੍ਰਾਣਾਯਾਮ ਦੇ ਤਰੀਕੇ ਬਹੁਤ ਹੀ ਅਨੋਖੇ, ਅਨੂਠੇ ਹਨ, ਜਿਹੜੇ ਵੀ ਅਭਿਲਾਸ਼ੀ ਗਿਆਨ ਮਾਰਗ ਤੇ ਚਲਦੇ ਹਨ ਉਨ੍ਹਾਂ ਲਈ ਉਹ ਬਹੁਤ ਹੀ ਲਾਭਕਾਰੀ ਹੋ ਸਕਦੇ ਹਨ। ਇਹ ਸਾਰੇ ਤਰੀਕੇ ਬਹੁਤ ਹੀ ਪ੍ਰਭਾਵਸ਼ਾਲੀ ਤੇ ਗੁਣਕਾਰੀ ਗੁਣਕਰਤਾ ਹੋ ਸਕਦੇ ਹਨ, ਇਨ੍ਹਾਂ ਨੂੰ ਕੇਵਲ ਵਿਕਸਿਤ ਜਗਿਆਸੂ ਹੀ ਜਾਣ ਕੇ ਇਨ੍ਹਾਂ ਨੂੰ ਮਹਿਮਾ ਕਰ ਸਕਦੇ ਹਨ ਪ੍ਰਸੰਸਾ ਕਰ ਸਕਦੇ ਹਨ। ਬਹੁਤ ਵਾਰੀ ਸ਼ੁਰੂ-ਸ਼ੁਰੂ ਵਿੱਚ ਅਭਿਲਾਸ਼ੀ ਵਧੇਰੇ ਕਰਕੇ ਜਾਂ ਤਾਂ ਯੋਗ ਪੋਸਚਰ ਭਾਵ ਬੈਠਣ ਦੇ ਤਰੀਕਿਆਂ ਤੇ ਵਧੇਰੇ ਧਿਆਨ ਦਿੰਦੇ ਹਨ ਜਾਂ ਫੇਰ ਮੈਡੀਟੇਸ਼ਨ ਤੇ, ਮੈਡੀਟੇਸ਼ਨ ਦੇ ਤਰੀਕਿਆਂ ਤੇ, ਉਹ ਉਸ ਸਮੇਂ ਪ੍ਰਾਣਾਯਾਮ ਦੇ ਅਭਿਆਸ ਦੀ ਮਹੱਤਤਾ ਨਹੀਂ ਜਾਣਦੇ, ਜਦੋਂ ਕਿ ਪ੍ਰਾਣਾਯਾਮ ਦਾ ਪ੍ਰਭਾਵ ਪੂਰੇ ਸਰੀਰ ਤੇ ਨਹੀਂ, ਪੂਰਨ ਰੂਪ ਵਿੱਚ ਸਾਰੀ ਹੋਂਦ 'ਤੇ ਪੈਂਦਾ ਹੈ। ਜਦੋਂ ਤੁਸੀ ਸੁਆਸਾਂ ਦਾ ਅਭਿਆਸ ਕਰਦੇ ਰਹੇ ਹੋਵੋ ਤੁਸੀਂ ਸਮਝ ਜਾਓਗੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਸੁਆਸਾਂ ਦਾ ਅਭਿਆਸੀ ਓਨਾਂ ਹੀ ਅਵੱਸ਼ਕ ਹੈ ਜਿੰਨੀ ਮੈਡੀਟੇਸ਼ਨ ਤੇ ਚਿੰਤਨ। ਜਦੋਂ ਇਹ ਸਮਝ ਆ ਜਾਏ ਜਗਿਆਸੂ ਨਿਸ਼ਠਾਪੂਰਵਕ ਹੋ ਕੇ ਬੜੀ ਗੰਭੀਰਤਾ ਨਾਲ ਪ੍ਰਾਣਾਯਾਮ ਕਰਨਾ ਸ਼ੁਰੂ ਕਰ ਦਿੰਦਾ ਹੈ।

ਪ੍ਰਾਣਾਯਾਮ ਦਾ ਮਹੱਤਵ ਸਮਝਣ ਲਈ, ਪ੍ਰਾਣਾਯਾਮ ਦਾ ਅਭਿਆਸ ਕਰਨ ਲਈ ਪ੍ਰਾਣਾਯਾਮ ਦੇ ਅਰਥ ਸਮਝਣੇ ਬਹੁਤ ਅਵਸ਼ਕ ਹਨ, ਪ੍ਰਾਣ ਦੇ ਅਰਥ ਹਨ ਸੁਆਸ, 'ਯਾਮ' ਦੇ ਅਰਥ ਹਨ ਨਿਯਮਤ ਕਰਨਾ, ਕ੍ਰਮਬੱਧ ਕਰਨਾ। ਨਹੀਂ ਤਾਂ ਛੇਤੀ ਸੁਆਸ ਲੈਣੇ, ਉਖੜੇ ਤਰੀਕੇ ਨਾਲ ਸੁਆਸ ਲੈਣੇ, ਵਧੇਰੇ ਤਾਕਤ ਲਗਾ ਜ਼ੋਰ ਲਗਾ ਕੇ ਸੁਆਣ ਲੈਣੇ ਇਸ ਸਭ ਕੁਝ ਨੂੰ ਠੀਕ ਕਰਨਾ ਹੀ ਪ੍ਰਾਣਾਯਾਮ ਹੈ। ਪ੍ਰਾਣਾਯਾਮ ਸੁਆਸ ਬਾਹਰ ਕੱਢਣ ਤੇ ਤਿੰਨ ਤਰੀਕਿਆਂ ਨੂੰ ਕ੍ਰਮਬੱਧ ਕਰਦਾ ਹੈ, ਰੇਚਕ (rechaka) ਰੋਕਣਾ ਭਾਵ ਕੁੰਭਕ (kumbhak) ਤੇ ਸੁਆਸ ਅੰਦਰ ਕਰਨੇ ਪੂਰਕ (purka) ਇਸ ਤਰ੍ਹਾਂ ਨਾਲ ਪ੍ਰਾਣਾਂ ਤੇ ਕਾਬੂ ਪਾਉਣਾ, ਪ੍ਰਾਣ ਜੀਵਨ ਹਨ, ਵਾਈਟਕ ਫੋਰਸ ਹਨ ਸਰੀਰ ਨੂੰ ਚਲਾਉਣ ਵਾਲੀ ਤਾਕਤ ਹੈ। ਪ੍ਰਾਣਾਯਾਮ ਦੀ ਇਕ ਇਕਾਈ ਇਕ ਮਾਤ੍ਰਿਤ ਸੁਆਸ ਅੰਦਰ ਕਰਨਾ ਪੂਰੀ ਤਰ੍ਹਾਂ, ਪੂਰੀ ਸਮਰਥਾ ਤਕ, ਰੋਕਣਾ, ਜਦੋਂ ਤਕ ਰੋਕ ਸਕੋ, ਜਿੰਨੀ ਦੇਰ ਰੋਕ ਸਕੋ, ਫੇਰ ਬਾਹਰ ਕਰਨਾ, ਪੂਰੀ ਤਰ੍ਹਾਂ ਨਾਲ ਫੇਫੜਿਆਂ ਨੂੰ ਖਾਲੀ ਕਰਨਾ।

ਪ੍ਰਾਣਾਯਾਮ ਯੋਗ ਦਾ ਇਕ ਬਹੁਤ ਹੀ ਮਹੱਤਵਪੂਰਨ ਵਿਗਿਆਨਕ ਅਭਿਆਸ ਹੈ। ਪ੍ਰਾਣਾਯਾਮ ਇਕ ਉਦੇਸ਼ ਜਗਿਆਸੂ ਨੂੰ ਆਪਣੇ ਨਾੜੀ ਤੰਤੂ ਤੇ ਪੂਰਾ-ਪੂਰਾ ਕਾਬੂ ਪਾਉਣ ਦੇ ਸਮਰੱਥ ਕਰਨਾ ਹੈ। ਜਦੋਂ ਨਾੜੀ ਤੰਤੂ ਤੇ ਕਾਬੂ ਹੋ ਜਾਂਦਾ ਹੈ ਫੇਰ ਹੌਲੀ-ਹੌਲੀ ਮਨ ਤੇ ਪ੍ਰਾਣਾਂ ਤੇ ਕੰਟਰੋਲ ਹੋਣਾ ਸ਼ੁਰੂ ਹੋ ਜਾਂਦਾ ਹੈ, ਪ੍ਰਾਣ ਜੋ ਕਿ ਜੀਵਨ ਸ਼ਕਤੀ ਹਨ ਜੀਵਨ ਹਨ, ਪ੍ਰਾਣਾਯਾਮ ਏਨਾ ਹੀ ਨਹੀਂ ਪ੍ਰਾਣਾਯਾਮ ਇਕ ਉਹ ਪ੍ਰਕ੍ਰਿਆ ਹੈ ਜਿਸ ਨਾਲ ਹੌਲੀ-ਹੌਲੀ ਤੁਹਾਡੇ ਅਸ਼ਾਂਤ ਕਰਨ ਵਾਲੇ ਵਿਚਾਰ ਵੀ ਤੁਹਾਨੂੰ ਪ੍ਰਭਾਵਿਤ ਨਹੀਂ ਕਰ ਸਕਦੇ, ਤੁਹਾਡੇ ਸਰੀਰ ਨੂੰ, ਮਨ ਨੂੰ ਪੂਰੀ ਤਰ੍ਹਾਂ ਸੁਅਸਥ ਰਖਦੇ ਹਨ, ਪੂਰੀ ਤਰ੍ਹਾਂ ਅਰੋਗ ਰਖਦੇ ਹਨ।

ਸਰੀਰ ਨੂੰ ਤੰਦਰੁਸਤ ਰੱਖਣ ਦੇ ਬਹੁਤ ਸਾਰੇ ਤਰੀਕੇ ਹਨ ਵਿਦਿਆ ਹਨ। ਬਹੁਤ ਥੋੜ੍ਹੇ ਲੋਕ ਇਹ ਸਮਝਦੇ ਹਨ ਕਿ ਕਿਹੜੇ ਤਰੀਕੇ, ਕਿਹੜੇ ਅਭਿਆਸ ਸੂਖਸ਼ਮ ਸਰੀਰ ਤੇ ਪ੍ਰਭਾਵ ਪਾਉਂਦੇ ਹਨ। ਕਿਹੜੇ ਅਭਿਆਸ ਅੰਦਰ ਦੇ ਸੂਖਸ਼ਮ ਸਰੀਰ ਨੂੰ ਅੰਦਰੋਂ ਪਰਿਵਰਤਿਤ ਕਰਦੇ ਹਨ, ਅੰਦਰ ਦੇ ਸੂਖਸ਼ਮ ਕਾਰਜਾਂ ਨੂੰ ਪ੍ਰਭਾਵਿਤ ਕਰਦੇ ਹਨ। ਪ੍ਰਾਣਾਯਾਮ ਦਾ ਉਦੇਸ਼ ਹੈ, ਅਤਿ ਮਹੱਤਵਪੂਰਣ ਸਿਧਾਂਤਾਂ ਨੂੰ ਨਿਅੰਤਰਣ ਕਰਕੇ ਮਨ ਨੂੰ ਸੰਕਲਪੀ ਕੰਟਰੋਲ ਵਿਚ ਲਿਆ ਕੇ ਵਾਈਟਕ ਫੋਰਸ ਨੂੰ ਪ੍ਰਾਣਾਂ ਦੀ ਸ਼ਕਤੀ ਨੂੰ ਵੱਖ-ਵੱਖ ਮਾਧਿਅਮ ਰਾਹੀਂ ਸਰੀਰ ਵਿਚ ਦੇਣਾ ਭੇਜਣਾ। ਯੋਗ ਦੇ ਇਹ ਅਭਿਆਸ ਸੂਖਸ਼ਮ ਜੀਵਨ ਦੇ ਉਹ ਪੱਖ ਤੁਹਾਡੇ ਸਾਮ੍ਹਣੇ ਲੈ ਕੇ ਆਉਂਦੇ ਹਨ ਜਾਂ ਕਹਿ ਲਵੋ ਉਹ ਪੱਖ ਤੁਹਾਡੇ ਸਾਮ੍ਹਣੇ ਪ੍ਰਗਟ ਕਰਦੇ ਹਨ ਜਿਹੜੇ ਤੁਸੀਂ ਕਦੀ ਹੋਰ ਕਿਸੇ ਤਰ੍ਹਾਂ ਅਨੁਭਵ ਕਰ ਹੀ ਨਹੀਂ ਸਕਦੇ।

ਮੰਤਰ ਯੋਗ, ਲੈਅ ਯੋਗ, ਰਾਜ ਯੋਗ ਇਨ੍ਹਾਂ ਸਾਰਿਆਂ ਵਿਚ ਪ੍ਰਾਣਾਯਾਮ ਕੇਵਲ ਇਕ ਸਹਾਇਕ ਪੱਖ ਹੈ, ਧੁਰਾ ਨਹੀਂ ਹੈ, ਇਨ੍ਹਾਂ ਵਿਚ ਸੁਆਸਾਂ ਨੂੰ ਆਪਣਾ ਰਸਤਾ ਥਾਪ ਲੱਭ ਕੇ ਹੀ ਨਿਯੰਤਰਣ ਵਿਚ ਆਉਣ ਦਿੱਤਾ ਜਾਂਦਾ ਹੈ ਪਰ ਹੱਠ ਯੋਗ ਅੰਦਰ ਸੁਆਸਾਂ ਦਾ ਨਿਯਮਬੱਧ ਹੋਣਾ, ਨਿਯੰਤਰਣ ਹੋਣਾ ਹੀ ਸਭ ਤੋਂ ਮਹੱਤਵਪੂਰਨ ਸਾਧਨ ਹੈ ਜਿਸ ਨਾਲ ਯੋਗ ਦੇ ਉਦੇਸ਼ ਦੀ ਪ੍ਰਾਪਤੀ ਕਰਕੇ ਯੋਗ ਦੀਆਂ ਦੂਸਰੀਥ ਸ਼ਾਖਾਂ ਦੇ ਉਦੇਸ਼ ਦੀ ਪ੍ਰਾਪਤੀ ਕੀਤੀ ਜਾਂਦੀ ਹੈ।

ਜਿਹੜੇ ਵਿਦਿਆਰਥੀ ਸੁਆਸਾਂ ਦਾ ਅਭਿਆਸ ਕਰਦੇ ਹਨ ਉਨ੍ਹਾਂ ਨੂੰ ਸਾਵਧਾਨ ਹੋ ਕੇ ਚੰਗੀ ਨੀਂਹ ਰੱਖਣੀ ਚਾਹੀਦੀ ਭਾਵ ਚੰਗੀ ਤਰ੍ਹਾਂ ਨਾਲ ਤਿਆਰੀ ਕਰਕੇ ਸਰੀਰ ਨੂੰ ਸਾਧ ਕੇ ਸੁਆਸਾਂ ਨਾਲ ਇਕ ਕਰਨਾ ਚਾਹੀਦਾ ਹੈ। ਸਾਧਕ ਨੂੰ ਦੇਖਣਾ ਚਾਹੀਦਾ ਹੈ ਉਹ ਕਿਸ ਤਰ੍ਹਾਂ ਰਹਿ ਰਿਹਾ ਹੈ ਕੀ ਆਹਾਰ ਹੈ, ਕਿਸ ਤਰ੍ਹਾਂ ਦਾ ਵਾਯੂਮੰਡਲ ਹੈ, ਕੀ ਮਾਨਸਿਕ ਸਥਿਤੀ ਹੈ ਇਹ ਸਾਰੀਆਂ ਚੀਜ਼ਾਂ ਆਪਸ ਵਿੱਚ ਕਿਸ ਤਰ੍ਹਾਂ ਨਾਲ ਪਰਸਪਰ ਕ੍ਰਿਆ ਕਰਦੀਆਂ ਹਨ। ਜਿਹੜਾ ਵੀ ਅਭਿਲਾਸ਼ੀ ਪ੍ਰਾਣਾਯਾਮ ਕਰਕੇ ਅੱਗੇ ਵਧਣਾ ਚਾਹੁੰਦਾ ਹੈ ਉਸ ਨੂੰ ਨਿਯੰਤਰਣ ਰੱਖਣ ਲਈ ਤਤਪਰ ਹੋਣਾ ਚਾਹੀਦਾ ਹੈ।

ਵਾਤਾਵਰਣ ਨੂੰ ਅਨੁਕੂਲ ਬਨਾਉਣਾ

ਇੱਕ ਸੱਚੇ ਅਭਿਲਾਸ਼ੀ ਨੂੰ ਇਕਾਂਤ ਦੀ ਲੋੜ ਹੈ। ਪ੍ਰਾਣਾਯਾਮ ਲਈ, ਮੈਡੀਟੇਸ਼ਨ ਲਈ ਸਭ ਤੋਂ ਪਹਿਲਾਂ ਲੋੜ ਹੈ ਇਕ ਸ਼ਾਂਤ ਜਗ੍ਹਾ ਦੀ, ਜਿੱਥੇ ਤੁਸੀਂ ਇਕੱਲੇ ਆਪਣੇ ਆਪ ਨਾਲ ਹੀ ਹੋ ਸਕੋ, ਸਭ ਤੋਂ ਚੰਗਾ ਤਾਂ ਛੋਟਾ ਜਿਹਾ ਕਮਰਾ ਹੋਵੇ ਛੋਟੀ ਜਿਹੀ ਥਾਂ ਹੋਵੇ ਜਿੱਥੇ ਬਹੁਤ ਸਮਾਨ ਨਾ ਹੋਵੇ, ਚੰਗੀ ਤਾਜ਼ੀ ਹਵਾ ਆਉਂਦੀ ਹੋਵੇ, ਬਾਹਰ ਦੇ ਸ਼ੋਰ ਸ਼ਰਾਬੇ ਦੀ ਆਵਾਜ਼ ਉਥੇ ਨਾ ਪਹੁੰਚਦੀ ਹੋਵੇ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਮਰਾ ਤੁਹਾਡੇ ਘਰ ਵਿੱਚ ਹੋਵੇ, ਕਿਸੇ ਜੰਗਲ ਵਿਚ ਕੋਈ ਥਾਂ ਬਣੀ ਹੋਵੇ ਕਿ ਕਿਸੇ ਮੰਦਰ, ਗੁਰਦਵਾਰੇ ਦਾ ਕਮਰਾ ਕੋਠੜੀ ਹੋਵੇ, ਗੱਲ ਤਾਂ ਸਾਫ ਸੁਥਰੇ ਵਾਤਾਵਰਣ ਦੀ ਹੈ, ਸ਼ਾਂਤ ਵਾਤਾਵਰਣ ਦੀ ਹੈ। ਕਮਰਾ ਹਵਾਦਾਰ ਹੋਵੇ ਨਾ ਬਹੁਤ ਠੰਢਾ ਨਾ ਬਹੁਤ ਗਰਮ।

ਯੋਗਾ ਅਭਿਆਸ ਲਈ ਖੁਲ੍ਹੀ ਸ਼ੁੱਧ ਹਵਾ ਦਾ ਹੋਣਾ ਬਹੁਤ ਜ਼ਰੂਰੀ ਹੈ ਖਾਸ ਕਰਕੇ ਪ੍ਰਾਣਾਯਾਮ ਕਰਨ ਲਈ। ਸਫਾਈ ਸ਼ੁਧਤਾ ਸੁਆਸਾਂ ਦੇ ਅਭਿਆਸ ਲਈ ਅਤਿ ਅਵਸ਼ਕ ਹਨ। ਜੇਕਰ ਹਵਾ ਪ੍ਰਦੂਸ਼ਤ ਹੋਵੇ ਇਹ ਅਭਿਆਸ ਹਾਨੀਕਾਰਕ ਹੋ ਸਕਦੇ ਹਨ, ਕਿਉਂਕਿ ਸੁਆਸਾਂ ਦੀ ਗਤੀ ਪ੍ਰਾਣਾਯਾਮ ਕਰਦਿਆਂ ਵਧੇਰੇ ਡੂੰਘੀ ਤੇ ਤੇਜ਼ ਹੁੰਦੀ ਹੈ ਜਿਸ ਕਰਕੇ ਇਹ ਹਾਨੀਕਾਰਕ ਹੋ ਸਕਦੀਆਂ ਹਨ। ਪ੍ਰਦੂਸ਼ਣ ਤੋਂ ਅਤਿਰਿਕਤ ਹੋਰ ਦੋ ਗੱਲਾਂ ਬਹੁਤ ਜ਼ਰੂਰੀ ਹਨ ਉਹ ਹਨ ਹਵਾ ਦੀ ਨਮੀ ਤੇ ਤਾਪਮਾਨ। ਹਵਾ ਦੀ ਨਮੀ ਸਰੀਰ ਵਿਚ ਸੁਸਤੀ ਲਿਆ ਦਿੰਦੀ ਹੈ, ਲਾਪਰਵਾਹੀ ਲਿਆ ਦਿੰਦੀ ਹੈ। ਗਰਮ ਹਵਾ ਸਰੀਰ ਨੂੰ ਨਿਰਬਲ ਨਿਤਾਣਾ ਕਰ ਦਿੰਦੀ ਹੈ, ਬਹੁਤ ਠੰਢੀ ਹਵਾ ਪ੍ਰਾਣਾਂ ਦੇ ਪ੍ਰਵਾਹ ਨੂੰ ਅਸ਼ਾਂਤ ਕਰ ਦਿੰਦੀ ਹੈ।

ਪੁਰਾਤਨ ਸਮੇਂ ਜਗਿਆਸੂਆਂ ਦੀ ਛੋਟੀ ਜਿਹੀ ਗੁਫਾ ਹੁੰਦੀ ਸੀ ਕੋਲ ਥੋੜ੍ਹੀ ਦੂਰ ਪਾਣੀ ਦੀ ਨਦੀ ਜਾਂ ਝਰਨਾ ਹੁੰਦਾ ਸੀ ਗੁਫਾ ਕੋਈ ਛੇ ਫੁੱਟ ਦੀ ਹੁੰਦੀ ਸੀ, ਅੰਦਰ ਜਾਣ ਦਾ ਰਾਹ ਛੋਟਾ ਜਿਹਾ ਹੁੰਦਾ ਸੀ। ਗੁਫਾ ਅੰਦਰ ਅਭਿਆਸ ਕਰਨ ਨਾਲ ਹਰ ਤਰ੍ਹਾਂ ਦੀ ਅਸ਼ਾਂਤੀ ਤੋਂ ਬਚਿਆ ਰਹਿੰਦਾ ਸੀ। ਹਰ ਤਰ੍ਹਾਂ ਦੀ ਆਵਾਜ਼ ਤੋਂ ਦੂਰ ਰਹਿੰਦਾ ਸੀ, ਗੁਫਾ ਦੇ ਅੰਦਰ ਪੂਰੀ ਸ਼ਾਂਤੀ ਰਹਿੰਦੀ ਸੀ। ਹਾਂ ਜੇਕਰ ਤੁਸੀਂ ਹਲਚਲ ਦੇ ਜੀਵਨ ਦੇ ਆਦੀ ਹੋ, ਤਾਂ ਪਹਿਲਾਂ-ਪਹਿਲਾਂ ਸ਼ਾਂਤ ਵਾਤਾਵਰਣ ਤੁਹਾਨੂੰ ਬਹੁਤ ਹੀ ਫਿੱਕਾ ਲੱਗੇਗਾ ਬਹੁਤ ਨੀਰਸ ਲੱਗੇਗਾ, ਹੋ ਸਕਦਾ ਹੈ ਜਗਿਆਸੂ ਆਪਣਾ ਅਭਿਆਸ ਹੀ ਛੱਡ ਬੈਠੇ ਇਸ ਕਰਕੇ ਹੌਲੀ-ਹੌਲੀ ਹੀ ਖੱਪ ਤੋਂ ਅਸ਼ਾਂਤੀ ਤੋਂ ਦੂਰ ਹੋਣਾ ਸ਼ੁਰੂ ਕਰੋ, ਇਕ ਦਮ ਜੀਵਨ ਸ਼ੈਲੀ ਬਦਲਣ ਦੀ ਕੋਸ਼ਿਸ਼ ਨਾ ਕਰੋ। ਚੰਗੀ ਲਾਭਕਾਰੀ ਥਾਂ ਚੁਣ, ਇਹ ਸੰਕਲਪ ਕਰੋ ਕਿ ਤੁਸੀਂ ਅਭਿਆਸ ਕਰੋਗੇ।

ਭੌਤਿਕ ਵਾਤਾਵਰਣ ਤੋਂ ਇਲਾਵਾ, ਪਰਸਪਰ ਵਿਵਹਾਰ ਦਾ ਧਿਆਨ ਰੱਖਣਾ ਵੀ ਓਨਾਂ ਹੀ ਅਵੱਸ਼ਕ ਹੈ। ਜੇਕਰ ਤੁਸੀਂ ਅਭਿਆਸ ਕਰਕੇ ਅੱਗੇ ਵਧਣਾ ਚਾਹੁੰਦੇ ਹੋ ਉਸ ਲਈ ਠੀਕ ਇਹ ਹੀ ਹੋਵੇਗਾ ਕਿ ਤੁਸੀਂ ਆਪਣੇ ਜੀਵਨ ਵਿੱਚ ਸਥਿਰਤਾ ਲਿਆਓ, ਸ਼ਾਂਤੀ ਲਿਆਓ, ਵਧੇਰੇ ਮੇਲ ਮਿਲਾਪ ਨਾ ਰੱਖੋ, ਨਾ ਵਧਾਓ, ਸੰਸਾਰਕ ਲੋਕਾਂ ਨਾਲ ਮੇਲ ਜੋਲ ਘੱਟ ਕਰੋ, ਅੰਤ ਵਿੱਚ ਸਾਧਕ ਬਿਲਕੁਲ ਨਿਸ਼ਠਾਵਾਨ ਹੋ ਕੇ ਜਦੋਂ ਲੱਗਾ ਰਹੇਗਾ, ਆਲੇ-ਦੁਆਲੇ ਦੇ ਸਮਾਜਿਕ ਤੇ ਭਾਵੁਕ ਮੰਗਾਂ ਕਰਨ ਵਾਲੇ ਲੋਕ, ਆਪਣੇ ਆਪ ਹੀ ਆਪਣੇ ਆਪ ਨੂੰ ਬੇਬਸ ਦੇਖ ਕੇ ਪਿੱਛੇ ਹੋ ਜਾਣਗੇ। ਜਦੋਂ ਅਸੀਂ ਇਹ ਕਹਿ ਰਹੇ ਹਾਂ ਉਸ ਤੋਂ ਇਹ ਭਾਵ ਨਹੀਂ ਸਾਧਕ ਆਪਣੇ ਆਪ ਨੂੰ ਸਾਰੇ ਸਬੰਧਾਂ ਤੋਂ ਵੱਖ ਹੋ ਜਾਵੇ, ਸਾਰੇ ਸਬੰਧ ਕੱਟ ਕੇ ਅਭਿਆਸ ਕਰੇ ਤਾਂ ਹੀ ਯੋਗਾ ਅਭਿਆਸ ਕਰਕੇ ਅੱਗੇ ਵਧ ਸਕਦਾ ਹੈ।

ਇਸ ਤੋਂ ਇਹ ਭਾਵ ਹੈ ਕਿ ਸਾਧਕ ਨੂੰ ਆਪਣੀ ਸ਼ਕਤੀ ਸਮੇਟ ਕੇ ਰੱਖਣੀ ਚਾਹੀਦੀ ਹੈ, ਸਬੰਧਾਂ ਤੋਂ ਸ਼ਕਤੀ ਨੂੰ ਬਚਾ ਕੇ ਹੀ ਸਾਧਨਾ ਅਭਿਆਸ ਵਿਚ ਲਾਉਣੀ ਚਾਹੀਦੀ ਹੈ ਪਰਸਪਰ ਸਬੰਧ ਵਿਚ ਸ਼ਕਤੀ ਖ੍ਰੈ ਨਹੀਂ ਕਰਨੀ ਚਾਹੀਦੀ, ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਕਾਰਿਆ ਕਰਮ ਨੂੰ ਆਪ ਹੀ ਖਤਮ ਕਰ ਦੇਵੇਗਾ। ਦੂਸਰਿਆਂ ਨਾਲ ਮੇਲ-ਗੇਲ ਵਧੇਰੇ ਨਹੀਂ ਹੋਣਾ ਚਾਹੀਦਾ ਇਸ ਤਰ੍ਹਾਂ ਕਰਨ ਨਾਲ, ਕਿਤੇ-ਕਿਤੇ ਖਿਚਾਅ ਵਧਦਾ ਹੈ, ਕਿਤੇ ਨਫਰਤ ਵਧਦੀ ਹੈ ਕਿਤੇ ਈਰਖਾ ਪੈਦਾ ਹੁੰਦੀ ਹੈ, ਬਹੁਤ ਸਾਰੀਆਂ ਭਾਵਨਾ ਸੰਵੇਗ ਜਾਗ੍ਰਤ ਹੋ ਜਾਂਦੇ ਹਨ ਜਿਹੜੇ ਮਨ ਨੂੰ ਅਸ਼ਾਂਤ ਕਰ ਦਿੰਦੇ ਹਨ। ਹਾਂ ਪਰ ਉਨ੍ਹਾਂ ਦਾ ਸਾਥ ਜਿਹੜੇ ਯੋਗ ਅਭਿਆਸ ਕਰਦੇ ਹਨ, ਸੱਚੀ ਤਰ੍ਹਾਂ ਨਾਲ ਨਿਸ਼ਠਾਵਾਨ ਹਨ, ਉਹ ਨਾ ਕੇਵਲ ਤੁਹਾਡੇ ਅਭਿਆਸ, ਤੁਹਾਡੇ ਸਾਧਨਾ ਵਿਚ ਸਹਾਇਕ ਹੋਣਗੇ ਉਹ ਤੁਹਾਡੀਆਂ ਨਕਾਰਾਤਮਕ ਭਾਵਨਾ ਨੂੰ ਦੂਰ ਰੱਖਣ ਵਿਚ ਸਹਾਇਕ ਵੀ ਹੋਣਗੇ।

ਸੱਚੇ ਗੁਰੂ, ਅਧਿਆਪਕ ਸੱਚੇ ਸਾਧਕਾਂ ਦਾ ਸਾਥ ਤਾਂ ਸਦਾ ਹੀ ਬੜਾ ਸਹਾਇਕ, ਲਾਭਕਾਰੀ ਮੰਨਿਆ ਗਿਆ ਹੈ, ਯੋਗਾ ਅਭਿਆਸ ਨੂੰ ਵਾਧਾ ਦੇਣ ਲਈ ਬਹੁਤ ਹੀ ਉਪਕਾਰੀ ਹੋਵੇਗਾ। ਇਹੋ ਜਿਹਾ ਸਾਧ ਜਾਂ ਤਾਂ ਕਿਸੇ ਭਾਈਚਾਰੇ ਵਿਚ ਬਰਾਦਰੀ ਵਿਚ ਜਾਂ ਕਿਸੇ ਖੋਜੀ, ਅਭਿਲਾਸ਼ੀ ਵਿਚ ਹੋ ਸਕਦਾ ਹੈ ਜਾਂ ਫੇਰ ਪਤੀ ਪਤਨੀ ਵਿਚ ਹੋ ਸਕਦਾ ਹੈ। ਉਹ ਇਕੱਠੇ ਹੋ ਕੇ ਵਾਤਾਵਰਣ ਬਣਾ ਸਕਦੇ ਹਨ ਘਰ ਦਾ, ਸਾਰਾ ਵਾਤਾਵਰਣ ਹੀ ਬਦਲ ਸਕਦੇ ਹਨ ਇਕ ਦੂਸਰੇ ਲਈ ਸਹਾਇਕ ਬਣ ਸਕਦੇ ਹਨ, ਸਹਾਰਾ ਹੋ ਸਕਦੇ ਹਨ। ਸ੍ਵੈ ਅਨੁਸ਼ਾਸਨ ਲੋਕਾਂ ਨੂੰ ਮਿਲਣਾ ਉਨ੍ਹਾਂ ਦਾ ਸਾਥ ਰੱਖਣਾ ਚਾਹੀਦਾ ਹੈ। ਪ੍ਰੇਰਣਾ ਦੇਣ ਵਾਲਾ, ਪ੍ਰੋਸਾਹਿਤ ਕਰਨਾ ਵਾਲਾ ਸਾਹਿਤ ਪੜ੍ਹਨਾ, ਸੂਝ-ਬੂਝ ਵਾਲੇ ਲੋਕਾਂ ਦਾ ਸਾਥ ਰੱਖਣਾ ਸਾਹਿਤ ਪੜ੍ਹਨਾ ਵੀ ਬਹੁਤ ਸਹਾਇਕ ਹੋ ਸਕਦਾ ਹੈ।

ਚੰਗਾ ਤਾਂ ਇਹ ਹੀ ਹੋਵੇਗਾ ਜੇਕਰ ਅਭਿਆਸ ਇਹੋ ਜਿਹੀ ਜਗ੍ਹਾ ਕੀਤਾ ਜਾਵੇ, ਜਿੱਥੇ ਕੋਈ ਵਿਘਨ ਨਾ ਪਵੇ, ਕੋਈ ਰੁਕਾਵਟ ਨਾ ਆਵੇ। ਅਭੀਲਾਸ਼ੀ ਫੇਰ ਅਨੰਦ ਦੀ ਅਵਸਥਾ, ਸਤਿ ਦੀ ਖੋਜ ਕਰ ਸਕਦਾ ਹੈ, ਆਪਣੇ ਅੰਦਰ ਜਾ ਸਕਦਾ ਹੈ। ਸਾਧਕ ਨੂੰ ਸਮਰਥਾ ਅਨੁਸਾਰ ਹੀ ਅਭਿਆਸ ਕਰਨਾ ਚਾਹੀਦਾ ਹੈ। ਸਮਰਥਾ ਤੋਂ ਅੱਗੇ ਨਹੀਂ ਜਾਣਾ ਚਾਹੀਦਾ ਵੱਧ ਨਹੀਂ ਕਰਨਾ ਚਾਹੀਦਾ। ਸ਼ੁਰੂ-ਸ਼ੁਰੂ ਵਿਚ ਸਾਧਕ ਨੂੰ ਆਪਣੀ ਸਮਰਥਾ ਜਾਂਚ ਲੈਣੀ ਚਾਹੀਦੀ ਹੈ, ਉਹ ਪੁਰਾਤਨ ਲੀਹਾਂ ਅਨੁਸਾਰ ਹੀ ਅਭਿਆਸ ਕਰੇ, ਓਦੋਂ ਤਕ ਪੁਰਾਤਨ ਸੀਮਾ ਅੰਦਰ ਰਹੇ ਜਦੋਂ ਤਕ ਉਹ ਉਸਨੂੰ ਕਰਦਿਆਂ ਆਪਣੇ ਆਪ ਵਿਚ ਸੌਖਾ ਨਾ ਮਹਿਸੂਸ ਕਰੇ, ਇਸ ਤੋਂ ਬਾਅਦ ਹੀ ਉਹ ਆਪਣਾ ਸਮਾਂ ਵਧਾ ਸਕਦਾ ਹੈ। ਸਮਾਂ ਵਧਾਉਣ ਨਾਲ ਸਰੀਰ ਲਈ ਯੋਗਾ ਅਭਿਆਸ ਕਿਸੇ ਵੀ ਸਮੇਂ ਸ਼ੁਰੂ ਕਰ ਸਕਦੇ

(ਬਾਕੀ ਪੰਨਾ 63 'ਤੇ)

ਸਿਹਤ ਰੱਖਿਆ ਗਿਆਨ

ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)
ਆਯੁਰਵੇਦ ਭੀਸ਼ਗ ਆਚਾਰੀਯ।
ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।
ਮੋਬਾਈਲ ਨੰ. 98156-07803

ਕਬਜ਼

ਸੌ ਰੋਗਾਂ ਦੀ ਮਾਂ

ਕਬਜ਼ ਕੀ ਹੈ? ਸਮੇਂ ਅਨੁਸਾਰ ਪਖਾਨਾ ਨਾ ਹੋਣਾ ਜਾਂ ਘੱਟ ਮਾਤਰਾ ਵਿਚ ਹੋਣ ਜਾਂ ਬਿਲਕੁਲ ਨਾ ਹੋਣਾ। ਇਸਨੂੰ ਵੱਧ, ਵਿਬੰਧ, ਮਲ ਅਵਰੋਧ ਆਮ ਭਾਸ਼ਾ ਵਿਚ ਕਬਜ਼ ਕਹਿੰਦੇ ਹਨ। ਖਾਧਾ ਹੋਇਆ ਭੋਜਨ 24 ਘੰਟਿਆਂ ਵਿਚ ਮਲ ਦੇ ਰੂਪ ਵਿਚ ਬਾਹਰ ਨਿਕਲ ਜਾਣਾ ਚਾਹੀਦਾ ਹੈ।

ਕਬਜ਼ ਨਾਲ ਮੂੰਹ ਵਿਚ ਛਾਲੇ ਹੋ ਜਾਣੇ, ਮੂੰਹ ਪੱਕ ਜਾਣਾ, ਮੂੰਹ ਵਿਚੋਂ ਦੁਰਗੰਧ ਆਉਣੀ, ਜੀਭ ਉਪਰ ਮੈਲ ਜੰਮ ਜਾਣੀ, ਕੁਝ ਖਾਣ ਨੂੰ ਜੀਅ ਨਾ ਕਰਨਾ, ਸਿਰ ਦਰਦ ਚੱਕਰ ਪੇਟ ਅਤੇ ਮੱਥਾ ਭਾਰੀ ਰਹਿਣਾ, ਲਗਾਤਾਰ ਕਬਜ਼ ਰਹਿਣ ਨਾਲ ਬਵਾਸੀਰ ਜੈਸੇ ਰੋਗ ਵੀ ਹੋ ਜਾਂਦੇ ਹਨ।

ਕਬਜ਼ ਰਹਿਣ ਨਾਲ ਮਲ ਥੋਡੀ ਆਂਤ ਵਿਚ ਇਕੱਠਾ ਹੁੰਦਾ ਰਹਿੰਦਾ ਹੈ ਜਿਸ ਕਰਕੇ ਆਂਤ ਫੁੱਲ ਜਾਂਦੀ ਹੈ। ਮਲ ਸੁੱਕ ਕੇ ਗੱਠਾਂ ਦਾ ਰੂਪ ਧਾਰਾ ਲੈਂਦਾ ਹੈ। ਜਿਸ ਕਰਕੇ ਪੇਟ ਦਰਦ ਰਹਿਣ ਲੱਗ ਜਾਂਦਾ ਹੈ। ਆਂਤੜੀਆਂ ਵਿਚ ਜ਼ਖਮ ਵੀ ਹੋ ਜਾਂਦੇ ਹਨ ਅਤੇ ਪੇਟ ਵਿਚ ਸੋਜ ਵੀ ਹੋ ਜਾਂਦੀ ਹੈ। ਝੁਕਣ ਨਾਲ ਵੀ ਕਮਰ ਵਿਚ ਦਰਦ ਹੁੰਦਾ ਰਹਿੰਦਾ ਹੈ।

ਕਬਜ਼ ਦਾ ਮੁੱਖ ਕਾਰਨ - ਸਭ ਤੋਂ ਵੱਡਾ ਕਾਰਨ ਬਜਾਰੂ ਚਾਹ ਜਾਂ ਕਾਫੀ ਹੈ। ਸਵੇਰੇ ਹੀ ਕਬਜ਼ ਦੂਰ ਕਰਨ ਵਾਸਤੇ ਬਹੁਤ ਸਾਰੇ ਲੋਕ ਬੈੱਡ ਟੀ ਪੀਂਦੇ ਹਨ। ਇਸ ਨਾਲ ਥੋੜ੍ਹੀ ਉਤੇਜਨਾ ਆ ਜਾਂਦੀ ਹੈ। ਇਸ ਨਾਲ ਪਿਸ਼ਾਬ ਦੇ ਰੋਗਾਂ ਦੀ ਸ਼ਿਕਾਇਤ ਅਤੇ ਗੁਰਦੇ ਕਮਜ਼ੋਰ ਹੋਣ ਲੱਗ ਜਾਂਦੇ ਹਨ। ਜਦ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਉੱਠ ਕੇ ਖਾਲੀ ਪੇਟ ਰੁੱਤ ਅਨੁਸਾਰ ਪਾਣੀ ਪੀਣਾ ਚਾਹੀਦਾ ਹੈ। ਕਬਜ਼ ਅਨੇਕਾਂ ਰੋਗਾਂ ਦੀ ਮਾਂ ਹੈ। ਕਬਜ਼ ਹੋਣ ਨਾਲ ਸੁਭਾਅ ਦਾ ਚਿੜਚਿੜਾ ਹੋਣਾ, ਅੰਗਾਂ ਵਿਚ ਜਲਣ, ਹੱਡ ਫੁੱਟਣੀ ਬਣੀ ਰਹਿਣੀ, ਸਿਰ ਦਰਦ, ਜ਼ੁਕਾਮ ਜੀਭ ਦੇ ਛਾਲੇ, ਗਲੇ ਦੀ ਖਰਾਬੀ, ਮਾਨਸਿਕ ਸੰਤੁਲਨ ਦਾ ਨਾ ਰਹਿਣਾ।

ਆਲਸ ਕਰਕੇ ਪਖਾਨੇ ਜਾਣ ਦੀ ਘੋਲ ਕਰਨੀ ਹਾਜ਼ਤ ਹੋਣਾ ਵੀ ਮਲ ਦਾ ਵੇਗ ਰੋਕਣਾ ਬਾਰ-ਬਾਰ ਜੁਲਾਬ ਲੈਣਾ, ਬਦਹਜ਼ਮੀ, ਖੁਰਾਕ ਦਾ ਨਾ ਪਚਣਾ ਆਦਿ।

ਸ਼ਾਸਤਰਾਂ ਵਿਚ ਮਨੁੱਖ ਵਾਸਤੇ ਸਵੇਰੇ ਸ਼ਾਮ ਭੁੱਖ ਲੱਗਣ ਤੇ ਦੋ ਵਕਤ ਭੋਜਨ ਖਾਣ ਦਾ ਬਿਧਾਨ ਹੈ, ੨੪ ਘੰਟਿਆਂ ਵਿਚ ਇੱਕ ਜਾਂ ਦੋ ਵਾਰ ਦਿਸ਼ਾ ਜਾਣ ਦਾ ਨਿਯਮ ਠੀਕ ਦੱਸਿਆ ਹੈ।

ਕਬਜ਼ ਨਾਸ਼ਕ ਕੁਝ ਸੁਖੈਨ ਚੁਟਕਲੇ -

1. ਪੰਚਸਕਾਰ ਚੂਰਨ - ਸਰਨਾ 10 ਗ੍ਰਾਮ, ਸੁੰਢ 20 ਗ੍ਰਾਮ, ਸੇਂਧਾ ਲੂਣ 10 ਗ੍ਰਾਮ, ਛੋਟੀ ਹਰੜ 50 ਗ੍ਰਾਮ, ਸੌਂਫ 20 ਗ੍ਰਾਮ, ਅਰਿੰਡ ਦਾ ਤੇਲ 10 ਗ੍ਰਾਮ (ਕਾਸਟਰਾਇਲ)

ਵਿਧੀ - ਹਰੜਾਂ ਅਤੇ ਸੁੰਢ ਨੂੰ ਕੁੱਟ ਕੇ ਵਿੱਚ ਸੌਂਫ ਪਾ ਕੇ ਅਰਿੰਡ ਦੇ ਤੇਲ ਵਿਚ ਥੋੜ੍ਹਾ ਜਿਹਾ ਸੇਕ ਲਵਾ ਲਵੋ। ਜਦੋਂ ਹਰੜਾਂ ਫੁੱਲ ਜਾਣ ਉਸ ਵਿਚ ਸਰਨਾ ਤੇ ਲੈਣ ਪਾ ਕੇ ਕੱਪੜ ਛਾਣ ਕਰ ਲਵੋ। ਇਹ ਚੂਰਨ ਢੱਕਣ ਵਾਲੀ ਸ਼ੀਸ਼ੀ ਵਿੱਚ ਪਾ ਲਵੋ।

ਖੁਰਾਕ - ਪੰਜ ਤੋਂ ਛੇ ਗ੍ਰਾਮ ਸੌਣ ਵੇਲੇ ਰੋਟੀ ਤੋਂ ਡੇਢ ਘੰਟਾ ਬਾਅਦ ਗਰਮ ਪਾਣੀ ਨਾਲ ਲਵੋ।

ਗੁਣ - ਇਸ ਨਾਲ ਭੁੱਖ ਲੱਗਦੀ ਹੈ, ਗੈਸ ਨਿਕਲਦੀ ਹੈ। ਸਵੇਰੇ ਉੱਠਦੇ ਹੀ ਇੱਕ-ਦੋ ਝਾੜ ਆ ਜਾਂਦੇ ਹਨ। ਪੇਟ ਵਿੱਚ ਮਰੋੜ ਵਗੈਰਾ ਦੀ ਕੋਈ ਤਕਲੀਫ ਨਹੀਂ ਹੁੰਦੀ। ਇਸ ਦਾ ਕੋਈ ਮਾੜਾ ਪ੍ਰਭਾਵ ਨਹੀਂ ਹੈ।

2. ਈਸਵਗੋਲ ਦਾ ਬੁਰਾਦਾ ਸੌ ਗ੍ਰਾਮ, ਸੁੰਢ ਦਾ ਚੂਰਨ ੩● ਗ੍ਰਾਮ, ਭੁੰਨੀ ਹੋਈ ਸੌਂਫ ਦਾ ਚੂਰਨ ਸੌ ਗ੍ਰਾਮ ਤਿੰਨਾਂ ਨੂੰ ਮਿਲਾ ਕੇ ਰੱਖੋ।

ਖੁਰਾਕ - ਛੇ ਤੋਂ ਬਾਰ੍ਹਾਂ ਗ੍ਰਾਮ ਤੱਕ ਰਾਤ ਨੂੰ ਸੌਣ ਵਖਤ ਗਰਮ ਦੁੱਧ ਨਾਲ ਲਵੇ ਸਵੇਰੇ ਪੇਟ ਸਾਫ ਹੋ ਜਾਂਦਾ ਹੈ ਗੈਸ ਵੀ ਨਹੀਂ ਬਣਦੀਪ

3. ਤ੍ਰਿਫਲਾ ਚੂਰਨ - ਵੱਡੀ ਹਰੜ ਦੀ ਛਿੱਲ ਦਾ ਚੂਰਨ, ਵਹੇਵੇ ਦੇ ਛਿਲਕੇ ਦਾ ਚੂਰਨ, ਔਲੇ ਦਾ ਚੂਰਨ ਤਿੰਨਾਂ ਨੂੰ ਬਰਾਬਰ ਲੈ ਕੇ ਕੁੱਟ ਕੇ ਬਰੀਕ ਛਾਣ ਕੇ ਰੱਖੋ।

ਖੁਰਾਕ - ਚਾਰ ਤੋਂ ਛੇ ਗ੍ਰਾਮ ਸੌਣ ਵੇਲੇ ਪਾਣੀ ਨਾਲ ਜਾਂ ਰਾਤ ਨੂੰ ਸੌ ਗ੍ਰਾਮ ਪਾਣੀ ਵਿਚ ਭਿਉਂ ਕੇ ਸਵੇਰੇ ਖਾਲੀ ਪੇਟ ਪੀਓ। ਇਸ ਨਾਲ ਦਸਤ ਖੁੱਲ ਕੇ ਆਉਂਦਾ ਹੈ ਅਤੇ ਸਿਹਤ ਲਈ ਵੀ ਰਸਾਇਣ ਦਾ ਕੰਮ ਕਰਦਾ ਹੈ।

4. ਕਾਲੀਆਂ ਦਾਖਾਂ ਬੀਜ ਕੱਢ ਕੇ ਦੱਸ ਤੋਂ ਪੰਦਰਾਂ ਨਗ ਚੰਗੀ ਤਰ੍ਹਾਂ ਚੱਬ-ਚੱਬ ਖਾਓ। ਇਸ ਨਾਲ ਵੀ ਕਬਜ਼ ਖੁੱਲ੍ਹ ਜਾਂਦੀ ਹੈ।

5. ਵਧੀਆ ਗੁਲੂਕੰਦ ਵੀਹ ਤੋਂ ਤੀਹ ਗ੍ਰਾਮ ਤੱਕ ਅੱਧਾ ਕਿਲੋ ਗਰਮ ਦੁੱਧ ਨਾਲ ਲਵੇ। ਸਵੇਰੇ ਪੇਟ ਸਾਫ ਹੋ ਜਾਂਦਾ ਹੈ।

6. ਛੋਟੀ ਹਰੜ, ਕਾਲੀ ਮੁਨੱਕਾ, ਬਦਾਮ ਦੀ ਗਿਰੀ, ਗੁਲਾਬ ਦੇ ਫੁੱਲ, ਸਭ ਦਾ ਬਰਾਬਰ ਵਜ਼ਨ ਲੈ ਕੇ ਕੁੱਟ ਪੀਸ ਲਵੋ।

ਖੁਰਾਕ - ਪੰਜ ਤੋਂ ਦਸ ਗ੍ਰਾਮ ਰਾਤ ਨੂੰ ਸੌਣ ਵੇਲੇ ਗਰਮ ਦੁੱਧ ਨਾਲ ਲਵੋ।

੭. ਸਵੇਰੇ ਕਾਲੀ ਪੇਟ ਜਾਂ ਰਾਤ ਨੂੰ ਸੋਣ ਵੇਲੇ ਦੋ ਚਮਚ ਬਦਾਮ ਰੋਗਨ ਜਾਂ ਜੈਤੂਨ ਦਾ ਤੇਲ ਜਾਂ ਅਰਿੰਡ ਦਾ ਤੇਲ

(ਕਾਸਟਰਾਇਲ) ਦੁੱਧ ਵਿਚ ਮਿਲਾ ਕੇ ਪੀਵੇ।

8. ਗਰਮ-ਗਰਮ ਦੁੱਧ ਸੌਣ ਵੇਲੇ ਪਣਿਾ ਵੀ ਕਬਜ਼ ਲਈ ਬਹੁਤ ਲਾਭਕਾਰੀ ਹੈ।

9 **ਕਬਜ਼ ਵਾਸਤੇ ਕਾੜ੍ਹਾ –** ਉਨਾਭ, ਲਸੂੜੇ, ਖਸ (ਪੰਨੀ ਦੀ ਜੜ੍ਹ) ਗੁਲਾਬ ਦੇ ਫੁੱਲ, ਦਾਖ, ਅੰਜੀਰ, ਖੀਰੇ ਦੇ ਬੀਜ, ਕੱਕੜੀ ਦੇ ਬੀਜ, ਸੌਂਫ, ਕਾਸਨੀ, ਮੁਲੱਠੀ, ਵੱਡੀ ਹਰੜ ਦਾ ਛਿਲਕਾ, ਅਮਲਤਾਸ ਦਾ ਗੁੱਦਾ, ਸਰਨਾ, ਨੀਲੋਫਰ, ਹੰਸਪਦੀ; ਸਭ ਚੀਜ਼ਾਂ ਤਿੰਨ-ਤਿੰਨ ਗ੍ਰਾਮ ਕੁੱਟ ਕੇ ਇੱਕ ਲੀਟਰ ਪਾਣੀ ਵਿੱਚ ਰਾਤ ਨੂੰ ਭਿਉਂ ਕੇ ਸਵੇਰੇ ਮਿੱਠੀ-ਮਿੱਠੀ ਅੱਗ ਤੇ ਉਬਾਲੋ। ਜਦੋਂ ਪਾਣੀ ੧੫● ਗ੍ਰਾਮ ਰਹਿ ਜਾਵੇ ਕੱਪੜੇ ਨਾਲ ਨਿਚੋੜ ਕੇ ਕੋਸਾ-ਕੋਸਾ ਖਾਲੀ ਪੇਟ ਪੀਓ। ਇਸ ਤਰ੍ਹਾਂ ਸੱਤ ਦਿਨ ਵਰਤੋਂ ਕਰਨ ਨਾਲ ਅਤੇ ਮੂੰਗੀ ਚੌਲਾਂ ਦੀ ਖਿਚੜੀ ਦੀ ਵਰਤੋਂਨ ਵੀ ਇੱਕ ਹਫਤਾ ਕਰੇ। ਇਸ ਨਾਲ ਕਬਜ਼ ਤੋਂ ਫਾਇਦਾ ਹੁੰਦਾ ਹੈ।

ਇਹ ਦੂਛਾਦਾ ਗਰਮ ਪ੍ਰਕ੍ਰਿਤੀ ਵਾਲਿਆਂ ਲਈ ਬਹੁਤ ਹੀ ਲਾਭਕਾਰੀ ਹੈ।

ਨੋਟ - ਜੇਕਰ ਅਫਾਰਾ ਜਲੋਧਰ (ਪੇਟ ਵਿਚ ਪਾਣੀ ਭਰ ਕੇ ਪੇਟ ਵਧ ਜਾਣਾ) ਜਿਗਰ ਤਿੱਲੀ ਵੱਧ ਜਾਣ ਕਰਕੇ ਕਬਜ਼ ਹੋਵੇ ਤਾਂ ਕਿਸੇ ਯੋਗ ਚਿਕਿਤਸਕ (ਵੈਦ, ਡਾਕਟਰ) ਨੂੰ ਮਿਲੋ।

ਸਿਹਤ ਲਈ ਵਰਦਾਨ

ਮੇਘ ਹਰਬਲ ਚਾਹ ਇਹ ਕੁਦਰਤੀ ਜੜ੍ਹੀਆਂ ਬੂਟੀਆਂ ਦਾ ਮਿਸ਼ਰਨ ਹੈ, ਸੁਗੰਧਤ, ਚੁਸਤੀ, ਫੁਰਤੀਦਾਇਕ, ਬੁੱਧੀ ਵਰਧਕ, ਦਿਲ ਤੇ ਸ਼ੂਗਰ ਦੇ ਮਰੀਜ਼ਾਂ ਲਈ ਲਾਭਕਾਰੀ, ਤੇਜ਼ਾਬ ਬਣਨ ਤੋਂ ਹਟਾਵੇ ਪੇਟ ਗੈਸ ਦੂਰ ਕਰਦੀ ਹੈ ਅਤੇ ਸਵਾਦਿਸ਼ਟ ਹੈ, ਬਿਮਾਰੀਆਂ ਦੇ ਬਚਾਓ ਲਈ ਇਸ ਦੀ ਰੋਜ਼ ਵਰਤੋਂ ਕਰੋ ਜੀ।

****

(ਪੰਨਾ 61 ਦੀ ਬਾਕੀ)

ਹੋ, ਪਰ ਪ੍ਰਾਣਾਯਾਮ ਜਾਂ ਤਾਂ ਪਤਝੜ ਦੇ ਮੌਸਮ ਭਾਵ ਸਤੰਬਰ, ਅਕਤੂਬਰ, ਨਵੰਬਰ ਵਿਚ ਸ਼ੁਰੂ ਕਰਨੀ ਚਾਹੀਦੀ ਹੈ ਜਾਂ ਫੇਰ ਬਸੰਤ ਰੁੱਤ ਵਿਚ ਫਰਵਰੀ, ਮਾਰਚ, ਅਪ੍ਰੈਲ ਵਿਚ ਇਨ੍ਹਾਂ ਸਮਿਆਂ ਵਿਚ ਮੌਸਮ ਸਾਵਾਂ ਹੁੰਦਾ ਹੈ, ਠੀਕ ਹੁੰਦਾ ਹੈ, ਪ੍ਰਾਣਾਯਾਮ ਦਾ ਅਭਿਆਸ ਕਦੇ ਵੀ, ਬਹੁਤ ਗਰਮੀ ਜਾਂ ਬਹੁਤ ਸਰਦੀ ਵਿਚ ਨਹੀਂ ਸ਼ੁਰੂ ਕਰਨਾ ਚਾਹੀਦਾ, ਇਸ ਤਰ੍ਹਾਂ ਕਰਨਾ ਨਾਲ ਬਹੁਤ ਵਾਰੀ ਕਈ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ, ਜੇ ਤੁਸੀਂ ਬਹੁਤ ਗਰਮੀ ਜਾਂ ਸਰਦੀ ਵਿਚ ਸ਼ੁਰੂ ਕਰੋ, ਗਰਮੀਆਂ ਵਿਚ ਤੁਸੀਂ ਅੰਮ੍ਰਿਤ ਵੇਲੇ ਦੀ ਵਰਤੋਂ ਕਰ ਸਕਦੇ ਹੋ, ਉਸ ਸਮੇਂ ਪ੍ਰਾਣਾਯਾਮ ਦਾ ਅਭਿਆਸ ਕਰ ਸਕਦੇ ਹੋ।

ਬਸੰਤ ਰੁੱਤ ਅਤੇ ਪਤਝੜ ਵਿਚ ਵਾਯੂ ਸ਼ੁੱਧ ਹੁੰਦੀ ਹੈ, ਵਾਸਤਵ ਵਿਚ ਵਾਯੂ ਦਾ ਬਦਲਾਅ, ਸਰੀਰ ਦੀ ਫੁਰਤੀ ਸਰੀਰ ਦੇ ਕੰਮ ਕਾਜ ਤੇ ਬਹੁਤ ਪ੍ਰਭਾਵ ਪਾਉਂਦਾ ਹੈ ਇਸ ਨਾਲ ਮਨ ਦੀ ਸ਼ਕਤੀ ਮਨ ਦੀ ਸੋਚ ਸ਼ਕਤੀ ਤੇ ਵੀ ਪ੍ਰਭਾਵ ਪੈਂਦਾ ਹੈ, ਜਦੋਂ ਅਸਮਾਨ ਸਾਫ ਹੋਵੇ, ਮੌਸਮ ਸਮਤਲ ਹੋਵੇ ਇਸ ਤਰ੍ਹਾਂ ਸਰੀਰ ਫੁਰਤੀਲਾ ਸ਼ਕਤੀਸ਼ਾਲ ਹੈ, ਤੁਸੀਂ ਖਿੜੇ ਰਹਿੰਦੇ ਹੋ, ਉਤਸ਼ਾਹ ਭਰਪੂਰ ਰਹਿੰਦੇ ਹੋ

ਜਦੋਂ ਮੌਸਮ ਝੜ ਵਾਲਾ ਹੋਵੇ, ਧੁੰਦ ਹੋਵੇ, ਮੀਂਹ ਹੋਵੇ ਸਰੀਰ ਨਿਢਾਲ ਹੁੰਦਾ ਹੈ, ਭਾਰਾ-ਭਾਰਾ ਹੁੰਦਾ ਹੈ, ਸੁਸਤ ਹੁੰਦਾ ਹੈ, ਜਦੋਂ ਤਾਪਮਾਨ ਵਧਦਾ ਹੈ ਭਾਵ ਉਪਰ ਜਾਂਦਾ ਹੈ, ਹਵਾ ਠੰਢੀ ਹੁੰਦੀ ਹੈ, ਸ਼ਾਂਤ ਸਥਿਰ ਹੁੰਦੀ ਹੈ, ਸਰੀਰ ਵਧੇਰੇ ਰਿਸ਼ਟ-ਪੁਸ਼ਟ ਹੁੰਦਾ ਹੈ, ਭੁੱਖ ਠੀਕ ਵਧੇਰੀ ਲਗਦੀ ਹੈ, ਖੁਸ਼ਕ ਸਾਫ, ਠੰਢਾ ਮੌਸਮ ਸਰੀਰ ਨੂੰ ਚੁਸਤ, ਫੁਰਤੀਲਾ ਰਖਦੀ ਹੈ, ਇਸ ਨਾਲ ਰੇਸ਼ਾ ਠੀਕ ਰਹਿੰਦਾ ਹੈ, ਸਰੀਰ ਦੀ ਹਿਲਜੁਲ ਵਧੇਰੇ ਹੁੰਦੀ ਹੈ, ਸਰੀਰ

ਦੇ ਅੰਦਰ ਦਾ ਪਾਣੀ ਤੇ ਖੂਨ ਵਧੇਰੇ ਦੌਰਾ ਕਰਦਾ ਹੈ। ਠੰਢੀ ਹਵਾ, ਸਿੱਲੀ ਹਵਾ ਸਿਹਤ ਲਈ ਵਧੇਰੇ ਹਾਨੀਕਾਰਕ ਹੈ, ਖੁਸ਼ਕ ਹਵਾ ਐਨੀ ਖਰਾਬ ਨਹੀਂ ਕਰਦੀ, ਸਿਲੀ ਹਵਾ ਹਿੱਲਜੁਲ ਹਰ ਤਰ੍ਹਾਂ ਦੀ ਗਤੀ ਕ੍ਰਿਆ ਭਾਰੀ ਕਰ ਦਿੰਦੀ ਹੈ, ਸਰੀਰ ਦੇ ਰੋਮ ਬੰਦ ਕਰ ਦਿੰਦੀ ਹੈ, ਸਰੀਰ ਦੀ ਖੁਸ਼ਕ ਹਵਾ ਸਰੀਰ ਦੀ ਚਾਲ ਨੂੰ ਨਿਸਲ ਕਰਕੇ ਖੂਨ ਦੇ ਦੌਰੇ ਨੂੰ ਹੌਲੀ ਕਰ ਦਿੰਦੀ ਹੈ, ਸਿਰ ਦੇ, ਫੇਫੜਿਆਂ ਦੇ ਤੇ ਜੋੜਾਂ ਦੇ ਸੱਲ ਬੰਦ ਕਰ ਦਿੰਦੀ ਹੈ। ਸਿੱਲਾ, ਧੁੰਦ ਵਾਲਾ ਵਾਤਾਵਰਣ ਜੇਕਰ ਦੇਰ ਤਕ ਰਹੇ ਜਿਵੇਂ ਝੀਲ ਦੇ ਨੇੜੇ ਜਾਂ ਸਮੁੰਦਰ ਦੇ ਤਟ ਤੇ ਉਸ ਨਾਲ ਰੋਗ ਉਤਪੰਨ ਹੁੰਦੇ ਹਨ।

ਪਤਝੜ ਦੇ ਗੂੜ੍ਹੇ ਝੜ ਮੀਂਹ ਦੇ ਮੌਸਮ ਜਦੋਂ ਜਦੋਂ ਦੱਖਣੀ ਹਵਾ ਚਲਦੀ ਹੈ ਜੀਵਨ ਸੁਸਤ ਹੋ ਜਾਂਦਾ ਹੈ, ਰਾਤਾਂ ਲੰਮੀਆਂ ਹੋਣ ਕਾਰਣ ਵਧੇਰੇ ਸੌਣਾ, ਪਸੀਨਾ ਤਾਂ ਉੱਕਾ ਹੀ ਨਹੀਂ ਆਉਂਦਾ, ਨਬਜ਼ ਹੌਲੀ ਹੋ ਜਾਂਦੀ ਹੈ, ਮੱਧਮ ਹੋ ਜਾਂਦੀ ਹੈ। ਸਰਦੀ ਦੇ ਦਿਨਾਂ ਵਿਚ ਨਬਜ਼ ਠੀਕ ਹੁੰਦੀ ਥੋੜ੍ਹੀ ਸ਼ਕਤੀਸ਼ਾਲ ਹੋ ਜਾਂਦੀ ਹੈ। ਮਈ ਦੇ ਮਹੀਨੇ ਨਬਜ਼ ਸਖਤ ਤੇਜ਼ ਹੋ ਜਾਂਦੀ ਹੈ, ਗਰਮੀ ਦੇ ਅੱਧ ਵਿੱਚ ਤੇਜ਼ ਹੋ ਜਾਂਦੀ ਹੈ ਪਰ ਸਖਤ ਨਹੀਂ। ਸੋ ਸੁਅਸਥ ਵਾਤਾਵਰਣ ਤੇ ਠੀਕ ਅਬੋਹਵਾ ਪ੍ਰਾਣਾਯਾਮ ਦਾ ਅਭਿਆਸ ਵਧੇਰੇ ਪ੍ਰਭਾਵਿਕ ਕਰ ਦਿੰਦਾ ਹੈ।

****

ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

ਮਹੀਨੇ ਦੇ ਹਰ ਐਤਵਾਰ ਨੂੰ ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

ਸੰਗਰਾਂਦ - **14 ਅਪ੍ਰੈਲ**, ਦਿਨ ਵੀਰਵਾਰ (ਸਵੇਰ ਦੇ ਸਮੇਂ **7.00** ਵਜੇ ਤੋਂ **9.00** ਵਜੇ ਤੱਕ)

ਚੜ੍ਹਦੀ ਪੂਰਨਮਾਸ਼ੀ- 17 ਅਪ੍ਰੈਲ, ਦਿਨ ਐਤਵਾਰ (ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

ਜ਼ਰੂਰੀ ਸੂਚਨਾ - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜ਼ੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

ਨਿਰਮਲ ਡੇਰਾ ਹਿਰਦਾਪੁਰ ਖੇੜੀ - ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

		ਪੰਜਾਬੀ	ਹਿੰਦੀ
1.	ਸੁਰਤਿ ਸਬਦਿ ਮਾਰਗ	50/	70/-
2.	ਕਿਵ ਕੂੜੈ ਤੁਟੈ ਪਾਲਿ	40/-	35/-
3.	ਬਾਤ ਅਗੰਮ ਕੀ -ਸੱਤ ਭਾਗਾਂ ਵਿਚ	155/-	235/-
4.	ਕਿਵ ਸਚਿਆਰਾ ਹੋਈਐ -੧	30/-	35/-
5.	ਕਿਵ ਸਚਿਆਰਾ ਹੋਈਐ -੨	60/-	65/-
6.	ਕਿਵ ਸਚਿਆਰਾ ਹੋਈਐ - ੩	100/-	100/-
7.	ਹੋਵੈ ਅਨੰਦੁ ਘਣਾ	25/-	30/-
8.	ਚਉਥੈ ਪਹਰਿ ਸਬਾਹ ਕੈ	55/-	60/-
9.	ਸੁਰਤਿਆਂ ਉਪਜੈ ਚਾਉ	40/-	40/-
10.	ਬਾਬਾਣੀਆਂ ਕਹਾਣੀਆਂ	50/-	50/-
11.	ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ	10/-	10/-
12.	ਅੰਮ੍ਰਿਤ ਫੁਹਾਰ	10/-	10/-
13.	ਅਗੰਮ ਅਗੋਚਰ ਦਾ ਮਾਰਗ	60/-	70/-
14.	ਪੁਰਾਤਨ ਟੀਕਾ - ਜਪੁਜੀ ਸਾਹਿਬ	10/-	15/-
15.	ਅਮਰ ਜੋਤਾਂ	15/-	15/-
1੬.	ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ	100/-	
18.	ਅਮਰ ਗਾਥਾ	100/-	100/-
19.	ਧਰਮ ਯੁਧ ਕੇ ਚਾਇ	50/-	
20.	ਪਵਿਤਰ ਪੈਂਡਾ	25/-	
21.	ਭਗਤ ਪ੍ਰਹਿਲਾਦ	10/-	10/-
22.	ਵੈਸਾਖੀ	10/-	
23.	ਰਾਜ ਯੋਗ	40/-	
24.	ਸਾਜਨ ਚਲੇ ਪਿਆਰਿਆ	10/-	10/-
25.	ਅਬਿਨਾਸੀ ਜੋਤ ਭਾਗ-1	90/-	90/-
26.	ਅਬਿਨਾਸੀ ਜੋਤ ਭਾਗ-2	90/-	90/-
27.	ਰੂਹਾਨੀ ਗੁਲਦਸਤਾ -1	60/-	60/-
28.	ਰੂਹਾਨੀ ਗੁਲਦਸਤਾ - 2	60/-	60/-
29.	ਸੰਤ ਤੁਮਾਰੇ ਤੁਮਰੇ ਪ੍ਰੀਤਮ	50/-	
30.	ਅੰਮ੍ਰਿਤ ਬਚਨ ਸਾਧ ਕੀ ਬਾਣੀ	80/-	
31.	ਗੁਰੂ ਅਮਰਦਾਸ ਪਰਸੀਐ	50/-	
32.	ਭਗਵਤ ਗੀਤਾ.............।	100/-	
33.	ਅਨੰਦਮਈ ਜੀਵਨ ਜਾਚ	50/-	
34.	ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ	**25**/-	
35.	ਅਨੁਭਵੀ ਪ੍ਰਵਚਨ	50/-	
36.	ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ	35/-	
37.	ਅੰਦਰਲੀ ਖੋਜ	130/-	
38.	ਸਿਮਰਤ ਕਹਾਂ ਨਹੀਂ	135/-	
39.	ਰੂਹਾਨੀ ਪ੍ਰਵਚਨ	35/-	
41.	'ਸੇਵਾ ਸਿਮਰਨ ਜੁਗਤੀਆਂ'	150/-	
42.	'ਮਾਨੁੱਖ ਤਨ ਦਾ ਪ੍ਰਯੋਜਨ'	160/-	
43.	'ਯੋਗਾ ਉਪਰ ਲੈਕਚਰ',	30/-	
44.	'ਕਰਮ ਬੰਧਨ ਤੋਂ ਮੁਕਤੀ' :-	30/-	
45.	**ਜੀਵਨ ਜੁਗਤਿ**	**300/-**	

	English Version	**Price**
1.	Baisakhi (ਵੈਸਾਖੀ)	Rs. 5/-
2.	How Rend The Veil of Untruth (ਕਿਵ ਕੂੜੈ ਤੁਟੈ ਪਾਲਿ)	Rs. 70/-
3.	Discourses on the Beyond-1 (ਬਾਤ ਅਗੰਮ ਕੀ ਭਾਗ -੧)	Rs 50/-
4.	Discourses on the Beyond -2 (ਬਾਤ ਅਗੰਮ ਕੀ ਭਾਗ -੨)	Rs. 50/-
5.	Discourses on the Beyond -3 (ਬਾਤ ਅਗੰਮ ਕੀ ਭਾਗ -੩)	Rs. 50/-
6.	Discourses on the Beyond -4 (ਬਾਤ ਅਗੰਮ ਕੀ ਭਾਗ -੪)	Rs. 60/-
7.	Discourses on the Beyond -5 (ਬਾਤ ਅਗੰਮ ਕੀ ਭਾਗ -੫)	Rs. 60/-
8.	The way to the imperceptible (ਅਗੰਮ ਅਗੋਚਰ ਦਾ ਮਾਰਗ)	Rs. 80/-
9.	The Lights Immortal (ਅਮਰ ਜੋਤਾਂ)	Rs. 20/-
10.	Transcendental Bliss (ਚਉਥੈ ਪਹਿਰ ਸਬਾਹ ਕੈ)	Rs. 70/-
11.	How to Know Thy Real Self-(Vol-1) (ਕਿਵ ਸਚਿਆਰਾ ਹੋਈਐ)	Rs. 80/-
12.	How to Know Thy Real Self-(Vol-2)	Rs. 80/-
13.	How to Know Thy Real Self-(Vol-3)	Rs. 110/-
14.	The Dawn of Khalsa Ideals	Rs. 10/-
15.	A Glimpse of His Holiness - Baba ji	Rs. 5/-
16.	Divine Word Contemplation Path', (ਸੁਰਤਿ ਸਬਦਿ ਮਾਰਗ)	Rs.150/–
17.	The Story of Immortality (ਅਮਰ ਗਾਥਾ)	Rs 260/–
18.	Why Not thy Contemplate the Lord ? (ਸਿਮਰਤ ਕਹਾ ਨਹੀਂ ?)	Rs 200/–


ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਬਾਨੀ ਮਹਾਂਪੁਰਖਾਂ ਦਾ ਸਰੀਰਕ ਆਗਮਨ ਦਿਵਸ 17 ਜੂਨ ਨੂੰ ਮਹਾਨ ਕਰਮ ਭੂਮੀ ਪਵਿੱਤਰ ਪਾਵਨ ਇਤਿਹਾਸਕ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਤੋਂ ਲੈ ਕੇ ਸ਼ਾਮ 4.00 ਵਜੇ ਤੱਕ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਗੁਰਮਤਿ ਸਮਾਗਮ ਕਰਕੇ ਬਹੁਤ ਹੀ ਸ਼ਰਧਾ ਸਤਿਕਾਰ ਪਿਆਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਆਓ ਅਤੇ ਹੋਰਨਾਂ ਨੂੰ ਲਿਆ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ